ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 36 | 05 September 2018 to 11 September 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com



03
■ ਭਾਈਚਾਰਾ
ਗੁਰਦੁਆਰਾ ਸਾਹਿਬ ਫਰੀਮਾਂਟ ਸਪੋਰਟਸ ਅਕੈਡਮੀ ਵੱਲੋਂ ਖੇਡਾਂ ਦੇ ਅਭਿਆਸ ਦਾ ਸ਼ਡਿਊਲ ਜਾਰੀ



09
■ ਖਾਸ ਰਿਪੋਰਟ
ਜਸਟਿਸ ਰਣਜੀਤ ਸਿੰਘ ਰਿਪੋਰਟ 'ਤੇ ਛਿੜੀ ਬਹਿਸ ਦਾ ਲੇਖਾ-ਜੋਖਾ



25
■ ਵਿਸ਼ੇਸ਼ ਰਿਪੋਰਟ
ਕਿਵੇਂ ਬੀਤ ਰਹੀ ਏ ਸੌਦਾ ਸਾਧ ਦੀ ਜੇਲ੍ਹ 'ਚ ਜ਼ਿੰਦਗੀ

ਜਸਟਿਸ ਰਣਜੀਤ ਸਿੰਘ ਕਮਿਸ਼ਨ ਰਿਪੋਰਟ 'ਤੇ ਵਿਧਾਨ ਸਭਾ ਵਿਚ ਹੋਈ ਇਤਿਹਾਸਕ ਬਹਿਸ ਬਾਰੇ 'ਰੋਜ਼ਾਨਾ ਪਹਿਰੇਦਾਰ' ਵਲੋਂ ਵੱਖ-ਵੱਖ ਵਿਦਵਾਨਾਂ ਦੇ ਲੇਖਾਂ ਦੀ ਲੜੀ ਛਾਪੀ ਗਈ ਸੀ। ਇਨ੍ਹਾਂ ਲੇਖਾਂ ਵਿਚੋਂ ਹੀ ਕੁੱਝ ਚੋਣਵੇਂ ਲੇਖ ਅੰਦਰ ਸਫ਼ਾ 9 ਤੋਂ 14 ਅਤੇ ਸਫ਼ਾ 23 ਅਤੇ 24 'ਤੇ ਪੜ੍ਹੇ ਜਾ ਸਕਦੇ ਹਨ। -ਸੰਪਾਦਕ

# ਗੁਰੂ ਦੀ ਬੇਅਦਬੀ ਦਾ ਕਲੰਕ ਲੱਗਣ ਤੋਂ ਬਾਅਦ ਬਾਦਲਾਂ ਦਾ ਸਿੰਘਾਸਨ ਡੋਲਿਆ

## ਆਪਣੇ 'ਪਾਪ' ਧੋਣ ਲਈ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੀ 'ਬਲੀ' ਦੇਣ ਦੀਆਂ ਤਰਕੀਬਾਂ

- **ਬਾਦਲਾਂ ਤੇ ਜਥੇਦਾਰਾਂ ਦੀ ਕਰੋੜਾਂ-ਅਰਬਾਂ ਦੀ ਜਾਇਦਾਦ ਦਾ ਮਾਮਲਾ ਭਖਿਆ**
- **ਸ਼੍ਰੋਮਣੀ ਅਕਾਲੀ ਦਲ ਦੀਆਂ ਸਫਾਂ ਵਿਚ ਡਰ ਦਾ ਮਾਹੌਲ**
- **ਜਸਟਿਸ ਰਿਪੋਰਟ ਦੇ ਖੁਲਾਸਿਆਂ ਤੋਂ ਬਾਅਦ ਅਕਾਲੀਆਂ ਦਾ ਘਰਾਂ 'ਚੋਂ ਨਿਕਲਣਾ ਹੋਇਆ ਔਖਾ**

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੀ ਰਾਜਨੀਤੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਵਿਚ ਬਾਦਲ ਪਰਿਵਾਰ ਤੇ ਸ਼੍ਰੋਮਣੀ ਅਕਾਲੀ ਦਲ ਬੁਰੀ ਤਰ੍ਹਾਂ ਘਿਰ ਕੇ ਰਹਿ ਗਿਆ ਹੈ। ਅੰਦਰਖਾਤੇ ਬਾਦਲ ਪਰਿਵਾਰ ਵਿਰੋਧੀ ਸੁਰਾਂ ਉਠਣੀਆਂ ਸ਼ੁਰੂ ਹੋ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਲਾਂਭੇ ਹੋਣ ਦਾ ਮਸ਼ਵਰਾ ਦੇਣ ਤੋਂ ਬਾਅਦ ਇਹ ਚਰਚਾ ਵੀ ਛਿੜ ਗਈ ਹੈ ਕਿ ਹੁਣ ਬਾਦਲ ਪਰਿਵਾਰ ਆਪਣੀ ਚਮੜੀ ਬਚਾਉਣ ਲਈ ਜਥੇਦਾਰ ਅਕਾਲ ਤਖਤ ਦੇ ਅਸਤੀਫੇ ਦੀ



ਚਾਲ ਖੇਡੇਗਾ। ਉਂਝ ਹਾਲਾਤ ਇਹ ਹਨ ਕਿ ਇਸ ਵੇਲੇ ਬਾਦਲ ਦਲੀਏ ਜੋ ਵੀ ਸਿਆਸੀ ਚਾਲ ਚੱਲਦੇ ਹਨ, ਉਹ ਹੀ ਪੁੱਠੀ ਪੈ ਜਾਂਦੀ ਹੈ। ਪਹਿਲਾਂ ਵਿਧਾਨ ਸਭਾ ਵਿਚ ਬੇਅਦਬੀ ਮਾਮਲੇ ਦੀ ਜਾਂਚ ਰਿਪੋਰਟ ਉਤੇ ਹੋਈ ਬਹਿਸ ਵਿਚੋਂ ਭੱਜਣ ਦੀ ਰਣਨੀਤੀ ਮਹਿੰਗੀ ਪਈ, ਹੁਣ ਸ. ਢੀਂਡਸਾ ਦਾ ਨਵੀਂ ਰਣਨੀਤੀ ਤਹਿਤ ਦਿੱਤਾ ਬਿਆਨ ਵੀ ਪੁੱਠਾ ਪੈ ਰਿਹਾ ਹੈ। ਅਕਾਲੀ ਦਲ ਦੇ ਹੋਰਨਾਂ ਆਗੂਆਂ ਨੇ ਵੀ ਅਕਾਲੀ ਦਲ ਦੀ ਉਚ ਲੀਡਰਸ਼ਿਪ ਖਿਲਾਫ ਸੁਰ ਕੱਢਣੇ ਸ਼ੁਰੂ ਕਰ ਦਿੱਤੇ ਹਨ। ਅਕਾਲੀ ਦਲ ਦੇ ਅੱਧੀ ਦਰਜਨ ਨੇਤਾਵਾਂ ਨਾਲ ਗੱਲਬਾਤ ਤੋਂ ਬਾਅਦ ਇਹ ਤੱਥ ਸਾਹਮਣੇ ਆਏ ਹਨ ਕਿ ਪਾਰਟੀ ਅੰਦਰ ਦੂਜੀ ਕਤਾਰ ਦੀ ਲੀਡਰਸ਼ਿਪ ਮਹਿਸੂਸ ਕਰਦੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਤਖ਼ਤਾਂ ਦੀ ਵੱਕਾਰ ਬਹਾਲੀ ਸਮੇਂ ਦੀ ਲੋੜ ਹੈ। ਸਿਆਸੀ ਮਾਹਰਾਂ ਮੁਤਾਬਕ ਇਸ ਨਾਜ਼ੁਕ ਮੋੜ ਉਤੇ ਅਕਾਲੀ ਲੀਡਰਸ਼ਿਪ 'ਚ ਬਾਗੀ ਸੁਰਾਂ ਦਾ ਉਠਣਾ ਬਾਦਲਾਂ ਲਈ ਖਤਰੇ ਦੀ ਘੰਟੀ ਹੈ।

ਪੰਜਾਬ ਵਿਧਾਨ ਸਭਾ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਉਤੇ ਹੋਈ ਬਹਿਸ ਤੋਂ ਬਾਅਦ ਬਾਦਲ ਪਰਿਵਾਰ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਕੁਝ ਹੀ ਸਾਲਾਂ ਵਿਚ ਬੇਤਹਾਸ਼ਾ ਵਧੀ ਜਾਇਦਾਦ ਉਤੇ ਸਵਾਲ ਉਠਣੇ ਸ਼ੁਰੂ ਹੋ ਗਏ ਹਨ। ਸੋਸ਼ਲ ਮੀਡੀਆ ਉਤੇ ਲੋਕ ਜਥੇਦਾਰ ਗੁਰਬਚਨ ਸਿੰਘ ਵੱਲੋਂ ਬੀਤੇ ਵਿਚ ਸਿਰਸੇਵਾਲੇ ਨੂੰ ਦਿੱਤੀ ਗਈ ਕਥਿਤ ਮੁਆਫੀ ਦਾ ਮੁੱਲ ਪਾ ਰਹੇ ਹਨ।

ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਪ੍ਰੈੱਸ ਕਾਨਫ਼ਰੰਸ ਕਰਕੇ ਸੁਖਬੀਰ ਬਾਦਲ, ਬਿਕਰਮ ਮਜੀਠੀਆ 'ਤੇ

ਬਾਕੀ ਸਫ਼ਾ 30 'ਤੇ

# ਫੂਲਕਾ ਨੇ ਬੇਅਦਬੀ ਦੇ ਵਿਰੋਧ 'ਚ ਲਿਆ ਇਤਿਹਾਸਕ ਸਟੈਂਡ

- **ਕੇਸ ਦਰਜ ਨਾ ਕਰਨ ਦੀ ਸੂਰਤ ਵਿਚ 5 ਮੰਤਰੀਆਂ ਤੋਂ ਅਸਤੀਫੇ ਦੀ ਮੰਗ**
- **ਕਾਂਗਰਸੀ ਮੰਤਰੀ ਹਰਵਿੰਦਰ ਸਿੰਘ ਫੂਲਕਾ ਦੇ ਬਿਆਨ ਤੋਂ ਤੜਫੇ**

**ਚੰਡੀਗੜ੍ਹ/ਬਿਊਰੋ ਨਿਊਜ਼ :**
ਆਮ ਆਦਮੀ ਪਾਰਟੀ ਦੇ ਵਿਧਾਇਕ ਤੇ ਸੀਨੀਅਰ ਨੇਤਾ ਹਰਵਿੰਦਰ ਸਿੰਘ ਫੂਲਕਾ ਨੇ ਚੰਡੀਗੜ੍ਹ ਪ੍ਰੈੱਸ ਕਲੱਬ ਵਿਚ ਇਕ ਪੱਤਰਕਾਰ ਸੰਮੇਲਨ ਦੌਰਾਨ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੇ ਵਿਰੋਧ ਵਿਚ ਇਤਿਹਾਸਕ ਸਟੈਂਡ ਲੈਂਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਸਾਬਕਾ ਪੁਲਿਸ ਮੁਖੀ ਸੁਮੇਧ ਸਿੰਘ ਸੈਣੀ ਤੇ ਡੇਰਾ ਸਿਰਸਾ ਮੁਖੀ ਵਿਰੁੱਧ 15 ਸਤੰਬਰ ਤੱਕ ਕੇਸ ਦਰਜ ਕਰਨ ਲਈ ਕਿਹਾ ਹੈ। ਫੂਲਕਾ ਨੇ ਇਹ ਵੀ ਕਿਹਾ ਕਿ ਜੇਕਰ 15 ਦਿਨਾਂ ਦੇ ਅੰਦਰ-ਅੰਦਰ ਸਰਕਾਰ ਵਲੋਂ ਕੇਸ ਦਰਜ ਕਰਨ ਸਬੰਧੀ ਕਾਰਵਾਈ ਨਹੀਂ ਹੁੰਦੀ ਤਾਂ ਪੰਜਾਬ ਦੇ ਪੰਜ ਮੰਤਰੀਆਂ ਮਨਪ੍ਰੀਤ ਸਿੰਘ ਬਾਦਲ, ਨਵਜੋਤ ਸਿੰਘ ਸਿੱਧੂ, ਸੁਖਜਿੰਦਰ ਸਿੰਘ ਰੰਧਾਵਾ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਤੇ ਚਰਨਜੀਤ ਸਿੰਘ ਚੰਨੀ ਨੂੰ ਮੰਤਰੀ ਅਹੁਦੇ ਦੇ ਨਾਲ-ਨਾਲ ਵਿਧਾਨ ਸਭਾ ਤੋਂ ਅਸਤੀਫ਼ਾ ਦੇਣਾ ਚਾਹੀਦਾ ਹੈ ਅਤੇ ਉਹ ਖ਼ੁਦ (ਐਚਐਸ. ਫੂਲਕਾ) ਵੀ ਬੇਅਦਬੀ ਸਬੰਧੀ ਅਸਤੀਫ਼ਾ ਦੇ ਦੇਣਗੇ। ਫੂਲਕਾ ਨੇ ਕਿਹਾ ਕਿ ਜੇਕਰ ਮਿੱਥੇ ਸਮੇਂ ਅੰਦਰ ਕਾਰਵਾਈ ਨਾ ਹੋਈ ਤੇ ਪੰਜੇ ਮੰਤਰੀਆਂ ਨੇ ਅਸਤੀਫ਼ੇ ਨਾ ਦਿੱਤੇ ਤਾਂ ਇਹ ਸਾਫ਼ ਹੋ ਜਾਵੇਗਾ ਕਿ ਬੇਅਦਬੀ ਮਾਮਲੇ ਦੀ ਮੰਤਰੀਆਂ ਨੂੰ ਕੋਈ ਪ੍ਰਵਾਹ ਨਹੀਂ ਜਿਨ੍ਹਾਂ ਨੇ ਵਿਧਾਨ ਸਭਾ ਵਿਚ ਲੰਬੇ ਚੌੜੇ ਭਾਸ਼ਣ ਦਿੱਤੇ ਸਨ।



ਫੂਲਕਾ ਨੇ ਕਿਹਾ ਕਿ 15 ਦਿਨਾਂ ਦੇ ਅੰਦਰ-ਅੰਦਰ ਜੇਕਰ ਸਰਕਾਰ ਅਕਾਲੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕਰਦੀ ਤਾਂ ਉਹ ਸਭ ਤੋਂ ਪਹਿਲਾਂ ਆਪਣੀ ਜ਼ਮੀਰ ਦੀ ਆਵਾਜ਼ ਸੁਣ ਕੇ ਅਸਤੀਫ਼ਾ ਦੇ ਦੇਣਗੇ। ਉਨ੍ਹਾਂ ਕਿਹਾ ਕਿ ਇਸ ਭਾਵਨਾਤਮਕ ਮਾਮਲੇ ਬਾਰੇ ਉਨ੍ਹਾਂ ਨੇ ਪਾਰਟੀ ਦੇ ਕਿਸੇ ਵੀ ਆਗੂ ਨਾਲ ਗੱਲ ਨਹੀਂ ਕੀਤੀ ਅਤੇ ਨਾ ਹੀ ਕਰਨ ਦੀ ਲੋੜ ਹੈ। ਫੂਲਕਾ ਨੇ ਕਿਹਾ ਕਿ ਕਾਂਗਰਸ ਇਨ੍ਹਾਂ ਮੁੱਦਿਆਂ 'ਤੇ ਸਿਆਸਤ ਕਰਨਾ ਚਾਹੁੰਦੀ ਹੈ ਤੇ ਹੁਣ ਤੱਕ ਕੋਈ ਵੀ ਠੋਸ ਕਦਮ ਨਹੀਂ ਚੁੱਕਿਆ ਗਿਆ। ਫੂਲਕਾ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੇ

ਬਾਕੀ ਸਫ਼ਾ 30 'ਤੇ

## ਪਾਕਿਸਤਾਨ 'ਚ ਅਜੇ ਵੀ ਲਾਗੂ ਨਹੀਂ ਹੋ ਸਕਿਆ ਆਨੰਦ ਮੈਰਿਜ਼ ਐਕਟ

**ਚੰਡੀਗੜ੍ਹ/ਬਿਊਰੋ ਨਿਊਜ਼ :** ਪਾਕਿਸਤਾਨ ਦੀ ਸਰਕਾਰ ਦੇ ਵੱਖ-ਵੱਖ ਸਮੇਂ ਸਿੱਖ ਆਨੰਦ ਕਾਰਜ ਬਿਲ ਬਾਰੇ ਕੀਤੇ ਦਾਅਵੇ ਥੋਥੇ ਸਾਬਤ ਹੋ ਰਹੇ ਹਨ। ਪਿਛਲੇ ਮਹੀਨੇ 11 ਅਗਸਤ ਨੂੰ ਲਹਿੰਦੇ ਪੰਜਾਬ ਦੀ ਸਾਬਕਾ ਅਸੈਂਬਲੀ ਵਲੋਂ ਆਪਣੇ ਕਾਰਜਕਾਲ ਦੇ ਅੰਤਿਮ ਦਿਨ ਅਨੰਦ ਕਾਰਜ ਬਿੱਲ ਨੂੰ ਅੰਤਿਮ ਰੂਪ ਦੇਣ ਦਾ ਦਾਅਵਾ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਇਸੇ ਵਰ੍ਹੇ 14 ਮਾਰਚ ਨੂੰ ਵੀ ਸਿੱਖ ਭਾਈਚਾਰੇ ਦੇ ਵਿਆਹਾਂ ਨੂੰ ਕਾਨੂੰਨੀ ਤੌਰ 'ਤੇ ਮਾਨਤਾ ਦੇਣ ਲਈ ਪੰਜਾਬ ਅਸੈਂਬਲੀ ਦੇ 34ਵੇਂ ਸੈਸ਼ਨ 'ਚ ਅਨੰਦ ਕਾਰਜ ਐਕਟ ਨੂੰ ਲਾਗੂ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਸੀ। ਇਹ ਬਿੱਲ 24 ਅਕਤੂਬਰ 2017 ਨੂੰ ਪੰਜਾਬ ਵਿਧਾਨ ਸਭਾ ਦੇ 32ਵੇਂ ਸੈਸ਼ਨ 'ਚ ਵੀ ਪੇਸ਼ ਕੀਤਾ ਗਿਆ ਸੀ। ਉਕਤ ਅਸੈਂਬਲੀ ਸੈਸ਼ਨ 'ਚ ਪਾਕਿ ਪੰਜਾਬ ਵਿਧਾਨ ਸਭਾ ਦੇ ਮੁੱਖ ਸੈਨੇਟਰ ਨੇ ਦਾਅਵਾ ਕੀਤਾ ਸੀ ਕਿ ਪਾਕਿ ਸਰਕਾਰ ਵਲੋਂ ਸਿੱਖ ਧਰਮ ਨੂੰ ਵੱਖਰੇ ਧਰਮ ਵਜੋਂ ਮਾਨਤਾ ਦਿੰਦਿਆਂ ਮੁੱਖ ਮੰਤਰੀ ਮੀਆਂ ਸ਼ਾਹਬਾਜ਼ ਸ਼ਰੀਫ਼ ਨੇ ਸਿੱਖ ਅਨੰਦ ਕਾਰਜ ਐਕਟ ਦੀ ਮਨਜ਼ੂਰੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਜਦਕਿ ਪਾਕਿਸਤਾਨ 'ਚ ਇਹ ਬਿੱਲ ਅਜੇ ਵੀ ਅੱਧ ਵਿਚਾਲੇ ਲਟਕਿਆ ਹੋਇਆ ਹੈ।

ਮਿਲੀ ਜਾਣਕਾਰੀ ਮੁਤਾਬਕ ਇਹ ਬਿੱਲ ਪਾਕਿ ਦੀਆਂ ਸੂਬਾਈ ਅਸੈਂਬਲੀ 'ਚ ਪੇਸ਼ ਕਰਨ ਅਤੇ ਇਸ ਨੂੰ ਲਾਗੂ ਕੀਤੇ ਜਾਣ ਦੇ ਦਾਅਵੇ ਪਾਕਿ ਸਰਕਾਰ ਅਤੇ ਉੱਥੋਂ ਦੇ ਸਿੱਖ ਨੇਤਾਵਾਂ ਵਲੋਂ ਕਈ ਵਾਰ ਕੀਤੇ ਜਾਂਦੇ ਰਹੇ ਹਨ ਜਦਕਿ ਹਕੀਕਤ 'ਚ ਪਾਕਿਸਤਾਨ ਦੀ ਕਿਸੇ ਵੀ ਸੂਬਾਈ ਅਸੈਂਬਲੀ ਵਲੋਂ ਇਹ ਬਿੱਲ ਲਾਗੂ ਨਹੀਂ ਕੀਤਾ

ਬਾਕੀ ਸਫ਼ਾ 32 'ਤੇ













ਵਰਕਰਾਂ ਦੀ ਲੋੜ
ਯੂਰੇਕਾ, (Eureka) ਕੈਲੀਫੋਰਨੀਆ ਵਿਖੇ ਰੈਂਸਟੋਰੈਂਟ ਵਿਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ।
ਰਿਹਾਇਸ਼ ਅਤੇ ਖਾਣਾ ਮੁਫ਼ਤ ਦਿੱਤਾ ਜਾਵੇਗਾ।
ਸੰਪਰਕ ਕਰੋ:
Gurpreet Singh Sohal :
707-498-9325
Email : redwoodpetroleum@gmail.com

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥

# ਗੁਰਦੁਆਰਾ ਸਾਹਿਬ ਫਰੀਮਾਂਟ

## ਵਿਖੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ

# ਮਹਾਨ ਸ਼ਹੀਦੀ ਸਮਾਗਮ

**09 ਸਤੰਬਰ 2018 ਦਿਨ ਐਤਵਾਰ**






ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ



ਸ਼ਹੀਦ ਭਾਈ ਦਿਲਾਵਰ ਸਿੰਘ

ਸਿੱਖ ਕੌਮ ਦੀ ਹਿੱਕ 'ਤੇ ਜੂਨ 1984 ਦੇ ਵਾਪਰੇ ਤੀਸਰੇ ਘੱਲੂਘਾਰੇ ਵਿਚ ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰਨ ਤੋਂ ਬਾਅਦ ਅਰੰਭੀ ਗਈ ਸਿੱਖ ਨਸਲਕੁਸ਼ੀ ਨੂੰ ਠੱਲ੍ਹ ਪਾਉਣ ਲਈ ਕੌਮੀ ਮਰਜੀਵੜਿਆਂ ਨੇ ਆਪਣੇ ਲਹੂ ਦਾ ਆਖਰੀ ਕਤਰਾ ਵਹਾ ਕੇ ਵਗ ਰਹੀ ਜੁਲਮੀ ਹਨ੍ਹੇਰੀ ਨੂੰ ਆਪਣੇ ਸਰੀਰ ਦਾ ਠੀਕਰਾ ਜ਼ਾਲਮਾਂ ਦੇ ਸਿਰ ਭੰਨ ਕੇ ਠੱਲ੍ਹ ਪਾਈ। ਕਾਂਗਰਸੀ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਪਾਪਾਂ ਦੀ ਸਜ਼ਾ ਭੁਗਤਾਉਣ ਲਈ ਸ਼ਹੀਦ ਭਾਈ ਦਿਲਾਵਰ ਸਿੰਘ ਨੇ ਮਨੁੱਖੀ ਬੰਬ ਬਣ ਕੇ ਸ਼ਹਾਦਤ ਪ੍ਰਾਪਤ ਕੀਤੀ। ਪੰਜਾਬ ਪੁਲਿਸ ਵਲੋਂ ਸਿੱਖਾਂ ਤੇ ਕੀਤੇ ਜ਼ੁਲਮਾਂ ਦੀ ਦਾਸਤਾਨ, 25000 ਤੋਂ ਉਪਰ ਸਿੱਖ ਨੌਜਵਾਨਾਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀਆਂ ਲਾਸ਼ਾਂ ਦੀ ਨਿਸ਼ਾਨਦੇਹੀ ਕਰਨ ਵਾਲੇ ਮਨੁੱਖੀ ਅਧਿਕਾਰ ਦੇ ਅਲੰਬਰਦਾਰ ਸਰਦਾਰ ਜਸਵੰਤ ਸਿੰਘ ਖਾਲੜਾ ਨੂੰ ਦਿਨ ਦਿਹਾੜੇ ਘਰੋਂ ਚੁੱਕ ਕੇ ਸ਼ਹੀਦ ਕੀਤਾ ਗਿਆ। ਇਨ੍ਹਾਂ ਮਹਾਨ ਸ਼ਹੀਦਾਂ ਦੀ ਯਾਦ ਨੂੰ ਮਨਾਉਂਦਿਆਂ ਹੋਇਆ **09 ਸਤੰਬਰ 2018 ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਵਿਸ਼ੇਸ਼ ਸ਼ਹੀਦੀ ਸਮਾਗਮ** ਹੋ ਰਿਹਾ ਹੈ, ਜਿਸ ਵਿਚ ਵਿਸ਼ੇਸ਼ ਤੌਰ 'ਤੇ ਸ਼ਹੀਦ ਭਾਈ ਦਿਲਾਵਰ ਸਿੰਘ ਦੀ ਮਾਤਾ ਬੀਬੀ ਸੁਰਜੀਤ ਕੌਰ ਅਤੇ ਸਰਦਾਰ ਜਸਵੰਤ ਸਿੰਘ ਖਾਲੜਾ ਦੀ ਸਪੁੱਤਰੀ ਬੀਬੀ ਨਵਕਿਰਨ ਕੌਰ ਖਾਲੜਾ ਹਾਜ਼ਰੀ ਭਰਨਗੇ। ਪੰਥ ਦੇ ਮਹਾਨ ਕੀਰਤਨੀਏ ਭਾਈ ਹਜ਼ਾਰਾ ਸਿੰਘ ਨਵਾਂਸ਼ਹਿਰ ਵਾਲੇ, ਪ੍ਰਸਿੱਧ ਕਥਾਵਾਚਕ ਗਿਆਨ ਸਾਹਿਬ ਸਿੰਘ ਜੀ ਕੈਨੇਡਾ ਵਾਲੇ ਅਤੇ ਪੰਥਕ ਬੁਲਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ।

***ਸਮੂਹ ਸੰਗਤਾਂ ਨੂੰ ਇਸ ਮਹਾਨ ਸ਼ਹੀਦੀ ਸਮਾਗਮ ਵਿਚ ਵੱਧ ਚੜ੍ਹ ਕੇ ਹਾਜ਼ਰੀਆਂ ਭਰਨ ਲਈ ਬੇਨਤੀ ਕੀਤੀ ਜਾਂਦੀ ਹੈ।***

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

## ਗੁਰਦੁਆਰਾ ਸਾਹਿਬ, ਫਰੀਮਾਂਟ ਕੈਲੀਫੋਰਨੀਆ

300 ਗੁਰਦੁਆਰਾ ਰੋਡ ਫਰੀਮਾਂਟ ਕੈਲੀਫੋਰਨੀਆ-94536, ਫੋਨ 510-790-0177

# ਵਿਸਕੌਂਸਿਨ ਦੇ ਓਕਕ੍ਰੀਕ ਗੁਰਦੁਆਰੇ ਵਿਚ ਵਾਪਰੇ ਦੁਖਾਂਤਕ ਗੋਲੀ ਕਾਂਡ ਦੀ ਛੇਵੀਂ ਵਰ੍ਹੇਗੰਢ ਮਨਾਈ

**ਵਿਸਕੌਂਸਿਨ/ਹੁਸਨ ਲੜੋਆ ਬੰਗਾ :**
ਹਾਊਸ ਡੈਮੋਕ੍ਰੇਟਿਕ ਕੌਕਸ ਚੇਅਰ ਜੋਅ ਕਰੌਲੀ (ਕੁਈਨਜ਼, ਬ੍ਰੋਕਸ) ਨੇ ਵਿਸਕੌਂਸਿਨ ਦੇ ਓਕ ਕ੍ਰੀਕ ਸਥਿਤ ਗੁਰਦੁਆਰੇ ਵਿਚ ਦੁਖਾਂਤਕ ਗੋਲੀ ਕਾਂਡ ਦੀ ਛੇਵੀਂ ਵਰ੍ਹੇਗੰਢ 'ਤੇ ਬਿਆਨ ਜਾਰੀ ਕਰਦਿਆਂ ਕਿਹਾ ਕਿ 'ਛੇ ਸਾਲ ਪਹਿਲਾਂ ਸ਼ਾਂਤੀਪੂਰਨ ਸਿੱਖ ਸੰਗਤਾਂ ਉਤੇ ਗੋਲੀ ਚਲਾ ਕੇ ਛੇ ਨਿਰਦੋਸ਼ਾਂ ਨੂੰ ਨਫ਼ਰਤ ਤਹਿਤ ਮਾਰ ਮੁਕਾਇਆ ਸੀ। ਅੱਜ ਅਸੀਂ ਭਰੇ ਦਿਲ ਨਾਲ ਇਸ ਦਿਨ ਨੂੰ ਯਾਦ ਕਰਦੇ ਹਾਂ। ਸਾਨੂੰ ਇਹ ਵੀ ਦੁੱਖ ਨਾਲ ਇਹ ਯਾਦ ਦਿਵਾਇਆ ਜਾਂਦਾ ਹੈ ਕਿ ਸਿੱਖ ਕੌਮ ਅਤੇ ਹੋਰ ਧਰਮਾਂ ਅਤੇ ਨਸਲਾਂ ਦੇ ਲੋਕ, ਕੱਟੜਪੰਥੀ ਅਤੇ ਹਿੰਸਾ ਦੇ ਨਿਸ਼ਾਨੇ 'ਤੇ ਬਣੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਅਸੀਂ ਓਕ ਕ੍ਰੀਕ ਤਰਾਸਦੀ ਦੇ ਪੀੜਤਾਂ ਲਈ ਜਦੋਂ ਇਕੱਠੇ ਹੁੰਦੇ ਹਾਂ ਤਾਂ ਅਸਹਿਣਸ਼ੀਲਤਾ ਵਿਰੁੱਧ ਲੜਾਈ ਦੀ ਸਾਡੀ ਵਚਨਬੱਧਤਾ ਹੋਰ ਮਜ਼ਬੂਤ ਹੋ ਜਾਂਦੀ ਹੈ।"

ਉਨ੍ਹਾਂ ਕਿਹਾ ਕਿ ਇਸ ਦੇਸ਼ ਵਿਚ ਕੋਈ ਵਿਅਕਤੀ ਇਹ ਮਾਅਨੇ ਨਹੀਂ ਰੱਖਦੇ ਕਿ ਉਹ ਕਿਥੋਂ ਆਉਂਦੇ ਹਨ, ਉਹ ਕਿਹੋ ਜਿਹੇ ਦਿਸਦੇ ਹਨ ਜਾਂ ਉਹ ਕਿਸ ਧਰਮ ਨੂੰ ਮੰਨਦੇ ਹਨ ਪਰ ਉਹ ਸ਼ਾਂਤੀ ਨਾਲ ਰਹਿਣ ਦੇ ਹੱਕਦਾਰ ਹਨ।

ਸਿੱਖ ਅਮਰੀਕੀ ਭਾਈਚਾਰੇ ਨਾਲ ਸਬੰਧਤ ਮੁੱਦਿਆਂ ਉਤੇ ਕਾਂਗਰਸ ਦੇ ਇਕ ਮਾਨਤਾ ਪ੍ਰਾਪਤ ਆਗੂ ਨੇ ਕਿਹਾ ਕਿ ਸਿੱਖ-ਅਮਰੀਕਨ ਖਿਲਾਫ਼ ਕੀਤੇ ਜਾ ਰਹੇ ਨਸਲੀ ਅਪਰਾਧਾਂ ਸਬੰਧੀ ਡਾਟਾ ਇਕੱਠਾ ਕਰਨ ਲਈ ਫੈਡਰਲ ਸਰਕਾਰ ਨੂੰ ਮਨਾਉਣ ਲਈ ਨਿਰਣਾਇਕ ਜੋਅ ਰਕੌਲੀ ਨੇ ਕਈ ਸਾਲਾਂ ਦੀ ਸਫ਼ਲ ਕੋਸ਼ਿਸ਼ ਕੀਤੀ। ਸਿੱਖ ਆਗੂਆਂ ਨੇ ਕਿਹਾ ਕਿ ਸਿੱਖ ਅਮਰੀਕਨ ਭਾਈਚਾਰੇ ਖਿਲਾਫ਼ ਨਫ਼ਰਤ ਅਪਰਾਧ ਤੋਂ ਇਲਾਵਾ, ਕ੍ਰੌਲੀ ਨੇ ਯੂਐਸ ਆਰਮੀ ਵਿਚ ਸਿੱਖਾਂ ਲਈ ਮੌਕਿਆਂ ਦਾ ਵਿਸਥਾਰ ਕਰਨ ਲਈ ਹਾਊਸ ਆਫ਼ ਰਿਪ੍ਰੈਜ਼ੈਂਟਟਿਵਜ਼ ਵਿਚ ਸਫ਼ਲ ਯਤਨ ਕੀਤਾ। ਪਿਛਲੇ ਸਾਲ, ਉਸ ਨੇ ਅੰਤਰਰਾਸ਼ਟਰੀ ਬਾਸਕਟਬਾਲ ਫੈਡਰੇਸ਼ਨ ਨੂੰ ਸਿੱਖ ਖਿਡਾਰੀਆਂ ਖਿਲਾਫ਼ ਆਪਣੀ ਪੱਖਪਾਤੀ ਨੀਤੀ ਨੂੰ ਖਤਮ ਕਰਨ ਲਈ ਮਨਾਉਣ ਦੀ ਕੋਸ਼ਿਸ਼ ਵੀ ਕੀਤੀ।

# ਗੁਰਦੁਆਰਾ ਸਾਹਿਬ ਫਰੀਮਾਂਟ ਸਪੋਰਟਸ ਅਕੈਡਮੀ ਵੱਲੋਂ ਖੇਡਾਂ ਦੇ ਅਭਿਆਸ ਦਾ ਸ਼ਡਿਊਲ ਜਾਰੀ

**ਫਰੀਮਾਂਟ/ਬਿਊਰੋ ਨਿਊਜ਼ :** ਗੁਰਦੁਆਰਾ ਸਾਹਿਬ ਫਰੀਮਾਂਟ ਸਪੋਰਟਸ ਅਕੈਡਮੀ (ਜੀਐਫਐਸ) ਵੱਲੋਂ "ਜੀਐਫਐਸ ਖੇਡਾਂ" ਦੇ ਅਭਿਆਸ ਦਾ ਮੁਕੰਮਲ ਸ਼ਡਿਊਲ ਜਾਰੀ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਤੇਜਪਾਲ ਸਿੰਘ ਨੇ ਦੱਸਿਆ ਕਿ ਇਨ੍ਹਾਂ ਖੇਡਾ ਵਿਚ ਭਾਗ ਲੈਣ ਵਾਸਤੇ ਰਜਿਸਟ੍ਰੇਸ਼ਨ ਪਹਿਲਾਂ 2 ਸਤੰਬਰ ਤੋਂ 2018 ਤੋਂ ਸ਼ੁਰੂ ਹੋ ਚੁੱਕੀ ਹੈ, ਜੋ ਕਿ ਲਗਭਗ 3 ਹਫਤਿਆਂ ਲਈ 23 ਸਤੰਬਰ ਤਕ ਜਾਰੀ ਰਹੇਗੀ। ਮੈਦਾਨਾਂ ਅਤੇ ਸਮੇਂ ਦੀ ਜਾਣਕਾਰੀ ਲੈਣ ਲਈ ਸਮਾਂ ਸੂਚੀ ਪਿਛਲੇ ਹਫਤੇ ਦੇ ਅਧਾਰ ਉਤੇ ਬਾਅਦ ਵਿੱਚ ਪ੍ਰਦਾਨ ਕੀਤੀ ਜਾਵੇਗੀ। ਖੇਡਾਂ ਦੀ ਸਿਖਲਾਈ ਪਹਿਲੇ



ਪੜਾਅ ਵਿਚ 6 ਮਹੀਨਿਆਂ ਲਈ, ਹਫ਼ਤੇ ਵਿਚ 2 ਦਿਨ, ਅਕਤੂਬਰ 2018 ਤੋਂ ਮਾਰਚ 2019 ਤੱਕ ਦਿੱਤੀ ਜਾਵੇਗੀ। ਇਸੇ ਤਰ੍ਹਾਂ ਸ਼ਨੀਵਾਰ ਸਵੇਰ ਅਤੇ ਐਤਵਾਰ ਦੀ ਸ਼ਾਮ ਕਮਿਊਨਿਟੀ ਪੇਸ਼ਾਵਰਾਂ ਦੁਆਰਾ ਹਫਤਾਵਾਰੀ ਸਿਖਲਾਈ ਦਿੱਤੀ ਜਾਵੇਗੀ। ਖੇਡਾਂ ਦੇ ਪੇਸ਼ੇਵਰਾਂ ਦੁਆਰਾ ਇਕ ਹਫਤੇ ਲਈ 2 ਦਸੰਬਰ ਨੂੰ ਅਤੇ ਮਾਰਚ ਵਿਚ 2 ਤਿਮਾਹੀ ਕੰਡੀਸ਼ਨ ਕੈਂਪ ਲਗਾਇਆ ਜਾਵੇਗਾ। ਗੁਰਦੁਆਰਾ ਸਾਹਿਬ ਵੱਲੋਂ ਬੱਚਿਆਂ ਨੂੰ ਖੇਡਾਂ ਵਿਚ ਉਤਸ਼ਾਹਿਤ ਕਰਨ ਲਈ ਖੇਡਾਂ ਦੇ ਸਮਾਨ ਦੀ ਸਪਲਾਈ ਅਤੇ ਹੋਰ ਸਾਧਨਾਂ ਦੀ ਪੂਰਤੀ ਵਾਸਤੇ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਹੋਰ ਵਧੇਰੇ ਜਾਣਕਾਰੀ ਵਾਸਤੇ ਫੋਨ ਨੰ. 510-386-8297 'ਤੇ ਸੰਪਰਕ ਕਰ ਸਕਦੇ ਹੋ।

# ਮੀਡੀਆ ਨੇ ਪੰਜਾਬ ਯੂਨੀਵਰਸਿਟੀ ਨੂੰ ਪੰਜਾਬੀ ਸਾਹਿਤ ਦਾ ਪਾਠ ਪੜ੍ਹਾਇਆ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਐਮਏ ਇੰਗਲਿਸ਼ ਕਰ ਰਹੇ ਵਿਦਿਆਰਥੀਆਂ ਲਈ ਦੂਜਾ ਪੇਪਰ ਹੀਰ-ਵਾਰਿਸ ਦਾ ਕਰਨ ਉਤੇ ਵਿਚਾਰ ਹੋ ਰਹੀ ਹੈ। ਮੀਡੀਆ ਵਿਚ ਪੰਜਾਬ ਯੂਨੀਵਰਸਿਟੀ ਉਤੇ ਪੰਜਾਬੀ ਸਾਹਿਤ ਨੂੰ ਉੱਕਾ ਹੀ ਵਿਸਾਰਨ ਦੇ ਦੋਸ਼ ਲੱਗਣ ਕਾਰਨ ਅਧਿਕਾਰੀਆਂ ਨੇ ਐਮਏ ਇੰਗਲਿਸ਼ ਦੇ ਸਿਲੇਬਸ 'ਤੇ ਨਜ਼ਰਸਾਨੀ ਦਾ ਕਾਰਜ ਵਿੱਢਦਿਆਂ ਪੰਜਾਬ ਨਾਲ ਸਬੰਧਤ ਸਾਹਿਤ 'ਤੇ ਪੂਰਾ ਇਕ ਪੇਪਰ ਲੈਣ ਦੀ ਸਿਫਾਰਿਸ਼ ਕੀਤੀ ਹੈ। ਦੂਜਾ ਪੇਪਰ ਵਾਰਿਸ ਸ਼ਾਹ ਦੀ 'ਹੀਰ' ਤੇ ਹੋਰਨਾਂ ਲੇਖਕਾਂ 'ਤੇ ਕੇਂਦਰਤ ਕਰਨ ਲਈ ਕਿਹਾ ਗਿਆ ਹੈ। ਖਬਰਾਂ ਛਪੀਆਂ ਸਨ ਕਿ ਯੂਨੀਵਰਸਿਟੀ ਦੇ ਐਮਏ ਇੰਗਲਿਸ਼ ਦੇ ਪੇਪਰ 'ਇੰਡੀਅਨ ਰਾਈਟਿੰਗ ਇਨ ਟਰਾਂਸਲੇਸ਼ਨ' ਦੇ ਮੌਜੂਦਾ ਸਿਲੇਬਸ 'ਚ ਪੰਜਾਬੀ ਸਾਹਿਤ ਦਾ ਕੁੱਝ ਵੀ ਸ਼ਾਮਲ ਨਹੀਂ ਕੀਤਾ ਗਿਆ ਸੀ।

ਪੰਜਾਬ ਯੂਨੀਵਰਸਿਟੀ ਵਿਚਲੇ ਸੂਤਰਾਂ ਨੇ ਕਿਹਾ ਕਿ ਮੌਜੂਦਾ ਸਿਲੇਬਸ 'ਤੇ ਨਜ਼ਰਸਾਨੀ ਦਾ ਫ਼ੈਸਲਾ ਪਿਛਲੇ ਹਫ਼ਤੇ ਹੋਈ ਮੀਟਿੰਗ ਵਿੱਚ ਲਿਆ ਗਿਆ ਸੀ, ਜਿਸ ਵਿੱਚ ਯੂਨੀਵਰਸਿਟੀ ਦੇ ਇੰਗਲਿਸ਼ ਵਿਭਾਗ ਦੇ ਅਧਿਆਪਕਾਂ ਤੇ ਖੋਜਾਰਥੀਆਂ ਸਮੇਤ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਦੇ ਅਧਿਆਪਕ ਵੀ ਸ਼ਾਮਲ ਸਨ। ਮੀਟਿੰਗ ਦੌਰਾਨ ਹੋਈ ਲੰਮੀ ਵਿਚਾਰ ਚਰਚਾ ਮਗਰੋਂ ਇਹ ਧਾਰਨਾ ਬਣੀ ਕਿ ਹੋਰਨਾਂ ਭਾਰਤੀ ਲੇਖਕਾਂ ਸਮੇਤ ਸੰਤ ਸਿੰਘ ਸੇਖੋਂ ਵੱਲੋਂ ਵਾਰਿਸ ਸ਼ਾਹ ਦੀ 'ਹੀਰ' ਦੇ ਕੀਤੇ ਗਏ ਅੰਗਰੇਜ਼ੀ ਤਰਜਮੇ ਨੂੰ ਇੰਡੀਅਨ ਰਾਈਟਿੰਗ ਇਨ ਇੰਗਲਿਸ਼ ਵਿਸ਼ੇ ਵਿੱਚ ਪੜ੍ਹਾਇਆ ਜਾਣਾ ਚਾਹੀਦਾ ਹੈ। ਇਸ ਵਿਸ਼ੇ ਦੇ ਮੌਜੂਦਾ ਸਿਲੇਬਸ ਵਿੱਚ ਪੰਜਾਬੀ ਨੂੰ ਛੱਡ ਦੇ ਹਿੰਦੀ, ਬੰਗਾਲੀ, ਕੰਨੜ, ਮਰਾਠੀ, ਉੜੀਆ ਤੇ ਉਰਦੂ ਭਾਸ਼ਾ ਵਿੱਚੋਂ ਲਈਆਂ ਅੱਠ ਕ੍ਰਿਤੀਆਂ ਨੂੰ ਅੰਗਰੇਜ਼ੀ ਵਿੱਚ ਅਨੁਵਾਦ ਕਰਕੇ ਪੜ੍ਹਾਇਆ ਜਾਂਦਾ ਹੈ। ਪੰਜਾਬ ਯੂਨੀਵਰਸਿਟੀ ਦੇ ਸਾਬਕਾ ਡੀਨ (ਭਾਸ਼ਾਵਾਂ) ਅਕਸ਼ੈ ਕੁਮਾਰ, ਜੋ ਖ਼ੁਦ ਵੀ ਇੰਗਲਿਸ਼ ਵਿਭਾਗ ਵਿੱਚ ਪ੍ਰੋਫੈਸਰ ਹਨ, ਨੇ ਉਪਰੋਕਤ ਮੀਟਿੰਗ ਦੀ ਪੁਸ਼ਟੀ ਕੀਤੀ ਹੈ। ਕੁਮਾਰ ਨੇ ਕਿਹਾ ਕਿ ਸਿਲੇਬਸ ਦੇ ਪਾਠਕ੍ਰਮ ਬਾਰੇ ਅਜੇ ਵੀ ਕੁਝ ਵੀ ਕਹਿਣਾ ਜਲਦਬਾਜ਼ੀ ਹੋਵੇਗੀ। ਸੂਤਰ ਨੇ ਕਿਹਾ ਕਿ ਮੀਟਿੰਗ ਵਿੱਚ ਕੀਤੀਆਂ ਗਈਆਂ ਸਿਫਾਰਿਸ਼ਾਂ ਨੂੰ ਬੋਰਡ ਆਫ਼ ਸਟਡੀਜ਼ ਅੱਗੇ ਰੱਖਿਆ ਜਾਵੇਗਾ ਤੇ ਮਗਰੋਂ ਇਸ ਨੂੰ ਭਾਸ਼ਾਵਾਂ ਬਾਰੇ ਫੈਕਲਟੀ ਦੀ ਪ੍ਰਵਾਨਗੀ ਦੀ ਲੋੜ ਪਏਗੀ। ਆਖਰੀ ਫ਼ੈਸਲਾ ਯੂਨੀਵਰਸਿਟੀ ਦੀ ਅਕਾਦਮਿਕ ਕਮੇਟੀ ਦਾ ਹੋਵੇਗਾ।

# ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਧਾਰਮਿਕ ਅਸਥਾਨਾਂ ਦੁਆਲੇ ਕੈਮਰੇ ਲਾਉਣ ਦੇ ਹੁਕਮ

**ਚੰਡੀਗੜ੍ਹ/ਬਿਊਰੋ ਨਿਊਜ਼ :** ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਕੈਪਟਨ ਸਰਕਾਰ ਨੇ ਨਵੀਂ ਤਰਕੀਬ ਸੋਚੀ ਹੈ। ਆਏ ਦਿਨ ਕਿਤੇ ਨਾ ਕਿਤੇ ਧਾਰਮਿਕ ਗ੍ਰੰਥਾਂ ਦੀ ਵਾਪਰ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਕੈਪਟਨ ਸਰਕਾਰ ਨੇ ਸੂਬੇ ਵਿਚ ਧਾਰਮਿਕ ਥਾਵਾਂ ਦੇ ਆਸ-ਪਾਸ ਸੀਸੀਟੀਵੀ ਕੈਮਰੇ ਲਾਉਣ ਦੇ ਹੁਕਮ ਦਿੱਤੇ ਹਨ। ਸਰਕਾਰ ਨੇ ਪਿੰਡਾਂ ਦੀਆਂ ਪੰਚਾਇਤਾਂ ਅਤੇ ਨਗਰ ਨਿਗਮਾਂ ਨੂੰ ਸਾਰੇ ਗੁਰਦੁਆਰਿਆਂ, ਮਸਜਿਦਾਂ, ਮੰਦਰਾਂ, ਚਰਚਾਂ ਦੀਆਂ ਇਮਾਰਤਾਂ ਦੇ ਆਲੇ-ਦੁਆਲੇ ਤੇ ਪਿੰਡਾਂ-ਸ਼ਹਿਰਾਂ ਦੇ ਪ੍ਰਮੁੱਖ ਟਿਕਾਣਿਆਂ 'ਤੇ ਸੀਸੀਟੀਵੀ ਕੈਮਰੇ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਇਸ ਉਪਰਾਲੇ ਨਾਲ ਜਿੱਥੇ ਸਮਾਜ ਵਿਰੋਧੀ ਤੱਤਾਂ ਉੱਤੇ ਹਰ ਪਲ ਨਜ਼ਰ ਰੱਖੀ ਜਾ ਸਕੇਗੀ, ਉੱਥੇ ਹੀ ਹੋਰ ਅਪਰਾਧਾਂ ਨੂੰ ਵੀ ਰੋਕਿਆ ਜਾ ਸਕੇਗਾ। ਕੈਪਟਨ ਅਮਰਿੰਦਰ ਸਿੰਘ ਵੱਲੋਂ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਨੂੰ ਠੱਲ੍ਹਣ ਲਈ ਪੰਜਾਬ ਪੁਲੀਸ ਅਤੇ ਸੂਬੇ ਦੇ ਡੀਜੀਪੀ ਸੁਰੇਸ਼ ਅਰੋੜਾ ਨਾਲ ਵਿਚਾਰ ਚਰਚਾ ਕੀਤੀ ਜਾ ਚੱਕੀ ਹੈ ਅਤੇ ਅਮਨ-ਸ਼ਾਂਤੀ ਤੇ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਲਈ ਸਖ਼ਤੀ ਨਾਲ ਨਜਿੱਠਣ 'ਤੇ ਜ਼ੋਰ ਦਿੱਤਾ ਗਿਆ ਹੈ। ਹਾਲ ਹੀ ਵਿੱਚ ਵਿਧਾਨ ਸਭਾ ਵਲੋਂ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਦੇਣ ਸੰਬੰਧੀ ਇਕ ਬਿਲ ਵੀ ਪਾਸ ਕੀਤਾ ਗਿਆ।





ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ ਦੋਸਤਾਂ ਮਿੱਤਰਾਂ ਨਾਲ ਵੇਖੋ ਅਪਣੀ ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite Historical Hollywood Movie Now at Home
The Black Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਭਵੀਂ ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
XBOX
FANDANGONOW

## ਆਰਐਸਐਸ ਮੁਖੀ ਮੋਹਨ ਭਾਗਵਤ ਤੇ ਯੋਗੀ ਆਦਿੱਤਿਆਨਾਥ ਦੀ ਅਮਰੀਕਾ ਫੇਰੀ ਦਾ ਵਿਰੋਧ



**ਨਵੀਂ ਦਿੱਲੀ/ਬਿਊਰੋ ਨਿਊਜ਼ :** ਨਿਊਯਾਰਕ ਆਧਾਰਤ ਸਿੱਖ ਸੰਸਥਾ ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ ਅਤੇ ਹੋਰ ਹਮਖ਼ਿਆਲੀ ਜਥੇਬੰਦੀਆਂ ਦਾ ਕਹਿਣਾ ਹੈ ਕਿ ਆਰਐਸਐਸ ਮੁਖੀ ਮੋਹਨ ਭਾਗਵਤ ਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੋਵੇਂ ਲੀਡਰ ਸਿੱਖਾਂ ਦੇ ਓਹਲੇ ਹਿੰਦੂਤਵ ਦਾ ਪ੍ਰਚਾਰ ਕਰਨ ਲਈ ਆ ਰਹੇ ਹਨ। ਇਸ ਕਰਕੇ ਦੋਵਾਂ ਆਗੂਆਂ ਨੂੰ ਆਪਣੀ ਅਮਰੀਕਾ ਫੇਰੀ ਦੌਰਾਨ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦੋਵਾਂ ਆਗੂਆਂ ਨੂੰ ਸੱਤ ਤੋਂ ਨੌਂ ਸਤੰਬਰ ਤਕ ਸ਼ਿਕਾਗੋ ਦੌਰੇ ਦੌਰਾਨ ਘੇਰਨ ਲਈ ਈਸਟ ਕੋਸਟ ਦੀ ਸਿੱਖ ਕੋਆਰਡੀਨੇਸ਼ਨ ਕਮੇਟੀ ਨੇ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ ਹਨ। ਨਿਊਯਾਰਕ ਆਧਾਰਤ ਸਿੱਖ ਸੰਸਥਾ ਨੇ ਹੋਰ ਹਮਖ਼ਿਆਲੀ ਜਥੇਬੰਦੀਆਂ ਨੂੰ ਵੀ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ ਹੈ। ਭਾਗਵਤ ਤੇ ਯੋਗੀ ਨੇ ਸ਼ਿਕਾਗੋ ਦੇ ਹੋਟਲ ਲੋਮਬਾਰਡ ਵਿਚ ਭਾਰਤੀ ਮੂਲ ਦੇ ਲੋਕਾਂ ਨਾਲ ਮਿਲਣੀ ਕਰਨੀ ਹੈ। ਸਿੱਖ ਕਮੇਟੀ ਨੇ ਘਿਰਾਓ ਦੇ ਸੱਦੇ ਦੇ ਪੋਸਟਰਾਂ ਦੇ ਨਾਲ-ਨਾਲ ਦੋਵਾਂ ਹਿੰਦੂ ਲੀਡਰਾਂ ਦੇ ਚਿੱਤਰ ਵੀ ਤਿਆਰ ਕੀਤੇ ਹਨ, ਜਿਨ੍ਹਾਂ ਵਿਚ ਲਿਖਿਆ ਹੋਇਆ ਹੈ ਕਿ "ਅਸੀਂ ਫਿਰ ਨਹੀਂ ਆਵਾਂਗੇ।" ਜਥੇਬੰਦੀ ਦਾ ਇਲਜ਼ਾਮ ਹੈ ਕਿ ਦੋਵੇਂ ਲੀਡਰ ਸਿੱਖਾਂ ਦੇ ਓਹਲੇ ਆਪਣਾ ਹਿੰਦੂਤਵ ਦਾ ਪ੍ਰਚਾਰ ਕਰਨ ਲਈ ਆ ਰਹੇ ਹਨ।

# ਭਾਰਤ ਦੇ 72ਵੇਂ ਆਜ਼ਾਦੀ ਦਿਵਸ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ






**ਵਨ ਨੂਈਸ/ਬਿਊਰੋ ਨਿਊਜ਼ :** ਭਾਰਤ ਦੇ 72ਵੇਂ ਆਜ਼ਾਦੀ ਦਿਹਾੜੇ ਨੂੰ ਮਨਾਉਣ ਲਈ 25 ਅਗਸਤ ਵਾਲੇ ਦਿਨ ਹਜ਼ਾਰਾਂ ਲੋਕ ਸੈਨ ਫਰਨੈਂਡੋ ਵੈਲੀ ਵਿਚ ਬਰਮਿੰਘਮ ਚਾਰਟਰ ਹਾਈ ਸਕੂਲ ਦੇ ਮੈਦਾਨ ਵਿਚ ਇਕੱਤਰ ਹੋਏ। ਇਹ ਆਜ਼ਾਦੀ ਦਿਵਸ ਸਮਾਰੋਹ ਅਸਲ ਵਿਚ ਭਾਰਤੀਅਤਾ ਦਾ ਇੱਕ ਪ੍ਰਦਰਸ਼ਨ ਰਿਹਾ, ਜਿੱਥੇ ਭਾਰਤ ਦੇ ਵੱਖ-ਵੱਖ ਖੇਤਰਾਂ ਤੋਂ ਆਏ ਲੋਕਾਂ ਨੇ ਇਸ ਦੀ ਅਮੀਰ ਵਿਰਾਸਤ ਅਤੇ ਸੱਭਿਆਚਾਰ ਨੂੰ ਇਕ ਪਲੇਟਫਾਰਮ 'ਤੇ ਪੇਸ਼ ਕੀਤਾ। ਸੰਨ 1999 'ਚ ਹੋਂਦ ਵਿਚ ਆਈ ਇੰਡੀਆ ਐਸੋਸੀਏਸ਼ਨ ਆਫ਼ ਲਾਸ ਏਂਜਲਜ਼ (ਆਈਏਐਲਏ) ਵੱਲੋਂ ਆਯੋਜਤ ਕੀਤੇ ਗਏ ਇਸ ਸ਼ਾਨਦਾਰ ਸਮਾਗਮ ਵਿਚ ਕਾਂਗਰਸਮੈਨ ਸ਼ਰਮੈਨ, ਸ੍ਰੀਲੰਕਾ ਦੇ ਕੌਂਸਲਖਾਨੇ ਦੇ ਜਨਰਲ ਸਕੱਤਰ ਸਵਰਨ ਗੁਨਰਤਨੇ, ਭਾਰਤ ਦੇ ਕੌਂਸਲੇਟ ਜਨਰਲ ਅਸਿਤ ਦੱਤਾ, ਸਕਾਟ ਸ਼ਮੇਰਲਸਨ, ਇੰਟਰਰਿਲੀਜ਼ਸ ਇੰਟਰਗਰੁੱਪ ਕਮੇਟੀ ਦੇ ਕੋ-ਚੇਅਰਜ਼ ਏਨਿਡ ਲੇਬਰ ਸਮੇਤ ਬਹੁਤ ਸਾਰੇ ਸਥਾਨਕ ਆਗੂਆਂ ਅਤੇ ਹਜ਼ਾਰਾਂ ਲੋਕਾਂ ਨੇ ਸ਼ਮੂਲੀਅਤ ਕੀਤੀ। ਬਰਮਿੰਘਮ ਚਾਰਟਰ ਹਾਈ ਸਕੂਲ ਦੇ ਜੈਜ਼ ਬੈਂਡ ਨੇ ਅਮਰੀਕਾ ਤੇ ਭਾਰਤ ਦੇ ਕੌਮੀ ਤਰਾਨਿਆਂ ਦੀ ਧੁਨੀ ਪੇਸ਼ ਕੀਤੀ ਅਤੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਆਈਏਐਲਏ ਦੇ ਬਾਨੀ ਇੰਦਰ ਸਿੰਘ ਨੇ ਆਪਣੇ ਸੰਬੋਧਨ ਵਿਚ ਹਾਜ਼ਰੀਨ ਦਾ ਸਵਾਗਤ ਕੀਤਾ ਅਤੇ ਸੰਸਾਰ ਦੇ ਦੋ ਮਹਾਨ ਲੋਕਤੰਤਰਾਂ ਵਿਚਕਾਰ ਵਧ ਰਹੀ ਦੋਸਤੀ ਦੇ ਵਿਸ਼ੇ ਨੂੰ ਛੂਹਿਆ।

ਆਈਏਐਲਏ. ਦੇ ਪ੍ਰਧਾਨ ਮਨਮੋਹਨ ਚੋਪੜਾ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ,ਕਿ "ਭਾਰਤ ਦੀ ਆਜ਼ਾਦੀ ਦਿਵਸ ਦਾ ਜਸ਼ਨ ਸਾਡੀ ਜੰਮਣ ਭੋਂਇ ਦਾ ਧੰਨਵਾਦ ਕਰਨ ਦਾ ਇਕ ਤਰੀਕਾ ਹੈ। ਜਿੱਥੇ ਅਸੀਂ ਪੈਦਾ ਹੋਏ ਅਤੇ ਜਿਸ ਦੀ ਗੋਦ ਵਿਚ ਅਸੀਂ ਆਪਣੇ ਸੁਪਨੇ



ਦੇਖੇ, ਉਹ ਧਰਤੀ ਮਾਂ ਵਰਗੀ ਹੁੰਦੀ ਹੈ। ਕਾਂਗਰਸਮੈਨ ਸ਼ਰਮੈਨ ਨੇ ਆਪਣੇ ਸੰਬੋਧਨ ਵਿਚ ਭਾਰਤੀ ਭਾਈਚਾਰੇ ਦੇ ਅਮਰੀਕਾ ਦੀ ਤਰੱਕੀ ਵਿਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਉਨਾਂ ਜ਼ੋਰ ਦੇ ਕੇ ਕਿਹਾ ਕਿ ਭਾਰਤ ਸੰਯੁਕਤ ਰਾਜ ਅਮਰੀਕਾ ਲਈ ਸਭ ਤੋਂ ਮਹੱਤਵਪੂਰਨ ਰਣਨੀਤਕ ਅਤੇ ਭੂਗੋਲਿਕ ਸਾਂਝੇਦਾਰ ਹੈ ਅਤੇ ਉਹ ਇਸ ਰਿਸ਼ਤੇ ਨੂੰ ਮਜ਼ਬੂਤ ਬਣਾਉਣ ਲਈ ਕੰਮ ਕਰਨ 'ਤੇ ਮਾਣ ਮਹਿਸੂਸ ਕਰਦਾ ਹੈ। ਕਾਰਜਕਾਰੀ ਵੀਪੀ ਸੁਨੀਲ ਅਗਰਵਾਲ ਨੇ ਕਿਹਾ, ਕਿ "ਇਹ ਸਮਾਗਮ ਇੱਕ ਪਰਵਾਰਿਕ ਇਕੱਤਰਤਾ ਦੀ ਤਰਾਂ ਹੈ ਜਿੱਥੋਂ ਭਾਰਤੀਆਂ ਦੀ ਅਗਲੀ ਪੀੜੀ ਕਾਫੀ ਕੁਝ ਸਿੱਖਦੀ ਹੈ। ਬੋਰਡ ਆਫ ਡਾਇਰੈਕਟਰ ਰਮਨ ਚੱਢਾ ਅਤੇ ਕਾਰਜਕਾਰੀ ਵੀਪੀ. ਸੁਨੀਲ ਅਗਰਵਾਲ ਨੇ ਇਸ ਸਾਲ ਦੇ ਸਪਾਂਸਰਾਂ ਦਾ ਸਨਮਾਨ ਵੀ ਕੀਤਾ।

ਕਾਂਗਰਸਮੈਨ ਸ਼ਰਮੈਨ ਨੇ ਪ੍ਰੋਗਰਾਮ ਦੇ ਗਰੈਂਡ ਸਪਾਂਸਰ ਤੁਰਕੀ ਏਅਰਲਾਇਨਜ਼, ਗੋਲਡ ਸਪਾਂਸਰ ਸੁੰਦਮ ਸੋਲਰ ਦਾ ਵਿਸ਼ੇਸ਼ ਸਨਮਾਨ ਕੀਤਾ। ਬਾਰਾਕ ਓਬਾਮਾ ਦੀ ਊਰਜਾ ਕੌਂਸਲ ਦੇ ਮੈਂਬਰ ਰਹੇ ਅਸੀਮ ਅੰਸਾਰੀ ਨੇ ਸੁੰਦਮ ਸੋਲਰ ਦੀ ਥਾਂ ਉਤੇ ਇਹ ਸਨਮਾਨ ਪ੍ਰਾਪਤ ਕੀਤਾ। ਇਸ ਦੇ ਨਾਲ ਹੀ ਕਾਂਗਰਸਮੈਨ ਸ਼ਰਮੈਨ ਨੇ ਦੂਜੇ ਅਹਿਮ ਸਪਾਂਸਰਾਂ ਸੁਨੀਲ ਅਗਰਵਾਲ, ਵਿਨੋਦ ਮੰਛਾਨੀ, ਰੋਬਿਨ ਪਾਇਕ, ਰਣਜੀਤ ਜੋਇਆ, ਸਤੀਸ਼ ਤੋਮਰ, ਇਕਬਾਲ ਸਮਰਾ, ਮੁਖਤਿਆਰ ਕੰਬੋਜ, ਵਾਲਿਸ ਸਟੇਟ ਬੈਂਕ, ਐਚਏਬੀ ਬੈਂਕ, ਡੀਜੇ ਸਕਾਰਪੀਓ, ਨਵਦੀਪ ਸਿੰਘ, ਪ੍ਰੇਮ ਸੀਮ, ਐਲਏ ਸਿਟੀ ਡਿਪਾਰਟਮੈਂਟ ਅਤੇ ਸੱਭਿਆਚਾਰਕ ਮਾਮਲੇ ਦੇ ਕਨਕਸਿਨਹ ਜ਼ਾਲਾ, ਯੋਗੀ ਪਟੇਲ, ਹਰਬੰਸ ਬਾਵਾ ਅਤੇ ਮੀਡੀਆ ਪਾਰਟਨਰ ਟੀਵੀ ਏਸ਼ੀਆ ਦਾ ਇਸ ਸਮਾਗਮ ਨੂੰ ਕਰਵਾਉਣ ਵਿਚ ਪਾਏ ਯੋਗਦਾਨ ਸਦਕਾ ਧੰਲਵਾਦ ਕਰਦਿਆਂ ਸਨਮਾਲ ਕੀਤਾ।

ਕਵਿਤਾ ਪੁਰੀ ਅਤੇ ਉਸਦੀ ਟੀਮ ਵੱਲੋਂ ਪੇਸ਼ ਇਕ ਸ਼ਾਨਦਾਰ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਵਿਚ ਭਾਰਤੀ ਗੀਤਾਂ, ਨਾਚਾਂ ਅਤੇ ਛੋਟੀਆਂ ਕਲਾਵਾਂ ਨੂੰ ਪ੍ਰਤਿਭਾਵਾਨ ਕਲਾਕਾਰਾਂ ਦੁਆਰਾ ਪੇਸ਼ ਕੀਤਾ ਗਿਆ। ਭਾਰਤੀ ਕਲਾ ਦੇ ਸੰਸਕ੍ਰਿਤਕ ਰੂਪ ਕੱਥਕ ਨਾਚ, ਭਰਤ ਨਾਟਯਮ, ਲੋਕ ਨਾਚ ਘੂਮਰ, ਰਾਸ-ਗਰਬਾ, ਲਵਾਨੀ ਡਾਂਸ, ਭੰਗੜਾ ਅਤੇ ਬਾਲੀਵੁੱਡ ਦੀਆਂ ਹੋਰ ਬਹੁਤ ਸਾਰੀਆਂ ਮਸ਼ਹੂਰ ਆਈਟਮਾਂ ਕਲਾਕਾਰਾਂ ਦੇ ਵੱਖ-ਵੱਖ ਸਮੂਹਾਂ ਦੁਆਰਾ ਪੇਸ਼ ਕੀਤੇ ਗਏ। ਪਰਮੇਸ਼ ਸ਼ਾਹ ਅਤੇ ਉਨਾਂ ਦੀ ਟੀਮ ਦੁਆਰਾ ਫੈਸ਼ਨ ਤੇ ਫੂਡ ਦੀਆਂ ਮੁਨਾਫ਼ਾ-ਰਹਿਤ ਸਟਾਲਾਂ ਦੇ 65 ਬੂਥ ਬਣਾਏ ਗਏ ਸਨ ਜਿਨਾਂ ਨੇ ਸੈਲਾਨੀਆਂ ਨੂੰ ਬਹੁਤ ਆਕਰਸ਼ਤ ਕੀਤਾ, ਜਿਨਾਂ ਨੇ ਮੇਲੇ ਵਿਚ ਮਨਪਸੰਦ ਦੇ ਪਕਵਾਨਾਂ ਦਾ ਸਵਾਦ ਚੱਖਿਆ ਤੇ ਖੂਬ ਅਨੰਦ ਮਾਣਿਆ। ਇਸ ਮੌਕੇ ਸਿਹਤ ਜਾਂਚ ਕੈਂਪ ਵੀ ਲਾਇਆ ਗਿਆ, ਜਿਸ ਵਿਚ ਲੋਕਾਂ ਨੇ ਮੈਡੀਕਲ ਚੈਕਅੱਪ ਕਰਵਾਇਆ।

CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.






Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਈਸਾਈ ਭਾਈਚਾਰੇ ਨੇ ਆਰ.ਐਸ.ਐਸ. ਦੀ ਸ਼ਹਿ 'ਤੇ ਹੋਏ ਕੰਧਮਾਲ ਕਤਲੇਆਮ ਨੂੰ ਯਾਦ ਕੀਤਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਸ ਸਾਲ ਪਹਿਲਾਂ ਉੜੀਸਾ ਦੇ ਕੰਧਮਾਲ ਵਿਚ ਹੋਏ ਕਤਲੇਆਮ ਦੀ ਯਾਦ ਵਿਚ ਇਕ ਪ੍ਰੋਗਰਾਮ ਦੌਰਾਨ ਕੁਝ ਔਰਤਾਂ ਨੇ ਆਪਣੀਆਂ ਅੱਖਾਂ 'ਚੋਂ ਹੰਝੂ ਪੂੰਝਦਿਆਂ, ਆਪਣੇ ਚਿਹਰੇ ਸ਼ਾਲਾਂ ਵਿਚ ਲੁਕਾਉਂਦਿਆਂ ਆਪਣੇ ਉਤੇ ਹੋਏ ਅੱਤਿਆਚਾਰਾਂ ਬਾਰੇ ਆਪਣੇ ਨਿੱਜੀ ਅਨੁਭਵ ਸਾਂਝੇ ਕੀਤੇ। 34 ਸਾਲ ਦੇ ਵਕਫੇ ਵਿਚ ਭਾਰਤ ਵਿਚ ਧਾਰਮਿਕ ਘੱਟ ਗਿਣਤੀਆਂ ਵਿਰੁੱਧ ਤਿੰਨ ਵੱਖੋ ਵੱਖਰੇ ਕਤਲੇਆਮ ਵਾਪਰ ਚੁੱਕੇ ਹਨ। ਇਨ੍ਹਾਂ ਤਿੰਨ ਵੱਖੋ ਵੱਖਰੇ ਕਤਲੇਆਮ ਦੀਆਂ ਛੇ ਪੀੜਤਾਂ ਨਵੀਂ ਦਿੱਲੀ ਦੇ ਸੰਵਿਧਾਨਕ ਕਲੱਬ ਵਿਚ 25 ਅਗਸਤ ਨੂੰ ਇਕੱਤਰ ਹੋਈਆਂ ਸਨ। ਸੰਨ 2008 ਵਿਚ ਭਾਰਤ ਦੇ ਪੂਰਬੀ ਰਾਜ ਉੜੀਸਾ ਦੇ ਕੰਧਮਾਲ ਜ਼ਿਲੇ ਵਿਚ ਕਸ਼ਮੀਰ ਦੇ ਈਸਾਈਆਂ ਵਿਰੁੱਧ ਹੋਏ ਕਤਲੇਆਮ ਦੀ 10ਵੀਂ ਵਰ੍ਹੇਗੰਢ ਮੌਕੇ ਸਮਾਜਿਕ ਕਾਰਕੁੰਨ ਹਰਸ਼ ਮੰਡੇਰ, ਜਿਸ ਨੇ ਉੜੀਸਾ ਵਿਚ ਹਿੰਸਾ ਦੀ ਜਾਂਚ ਕਰਨ ਲਈ ਟੀਮਾਂ ਦੀ ਨਿੱਜੀ ਤੌਰ 'ਤੇ ਅਗਵਾਈ ਕੀਤੀ ਹੈ, ਨੇ ਇਸ ਮੌਕੇ ਹੋਏ ਸਮਾਗਮ 'ਚ ਇਕ ਪੈਨਲ ਦੀ ਰਹਿਨੁਮਾਈ ਕੀਤੀ। ਇਸ ਸਮਾਗਮ ਵਿਚ ਵਿਚ ਸੰਨ 2008 ਵਿਚ ਕੰਧਮਾਲ ਜ਼ਿਲੇ ਵਿਚ ਕਸ਼ਮੀਰ ਦੇ ਈਸਾਈਆਂ ਵਿਰੁੱਧ ਹੋਏ ਕਤਲੇਆਮ, ਦਿੱਲੀ ਦੀ ਸੰਨ 1984 ਵਿਚ ਹੋਈ ਸਿੱਖ ਨਸਲਕੁਸ਼ੀ ਦੇ ਪੀੜਤਾਂ ਅਤੇ ਉੱਤਰ ਪ੍ਰਦੇਸ਼ ਵਿਚ ਸੰਨ 20 13 ਵਿਚ ਮੁਜ਼ੱਫਰਨਗਰ ਕਤਲੇਆਮ ਦੇ ਪੀੜਤ ਸ਼ਾਮਲ ਸਨ। ਇਸ ਮੌਕੇ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਜੌਨ ਦਿਆਲ ਨੇ ਕਿਹਾ,ਕਿ "ਇਹ ਕੇਸ ਦਹਾਕਿਆਂ ਜਾਂ ਸਾਲਾਂ ਦੇ ਲਿਹਾਜ਼ ਨਾਲ ਵੱਖਰੇ ਹਨ, ਸੈਂਕੜੇ ਅਤੇ ਹਜ਼ਾਰਾਂ ਕਿਲੋਮੀਟਰ ਦੂਰ ਦੇ ਵੀ ਹਨ, ਪਰ ਇਕ ਆਮ ਸਾਂਝੀ ਵੰਡ ਦੇ ਆਧਾਰ ਉਤੇ ਕਾਤਲਾਂ ਨੂੰ ਇਕ ਸੱਜੇ-ਪੱਖੀ ਵਿਚਾਰਧਾਰਾ ਦੀ ਸ਼ਹਿ ਮਿਲੀ ਹੋਈ ਸੀ, ਭਾਵੇਂ ਕਿ ਇਹ ਕਾਤਲ ਕਿਸੇ ਵੀ ਸਮੇਂ, ਕਿਸੇ ਵੀ ਸਿਆਸੀ ਪਾਰਟੀ ਜਾਂ ਜਥੇਬੰਦੀ ਦੇ ਪੈਚ ਪਹਿਨੇ ਹੋਏ ਸਨ।" ਦਿਆਲ ਦੀ




ਟਿੱਪਣੀ ਤੋਂ ਬਾਅਦ, ਵਿਜੇਯਾਨ ਐਮ.ਜੇ. ਸਮੇਤ ਸਾਰੇ ਛੇ ਪੈਨਲਿਸਟਾਂ ਨੇ ਦਿਆਲ ਦੇ ਦਾਅਵੇ ਦੀ ਪੁਸ਼ਟੀ ਕੀਤੀ ਕਿ ਰਾਸ਼ਟਰੀ ਸਵੈ ਸੇਵਕ ਸੰਘ (ਆਰਐੱਸਐੱਸ.) ਅਤੇ ਇਸ ਦੇ ਸਹਿਭਾਗੀ, ਵਿਸ਼ਵ ਹਿੰਦੂ ਪ੍ਰੀਸ਼ਦ (ਵੀਐਚਪੀ) ਨੇ ਵੱਖ-ਵੱਖ ਕਤਲੇਆਮਾਂ ਵਿਚ ਸੰਗਠਿਤ ਹੋ ਕੇ ਹਿੱਸਾ ਲਿਆ। ਆਰਐਸਐਸ ਭਾਰਤ ਦੀ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਵਿਚਾਰਕ ਸਮਰਥਨ ਪ੍ਰਦਾਨ ਕਰਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਭਾਜਪਾ ਦੀ ਜ਼ਿਆਦਾਤਰ ਕੇਂਦਰੀ ਕੈਬਨਿਟ ਵਿਚ ਆਰਐੱਸਐੱਸ. ਦੇ ਮੈਂਬਰ ਹਨ। ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਹੋਰ ਸੰਗਠਨਾਂ ਦੇ ਨਾਲ.ਬੀਜੇਪੀ ਸਾਂਝੇ ਤੌਰ 'ਤੇ ਸੰਘ ਪਰਿਵਾਰ ਦੇ ਤੌਰ 'ਤੇ ਜਾਣੇ ਜਾਂਦੇ ਹਨ। ਭਗਤ ਸਿੰਘ ਅੰਬੇਦਕਰ ਸਟੂਡੈਂਟਸ ਸੰਸਥਾ ਦੇ ਨੇਤਾ ਅਨਿਰਬਾਨ ਭੱਟਾਚਾਰਿਆ ਨੇ ਦੱਸਿਆ ਕਿ "ਕੰਧਮਾਲ ਨੂੰ 10 ਸਾਲਾਂ ਬਾਅਦ ਕਿਉਂ ਯਾਦ ਕੀਤਾ ਜਾਂਦਾ ਹੈ?" ਉਸ ਨੇ ਸਮਝਾਇਆ ਕਿ "ਕੰਧਮਾਲ ਨੂੰ ਯਾਦ ਕਰਨ ਦੀ ਮਹੱਤਵਪੂਰਨ ਗੱਲ ਇਹ ਹੈ ਕਿ ਮੁਜ਼ੱਫਰਨਗਰ ਨੂੰ ਯਾਦ ਕਰਕੇ, ਸੰਨ 1984 ਨੂੰ ਚੇਤੇ ਕਰਨਾ ਹੈ ਕਿ ਅਸੀਂ ਕਿੱਥੇ ਗਲਤ ਹਾਂ।" ਉੜੀਸਾ ਦੇ ਕੰਧਮਾਲ ਜ਼ਿਲ੍ਹੇ ਵਿਚ ਹੋਏ ਕਤਲੇਆਮ ਨਾਲ ਉੜੀਸਾ ਵਿਚ ਹੀ ਹੋਏ ਇਕ ਹੋਰ ਸੰਨ 1999 ਵਿਚ ਆਸਟ੍ਰੇਲੀਅਨ ਮਿਸ਼ਨਰੀ ਗ੍ਰਾਹਮ ਸਟੀਨਜ਼ ਦੇ ਕਤਲ ਸਬੰਧਾਂ ਨੂੰ ਜੋੜਦਿਆਂ ਉਸ ਨੇ ਕਿਹਾ,"ਮੈਨੂੰ ਲੱਗਦਾ ਹੈ ਕਿ ਸਾਡੇ ਸਾਰਿਆਂ ਨੇ ਉਹ ਪੜ੍ਹਿਆ ਹੋਵੇਗਾ ਜੋ ਫਾਦਰ ਅਤੇ ਉਸ ਦੇ ਪਰਿਵਾਰ ਨਾਲ ਸੰਨ 1999 ਵਿਚ ਹੋਇਆ। ਇਸ ਨੂੰ ਆਰਐਸਐਸ ਨੇ ਉਭਾਰਿਆ ਸੀ ਕਿ ਅਸੀਂ ਇੱਥੇ ਵਧੇਰੇ ਹਮਲਾਵਰ ਹੋ ਸਕਦੇ ਹਾਂ।" ਭਗਤਚਾਰੀਆ ਨੇ ਸੁਝਾਅ ਦਿੱਤਾ ਕਿ ਹਰ ਕੋਈ ਜਾਣਦਾ ਸੀ ਕਿ ਅਜਿਹੀਆਂ ਗਤੀਵਿਧੀਆਂ ਹਿੰਸਾ ਨਾਲ ਜੁੜੀਆਂ ਹੋਣਗੀਆਂ। ਵਿਹਿਪ ਨੇ ਕਿਹਾ ਸੀ ਕਿ ਈਸਾਈ ਧਰਮ ਤੋਂ "ਹਿੰਦੂ ਧਰਮ" ਨੂੰ ਬਚਾਉਣਾ ਹੈ। ਵਿਦੇਸ਼ੀ ਧਰਮ ਤੋਂ ਦੇਸ਼ ਨੂੰ ਸਾਫ ਕਰਨ ਦਾ ਮਤਲਬ ਸਪੱਸ਼ਟ ਸੀ ਕਿ "ਚੇਤਾਵਨੀ ਦੇ ਸੰਕੇਤ ਸਨ।" ਅਧਿਕਾਰੀਆਂ ਨੇ ਉਨ੍ਹਾਂ ਸੰਕੇਤਾਂ ਨੂੰ ਨਜ਼ਰਅੰਦਾਜ਼ ਕੀਤਾ।" ਉਨ੍ਹਾਂ ਕਿਹਾ ਕਿ ਸਾਡੀਆਂ ਅਖੌਤੀ ਧਰਮ ਨਿਰਪੱਖ ਤਾਕਤਾਂ ਜੋ ਹਿੰਦੂਤਵ ਦੇ ਅੱਤਵਾਦ ਨਾਲ ਸਬੰਧਤ ਨਹੀਂ ਸਨ, ਵੀ ਚੁੱਪ ਰਹੀਆਂ। ਮਨੁੱਖੀ ਅਧਿਕਾਰਾਂ ਦੀ ਹਾਲਤ ਕੌਮੀ ਪੱਧਰ 'ਤੇ ਵਿਗੜ ਗਈ ਹੈ। ਅੱਜ, ਗ੍ਰਾਹਮ ਸਟੀਨਜ਼ ਵਰਗੇ ਕਾਂਡ ਪੂਰੇ ਦੇਸ਼ ਵਿਚ ਹੋ ਰਹੇ ਹਨ। ਕੌਮੀ ਮੁਹਿੰਮ ਦੇ ਦਲਿਤ ਮਾਨਵ ਅਧਿਕਾਰਾਂ (ਐਨਸੀਡੀਐਚਆਰ) ਦੇ ਦਿਵਾਕਰ ਨੇ ਜਾਤੀ ਨੂੰ ਹਿੰਸਾ ਦੇ ਬੁਨਿਆਦੀ ਤੱਤ ਵਜੋਂ ਛੂਹਿਆ। ਉਨ੍ਹਾਂ ਕਿਹਾ ਕਿ "ਇਹ ਧਰਮਾਂ ਵਿਚ ਲੜਾਈ ਨਹੀਂ ਹੈ, ਇਹ ਮੁੱਖ ਤੌਰ ਤੇ ਉਨ੍ਹਾਂ ਭਾਈਚਾਰਿਆਂ ਵਿਚਾਲੇ ਲੜਾਈ ਹੈ ਜਿਨ੍ਹਾਂ ਨੂੰ ਲੰਬੇ ਸਮੇਂ ਤੋਂ ਬਾਹਰ ਧੱਕ ਦਿੱਤਾ ਜਾਂਦਾ ਰਿਹਾ ਹੈ, ਭਾਵੇਂ ਕਿ ਉਹ ਬਰਾਬਰ ਦੇ ਮਨੁੱਖ ਹਨ, ਭਾਵੇਂ ਕਿ ਉਨ੍ਹਾਂ ਨੇ ਹਰ ਤਰ੍ਹਾਂ ਦਾ ਯੋਗਦਾਨ ਦਿੱਤਾ ਹੈ। ਉਨ੍ਹਾਂ ਨੇ ਆਪਣਾ ਜੀਵਨ ਬਿਹਤਰ ਬਣਾਉਣ ਲਈ ਆਪਣੇ ਵੱਲੋਂ ਭਰਪੂਰ ਕੋਸ਼ਿਸ਼ ਕੀਤੀ ਹੈ, ਚਾਹੇ ਉਹ ਬਿਜ਼ਨਸ ਰਾਹੀਂ, ਚਾਹੇ ਉਹ ਧਾਰਮਿਕ ਰੂਪਾਂਤਰ ਦੁਆਰਾ, ਚਾਹੇ ਸਿੱਖਿਆ ਰਾਹੀਂ ਤੇ ਚਾਹੇ ਕਿਸਾਨੀ ਰਾਹੀਂ। ਦਲਿਤ (ਪਹਿਲਾਂ ਅਛੂਤ ਕਹਿੰਦੇ ਸਨ) ਅਤੇ ਆਦਿਵਾਸੀ ਅਕਸਰ ਜਾਤ ਤੋਂ ਬਚਣ ਲਈ ਗੈਰ-ਹਿੰਦੂ ਧਰਮ ਅਪਣਾਉਂਦੇ ਰਹੇ ਹਨ। ਦਿਵਾਕਰ ਨੇ ਸਿੱਟਾ ਕੱਢਿਆ ਕਿ, "ਸੰਨ 2008 ਵਿਚ, ਇਹ ਮੁੱਖ ਤੌਰ ਤੇ ਈਸਾਈਆਂ ਦੇ ਵਿਰੁੱਧ ਵਿਆਪਕ ਹਮਲਾ ਬਣ ਗਿਆ ਕਿਉਂਕਿ ਪਿਛਲੇ ਤਿੰਨ ਤੋਂ ਚਾਰ ਦਹਾਕਿਆਂ ਵਿਚ ਦਲਿਤ ਅਤੇ ਕੁਝ ਆਦਿਵਾਸੀਆਂ ਨੇ ਆਪਣੇ ਸਨਮਾਨ ਲਈ ਧਾਰਮਿਕ ਬਦਲਉ ਰਾਹੀਂ ਈਜਾਈਆਂ ਦੀ ਸ਼ਰਨ ਲੈਣ ਦੀ ਕੋਸ਼ਿਸ਼ ਕੀਤੀਸੀ। ਇਸ ਲਈ ਮੈਂ ਸੋਚਦਾ ਹਾਂ ਕਿ ਅਸੀਂ ਇਸ ਨੂੰ ਧਾਰਮਿਕ, ਫਿਰਕੂ ਵੰਡ ਦੇ ਤੌਰ ਤੇ ਮੰਨਦੇ ਹਾਂ, ਸਾਨੂੰ ਇਹ ਵੀ ਦੇਖਣਾ ਚਾਹੀਦਾ ਹੈ ਕਿ ਪਰਤ ਦੇ ਹੇਠਾਂ ਇਹ ਜਾਤੀ 'ਤੇ ਜ਼ੁਲਮ ਦੇ ਪੱਖ ਤੋਂ ਵੀ ਉਭਰ ਰਹੀ ਹੈ।"

## ਡਾ. ਗੁਰੂਮੇਲ ਸਿੱਧੂ ਦੀ ਪੁਸਤਕ 'ਸਿਮਰਤੀ ਦੇ ਹਾਸ਼ੀਏ' ਫਰਿਜ਼ਨੋ ਵਿਖੇ ਲੋਕ ਅਰਪਣ



**ਫਰਿਜ਼ਨੋ/ਹੁਸਨ ਲੜੋਆ ਬੰਗਾ :** ਸਥਾਨਕ ਪੰਜਾਬੀ ਸਹਿਤ ਅਕਾਡਮੀ ਵੱਲੋਂ ਪਿਛਲੇ ਦਿਨੀਂ ਫਰਿਜ਼ਨੋਂ ਦੇ ਗੁਰਦਵਾਰਾ ਸਿੰਘ ਸਭਾ ਵਿਖੇ ਡਾ. ਗੁਰੂਮੇਲ ਸਿੰਘ ਸਿੱਧੂ ਦੀ ਸਵੈਜੀਵਨੀ ਤੇ ਉਨ੍ਹਾਂ ਦੀ ਸਾਤਿਹਕ ਸਫ਼ਰ ਨੂੰ ਦਰਸਾਉਂਦੀ ਪੁਸਤਕ 'ਸਿਮਰਤੀ ਦੇ ਹਾਸ਼ੀਏ' ਲੋਕ ਅਰਪਣ ਕੀਤੀ ਗਈ। ਇਸ ਮੌਕੇ ਪੰਜਾਬੀ ਯੂਨੀਵਰਸਿਟੀ ਦੇ ਡੀਨ ਤੇ ਉਘੇ ਫੋਟਗ੍ਰਾਫ਼ਰ ਦੇਵ ਇੰਦਰ ਨੇ ਆਪਣੀ ਫੋਟੋਗ੍ਰਾਫ਼ੀ ਸਬੰਧੀ ਇਕ ਸਲਾਈਡ ਸ਼ੋਅ ਵੀ ਵਿਖਾਇਆ ਜਿਹੜਾ ਕਿ ਆਏ ਸੱਜਣਾਂ ਨੇ ਬੜੇ ਗਹੁ ਨਾਲ ਵੇਖਿਆ। ਉਪਰੰਤ ਡਾ. ਗੁਰੂਮੇਲ ਦੀ ਪੁਸਤਕ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਤਰਕਸ਼ੀਲ ਅਵਤਾਰ ਗੁੰਦਾਰਾ, ਲੇਖਕ ਸੰਤੋਖ ਸਿੰਘ ਮਿਨਹਾਸ, ਸ਼ਾਇਰ ਅਸ਼ਰਫ਼ ਗਿੱਲ, ਸ਼ਾਇਰ ਸੁੱਖੀ ਧਾਲੀਵਾਲ, ਗਾਇਕ ਕੰਵਲਜੀਤ ਬੈਨੀਪਾਲ, ਸ਼ਾਇਰ ਰਣਜੀਤ ਗਿੱਲ ਸਮੇਤ ਹੋਰ ਵੀ ਬਹੁਤ ਸਾਰੇ ਸੱਜਣਾਂ ਨੇ ਆਪਣੇ ਵਿਚਾਰ ਰੱਖੇ। ਅੰਤ ਵਿਚ ਰਸਮੀਂ ਤੌਰ 'ਤੇ ਪੁਸਤਕ ਲੋਕ ਅਰਪਣ ਕੀਤੀ ਗਈ। ਇਸ ਪੂਰੇ ਸਮਾਗਮ ਦੌਰਾਨ ਸਟੇਜ ਸੰਚਾਲਨ ਉਘੇ ਸ਼ਾਇਰ ਹਰਜਿੰਦਰ ਕੰਗ ਨੇ ਬਾਖੂਬੀ ਨਿਭਾਇਆ।

DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਤ੍ਰਿਸ਼ੂਲ ਚੁੱਕਣ ਨਾਲ ਮਨ ਲੜਨ ਲਈ ਤਿਆਰ ਹੁੰਦਾ ਹੈ : ਵਿਸ਼ਵ ਹਿੰਦੂ ਕਾਂਗਰਸ ਸੰਸਥਾਪਕ





**ਸ਼ਿਕਾਗੋ/ਬਿਊਰੋ ਨਿਊਜ਼ :**
ਵਿਸ਼ਵ ਹਿੰਦੂ ਕਾਂਗਰਸ ਦੇ ਸੰਸਥਾਪਕ ਸਵਾਮੀ ਵਿਗਿਆਨਾਨੰਦ ਨੇ ਕਦੇ ਕਿਹਾ ਹੈ ਕਿ, "ਤ੍ਰਿਸ਼ੂਲ ਸਾਨੂੰ ਇਹ ਸੁਨੇਹਾ ਭੇਜਦਾ ਹੈ ਕਿ ਸਾਨੂੰ ਖੜ੍ਹੇ ਹੋਣਾ ਅਤੇ ਲੜਨਾ ਚਾਹੀਦਾ ਹੈ। ਨਾਲ ਹੀ ਉਨ੍ਹਾਂ ਇਹ ਵੀ ਕਿਹਾ ਸੀ ਕਿ ਤੁਸੀਂ ਤ੍ਰਿਸ਼ੂਲ ਦੇ ਨਾਲ ਭਾਵੇਂ ਕਿਸੇ ਨੂੰ ਨਹੀਂ ਮਾਰ ਸਕਦੇ ਪਰ ਇਹ ਚਿੰਨ੍ਹਾਤਮਕ ਤੌਰ 'ਤੇ ਸਾਨੂੰ ਇਸ ਲਈ ਤਿਆਰ ਕਰਦਾ ਹੈ।" ਵਿਸ਼ਵ ਹਿੰਦੂ ਪ੍ਰੀਸ਼ਦ ਦੇ ਜਨਰਲ ਸਕੱਤਰ ਵਿਗਿਆਨਨੰਦ ਨੂੰ "ਵਿਸ਼ਵ ਹਿੰਦੂ ਪ੍ਰੀਸ਼ਦ ਦੇ ਦਿਮਾਗ" ਦੇ ਤੌਰ 'ਤੇ ਪਰਚਾਰਿਆ ਜਾਂਦਾ ਹੈ। ਉਹ ਸ਼ਿਕਾਗੋ ਵਿਚ ਸਤੰਬਰ-2018 ਵਿਚ ਹੋਣ ਵਾਲੀ ਹਿੰਦੂ ਕਨਵੈਨਸ਼ਨ ਵਿਚ ਵੀ ਸ਼ਾਮਲ ਹੋਣਗੇ, ਜਿੱਥੇ ਉਹ ਇਕ ਪੂਰੇ ਸੈਸ਼ਨ ਵਿਚ ਬੋਲਣਗੇ। 'ਦਿ ਫਾਈਨੈਂਸ਼ੀਅਲ ਐਕਸਪ੍ਰੈਸ' ਮੁਤਾਬਕ, "ਸਵਾਮੀ "ਇੱਕ ਹਿੰਦੂ ਰਾਜ" ਦੀ ਸਥਾਪਨਾ ਦੀ ਮੰਗ ਅਕਸਰ ਕਰਦਾ ਹੈ। ਭਾਰਤ ਦੇ ਆਉਟਲੁੱਕ ਰਸਾਲੇ ਵਿਚ ਮਈ 2003 ਦੀ ਇਕ ਇੰਟਰਵਿਊ ਵਿਚ ਸਵਾਮੀ ਦੀ ਟਿੱਪਣੀ ਧਿਆਨ ਦੇਣ ਵਾਲੀ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਤ੍ਰਿਸ਼ੂਲ ਵੰਡ ਪ੍ਰੋਗਰਾਮ ਬਾਰੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ, "ਜਨਤਾ ਦੀ ਰੱਖਿਆ ਕੌਣ ਕਰੇਗਾ ? ਪੁਲਿਸ ਜਾਂ ਫ਼ੌਜ ਇਹ ਨਹੀਂ ਕਰ ਸਕਦੇ, ਕਿਉਂਕਿ ਉਹ ਇਸ ਲਈ ਅਯੋਗ ਹਨ। ਤ੍ਰਿਸ਼ੂਲ ਸਾਨੂੰ ਇਕ ਸੁਨੇਹਾ ਭੇਜਦਾ ਹੈ ਕਿ ਸਾਨੂੰ ਖੜੇ ਹੋਣਾ ਅਤੇ ਲੜਨਾ ਚਾਹੀਦਾ ਹੈ। ਤੁਸੀਂ ਤ੍ਰਿਸ਼ੂਲ ਦੇ ਨਾਲ ਕਿਸੇ ਨੂੰ ਨਹੀਂ ਮਾਰ ਸਕਦੇ ਪਰ ਸੰਕੇਤ ਅਤੇ ਵਿਚਾਰ ਆਪਸ ਵਿਚ ਜੁੜੇ ਹੋਏ ਹੁੰਦੇ ਹਨ, ਇਸ ਲਈ ਜਦੋਂ ਮਨ ਤਿਆਰ ਹੁੰਦਾ ਹੈ, ਤਾਂ ਸਭ ਕੁਝ ਹੁੰਦਾ ਹੈ।" ਇਸ ਕਰਕੇ ਹੀ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਦੇ ਕਾਰਕੁੰਨ ਤ੍ਰਿਸ਼ੂਲ ਨੂੰ ਪ੍ਰਦਰਸ਼ਿਤ ਕਰਦੇ ਹਨ। ਇਥੇ ਹੀ ਬਸ ਨਹੀਂ, ਉਨ੍ਹਾਂ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਤ੍ਰਿਸ਼ੂਲ ਦੇ ਨਵੇਂ ਡਿਜ਼ਾਇਨ ਦੀ ਸ਼ਲਾਘਾ ਕਰਦਿਆਂ ਕਿਹਾ, ਕਿ "ਇਹ ਇਕ ਸਟੀਲ ਦਾ, ਇੰਚ ਤੋਂ ਘੱਟ ਲੰਬਾਈ ਦਾ ਬਣਿਆ ਹੈ, ਤਾਂ ਕਿ ਭਾਰਤ ਦੇ ਆਰਮਜ਼ ਐਕਟ ਤਹਿਤ ਹਥਿਆਰ ਦੀ ਸ਼੍ਰੈਣੀ ਵਿਚ ਨਾ ਆਵੇ।" ਸਵਾਮੀ ਅਨੁਸਾਰ, "ਇਹ ਇਕ ਵਧੀਆ ਮਾਡਲ ਹੈ, ਇਹ ਸੁਖਾਲੇ ਢੰਗ ਨਾਲ ਇਕ ਪੈਕਟ ਵਿਚ ਜਿਸ ਨੂੰ ਅਸੀਂ ਪਲਾਸਿਟਕ ਵਿਚ ਤਿਆਰ ਕੀਤਾ ਹੈ, ਵਿਚ ਬਜਰੰਗ ਦਲ ਦੇ ਵਰਕਰ ਪਾਉਂਦੇ ਹਨਾ ਇਹ ਬਜਰੰਗ ਦਲ ਵਿਚ ਭਰਤੀ ਹੋਣ ਲਈ ਨੌਜਵਾਨਾਂ ਨੂੰ ਆਕਰਸ਼ਿਤ ਕਰਦਾ ਹੈ ਅਤੇ ਇਹ ਇਕ ਬਹੁਤ ਵਧੀਆ ਮਨੋਬਲ-ਬੂਸਟਰ ਹੈ।"
ਗੌਰਤਲਬ ਹੈ ਕਿ ਬਜਰੰਗ ਦਲ (ਵਿਸ਼ਵ ਹਿੰਦੂ ਪ੍ਰੀਸ਼ਦ ਦਾ ਯੁਵਾ ਵਿੰਗ) ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੋਵੇਂ ਸੀਆਈਏ ਵੱਲੋਂ "ਅੱਤਵਾਦੀ ਧਾਰਮਿਕ ਸੰਗਠਨ" ਵਜੋਂ ਘੋਸ਼ਿਤ ਕੀਤੇ ਗਏ ਸਨ। ਕਈ ਦਹਾਕਿਆਂ ਤੋਂ ਇਨ੍ਹਾਂ ਵੱਲੋਂ ਸਮੂਹਾਂ ਦੇ ਰੂਪ ਵਿਚ ਸਾਂਝੇ ਤੌਰ ਤੇ "ਤ੍ਰਿਸ਼ੂਲ ਵੰਡ" ਸਮਾਗਮਾਂ ਦਾ ਆਯੋਜਨ ਕੀਤਾ ਜਾਂਦਾ ਆ ਰਿਹਾ ਹੈ।ਅਪਰੈਲ 2003 ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸਾਬਕਾ ਮੁਖੀ ਪ੍ਰਵੀਨ ਤੋਗੜੀਆ ਨੂੰ ਰਾਜਸਥਾਨ ਵਿਚ 3000 ਕਾਰਕੁੰਨਾਂ ਦੇ ਇਕੱਠ ਵਿਚ ਤ੍ਰਿਸ਼ੂਲ ਵੰਡਣ ਕਰਕੇ ਗ੍ਰਿਫਤਾਰ ਕੀਤਾ ਗਿਆ ਸੀ।
ਮਨੁੱਖੀ ਅਧਿਕਾਰ ਸੰਗਠਨ (ਐਚਆਰਡਬਲਯੂ) ਨੇ ਰਿਪੋਰਟ ਦਿੱਤੀ ਸੀ, ਕਿ "ਗੁਜਰਾਤ ਦੇ ਮੁਸਲਮਾਨਾਂ ਖਿਲਾਫ ਹਿੰਸਾ ਲਈ ਸਿੱਧੇ ਤੌਰ ਤੇ ਜ਼ਿੰਮੇਵਾਰ ਸਮੂਹਾਂ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ, ਸੱਤਾਧਾਰੀ ਬੀਜੇਪੀ ਅਤੇ ਰਾਸ਼ਟਰੀ ਸਵੈ ਸੇਵਕ ਸੰਘ ਸ਼ਾਮਲ ਸਨ। ਇਹੀ ਵਜ੍ਹਾ ਹੈ ਕਿ ਸ਼ਿਕਾਗੋ ਦੇ ਹਿੰਦੂ ਸਮਾਗਮ ਦੇ ਬਾਈਕਾਟ ਦੀ ਮੰਗ ਕੀਤੀ ਜਾ ਰਹੀ ਹੈ। ਆਯੋਜਕਾਂ ਦੇ ਮਨੋਰਥ ਬਾਰੇ ਸ਼ੱਕ ਹੈ, ਵਿਗਿਆਨਾਨੰਦ ਦੇ ਮਿਸ਼ਨ ਦੀ ਜਾਂਚ ਕਰਨ ਲਈ ਵਿਜੀਅਨਾਨੰਦ ਦੁਆਰਾ ਤਿਆਰ ਕੀਤਾ ਗਿਆ ਇਕ ਆਪਣਾ 'ਕੌਮੀ ਟੀਚਾ' ਦਾ ਜ਼ਿਕਰ ਕਰਨ ਵਾਲਾ ਕਿਤਾਬਚਾ ਹੈ। ਸਵਾਮੀ ਕਹਿੰਦੇ ਹਨ, " ਅਸੀਂ ਭਾਰਤਵਿਚ ਇੱਕ ਹਿੰਦੂ ਰਾਜ ਸਥਾਪਿਤ ਕਰਾਂਗੇ, ਜੋ ਸਾਡਾ ਰਾਸ਼ਟਰ ਹੋਵੇਗਾ। ਇਹ ਇਕ ਅਜਿਹਾ ਰਾਜ ਹੋਵੇਗਾ ਜਿਸ ਦੀ ਸਥਾਪਨਾ ਹਿੰਦੂ ਆਦਰਸ਼ਾਂ 'ਤੇ ਕੀਤੀ ਜਾਵੇਗੀ, ਜੋ ਕਿ ਹਿੰਦੂ ਮੁੱਲਾਂ ਅਨੁਸਾਰ ਰਾਜ ਦੇ ਕਾਰਜਾਂ ਦਾ ਸੰਚਾਲਨ ਕਰੇਗਾ ਤੇ ਜੋ ਹਿੰਦੂਆਂ ਦੇ ਸਰਬ-ਉੱਚ ਪੁਨਰ-ਉਭਾਰ ਲਈ ਕੰਮ ਕਰੇਗਾ।"

## ਪਾਰਟੀ ਦੀ ਪ੍ਰਧਾਨਗੀ ਤੋਂ ਲਾਂਭੇ ਹੋਣ ਸੁਖਬੀਰ ਬਾਦਲ : ਕਿਰਨਜੋਤ ਕੌਰ

ਅੰਮ੍ਰਿਤਸਰ/ ਬਿਊਰੋ ਨਿਊਜ਼ : ਸ਼੍ਰੋਮਣੀ ਕਮੇਟੀ ਮੈਂਬਰ ਤੇ ਸਾਬਕਾ ਜਨਰਲ ਸਕੱਤਰ ਬੀਬੀ ਕਿਰਨਜੋਤ ਕੌਰ ਨੇ ਮੰਗ ਕੀਤੀ ਹੈ ਕਿ ਸੁਖਬੀਰ ਬਾਦਲ ਦਲ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਕੇ ਪੰਥਕ ਮਰਿਆਦਾ ਦੇ ਕੀਤੇ ਘਾਣ ਦੀ ਜ਼ਿੰਮੇਵਾਰੀ ਕਬੂਲਣ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੂੰ ਤੁਰੰਤ ਦਲ ਦੀ ਪ੍ਰਧਾਨਗੀ ਤੋਂ ਅਸਤੀਫਾ ਦੇਕੇ ਲਾਂਭੇ ਹੋ ਜਾਣਾ ਚਾਹੀਦਾ ਹੈ ਤੇ ਮਰਿਆਦਾ ਦੇ ਕੀਤੇ ਘਾਣ ਲਈ ਮੁਆਫੀ ਮੰਗਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਹੁਣ ਕਿਸੇ ਹੋਰ ਨੂੰ ਦਲ ਦੀ ਜ਼ਿੰਮੇਵਾਰੀ ਸੰਭਾਲਣ ਦਾ ਮੌਕਾ ਦਿੱਤਾ ਜਾਵੇ ।ਗੌਰਤਲਬ ਹੈ ਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਵਲੋਂ ਡੇਰਾ ਸਿਰਸਾ ਮੁਖੀ ਨੂੰ ਤਖਤਾਂ ਦੇ ਜਥੇਦਾਰਾਂ ਪਾਸੋਂ ਮਾਫ਼ੀ ਦੇਣ ਦੀ ਸਾਰੀ ਵਿਉਤਬੰਦੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਆਖ ਕੇ ਇਸ ਨੂੰ ਮਰਿਆਦਾ ਦਾ ਘਾਣ ਕਰਾਰ ਦਿੱਤਾ ਸੀ। ਹੁਣ ਕਮੇਟੀ ਦੇ ਸਾਬਕਾ ਪਰਧਾਨ ਅਵਤਾਰ ਸਿੰਘ ਮੱਕੜ ਦੀ ਇੱਕ ਅੰਗਰੇਜ਼ੀ ਅਖਬਾਰ ਵਿੱਚ ਛਪੀ ਇੰਟਰਵਿਊ ਦਾ ਹਵਾਲਾ ਦਿੰਦਿਆਂ ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ, ਅਣਗਿਣਤ ਸਿੱਖ ਸ਼ਹਾਦਤਾਂ ਉਪਰੰਤ ਹੋਂਦ ਵਿੱਚ ਆਇਆ ਤੇ ਇਸਦਾ ਇਤਿਹਾਸ ਮਾਣ ਮੱਤਾ ਹੈ ਪਰ ਸ. ਮੱਕੜ ਵਲੋਂ ਦਿੱਤੀ ਗਈ ਜਾਣਕਾਰੀ ਕਿ ਡੇਰਾ ਸਿਰਸਾ ਮੁਖੀ ਨੂੰ ਤਖਤਾਂ ਦੇ ਜਥੇਦਾਰਾਂ ਪਾਸੋਂ ਮੁਆਫੀ ਦੀ ਜ਼ਿੰਮੇਵਾਰੀ, ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਨਿਭਾਈ ਹੈ ਤਾਂ ਇਹ ਕੌਮੀ ਵਿਸ਼ਵਾਸ਼ ਦਾ ਘਾਣ ਹੈ।

## ਬੱਬੂ ਮਾਨ ਨੇ ਰੰਗਾਰੰਗ ਪ੍ਰੋਗਰਾਮ ਵਿਚ ਪੰਜਾਬੀ ਗੀਤਾਂ ਦੀ ਛਹਿਬਰ ਲਗਾਈ



**ਸਿਆਟਲ/ਬਿਊਰੋ ਨਿਊਜ਼ :** 25 ਅਗਸਤ ਨੂੰ ਫਾਲਕਨ ਇੰਟਰਟੇਨਮੈਂਟ ਵੱਲੋਂ ਐਵਰਟ ਸਿਆਟਲ ਵਿਖੇ ਬੱਬੂ ਮਾਨ ਦਾ ਸ਼ੋਅ ਕਰਵਾਇਆ ਗਿਆ ਜੋ ਯਾਦਗਾਰੀ ਹੋ ਨਿੱਬੜਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਪ੍ਰਬੰਧਕ ਰਜਿੰਦਰ ਸਿੰਘ (ਰਾਜਾ ਮੁੰਡੀਆਂ) ਅਤੇ ਰਾਜਦੀਪ ਸ਼ਾਹੀ ਨੇ ਦੱਸਿਆ ਕਿ ਸਰੋਤਿਆਂ ਨੇ ਬਹੁਤ ਹੀ ਸਹਿਯੋਗ ਦਿੱਤਾ ਅਤੇ ਸਮੁੱਚਾ ਪ੍ਰੋਗਰਾਮ ਬਿਨਾ ਕਿਸੇ ਹੁੱਲੜਬਾਜ਼ੀ ਦੇ ਸਿਰੇ ਚੜ੍ਹਿਆ। ਉਨ੍ਹਾਂ ਦੱਸਿਆ ਕਿ ਆਮ ਕਰਕੇ ਪੰਜਾਬੀ ਗਾਇਕਾਂ ਦੇ ਸ਼ੋਅ ਵਿਚ ਰੌਲਾ-ਰੱਪਾ ਪੈਂਦਾ ਹੈ ਪਰ ਕਿਉਂਕਿ ਇਹ ਇਕ ਪਰਿਵਾਰਕ ਸ਼ੋਅ ਕਰਵਾਇਆ ਗਿਆ ਸੀ, ਇਸ ਕਰਕੇ ਸਰੋਤੇ ਵੀ ਬਹੁਤੇ ਪਰਿਵਾਰਾਂ ਸਮੇਤ ਇਸ ਵਿਚ ਪਹੁੰਚੇ ਸਨ। ਸਭ ਨੇ ਸ਼ਾਂਤਮਈ ਤਰੀਕੇ ਨਾਲ ਬੱਬੂ ਮਾਨ ਦੇ ਪੰਜਾਬੀ ਗੀਤਾਂ ਦਾ ਆਨੰਦ ਮਾਣਿਆ। ਸ਼ੋਅ ਦੀ ਸ਼ੁਰੂਆਤ ਏਬੀਸੀਭੰਗੜਾ ਗਰੁੱਪ (ਕੈਂਟ) ਨੇ ਬਹੁਤ ਹੀ ਵਧੀਆ ਭੰਗੜੇ ਨਾਲ ਕੀਤੀ। ਮੰਚ ਸੰਚਾਲਨ ਕਰਦਿਆਂ ਆਸ਼ਾ ਸ਼ਰਮਾ ਨੇ ਆਪਣੇ ਵਿਲੱਖਣ ਅੰਦਾਜ਼ ਵਿਚ ਖੂਬਸੂਰਤ ਸ਼ਾਇਰੀ ਨਾਲ ਸ੍ਰੋਤਿਆਂ ਨੂੰ ਕੀਲ ਕੇ ਰੱਖਿਆ। ਇਸ ਸ਼ੋਅ ਦੇ ਮੁੱਖ ਸਪਾਸਰ ਬਲਬੀਰ ਸਿੰਘ ਅਤੇ ਕੋ ਸਪਾਸਰ ਹਰਨੇਕ ਸਿੰਘ ਸਨ। ਟਾਈਟਲ ਸਪਾਂਸਰ ਸ਼ਾਹੀ ਵਰਲਡ ਟੂਰ ਐਂਡ ਟਰੈਵਲਰ ਸੀ ਤੇ ਸ਼ੋਅ ਦੇ ਕੋਆਡੀਨੇਟਰ ਜੇ. ਟੀ ਮੁੰਡੀ ਅਤੇ ਅਮਨ ਤੂਰ ਸਨ।

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates


Kuldeep Singh Kang


Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਪੰਚਾਇਤੀ ਚੋਣਾਂ 'ਚ ਹੋਵੇਗੀ ਅਕਾਲੀ ਦਲ ਦੀ ਅਗਨੀ-ਪ੍ਰੀਖਿਆ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਚ ਪਿਛਲੇ ਇਕ ਸਾਲ ਦੇ ਸਮੇਂ ਦੌਰਾਨ ਹੋਈਆਂ ਦੋ ਜ਼ਿਮਨੀ ਚੋਣਾਂ ਗੁਰਦਾਸਪੁਰ ਤੇ ਸ਼ਾਹਕੋਟ ਸਮੇਤ ਨਗਰ ਨਿਗਮ ਅਤੇ ਮਿਉਂਸਿਪਲ ਚੋਣਾਂ ਵਿਚ ਅਕਾਲੀ ਦਲ ਨੂੰ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਉਕਤ ਚੋਣਾਂ ਵਿੱਚ ਹਾਰ ਤੋਂ ਬਾਅਦ ਅਕਾਲੀ ਦਲ ਲਈ ਪੰਚਾਇਤੀ ਚੋਣਾਂ ਦਾ ਇਮਤਿਹਾਨ ਉਸ ਸਮੇਂ ਆਇਆ ਹੈ, ਜਦੋਂ ਪਾਰਟੀ ਬੇਅਦਬੀ ਦੇ ਦੋਸ਼ਾਂ ਦਾ ਸਾਹਮਣਾ ਕਰਦੀ ਹੋਈ ਸੰਕਟਮਈ ਦੌਰ ਵਿੱਚੋਂ ਲੰਘ ਰਹੀ ਹੈ। ਉਮੀਦਵਾਰਾਂ ਦੀ ਚੋਣ ਦਾ ਕੰਮ ਛੱਡ ਕੇ ਪਾਰਟੀ ਵੱਲੋਂ ਵੱਕਾਰ ਬਹਾਲੀ ਦੀ ਲੜਾਈ ਲੜਨੀ ਸ਼ੁਰੂ ਕੀਤੀ ਗਈ ਹੈ। ਪੰਜਾਬ ਵਿੱਚ ਇੱਕ ਦਹਾਕੇ ਮਗਰੋਂ ਹੋਈ ਸੱਤਾ ਤਬਦੀਲੀ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਲਈ ਮੁੜ ਪੈਰ ਜਮਾਉਣੇ ਚੁਣੌਤੀ ਬਣੇ ਹੋਏ ਹਨ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਕੁਝ ਹੋਰ ਆਗੂਆਂ ਦੇ ਕਾਰ-ਵਿਹਾਰ ਤੇ ਰੰਗ-ਢੰਗ ਵਿੱਚ ਕੋਈ ਤਬਦੀਲੀ ਨਹੀਂ ਆਈ ਹੈ, ਇਸ ਕਰ ਕੇ ਸੀਨੀਅਰ ਲੀਡਰਸ਼ਿਪ ਵੱਲੋਂ ਜ਼ਿਲ੍ਹਾ ਪਰਿਸ਼ਦ ਤੇ ਪੰਚਾਇਤ ਸਮਿਤੀਆਂ ਦੀਆਂ ਚੋਣਾਂ ਨੂੰ ਵੱਡੀ ਚੁਣੌਤੀ ਮੰਨਿਆ ਜਾ ਰਿਹਾ ਹੈ। ਪੰਜਾਬ ਵਿਚ ਇਨ੍ਹਾਂ ਚੋਣਾਂ ਦਾ ਬਿਗਲ ਵੱਜ ਚੁੱਕਾ ਹੈ ਤੇ ਸਿਆਸੀ ਪਾਰਟੀਆਂ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸੇ ਹਫ਼ਤੇ ਉਮੀਦਵਾਰਾਂ ਵੱਲੋਂ ਨਾਮਜ਼ਦਗੀ ਕਾਗਜ਼ ਦਾਖ਼ਲ ਕਰਨ ਦਾ ਅਮਲ ਵੀ ਸ਼ੁਰੂ ਹੋ ਜਾਵੇਗਾ। ਪੰਜਾਬ ਦੀਆਂ ਤਕਰੀਬਨ ਸਾਰੀਆਂ ਹੀ ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ 'ਤੇ ਪਿਛਲੇ ਇੱਕ ਦਹਾਕੇ ਤੋਂ ਅਕਾਲੀ ਦਲ ਦਾ ਹੀ ਕਬਜ਼ਾ ਚੱਲਿਆ ਆ ਰਿਹਾ ਹੈ। ਪੰਜਾਬ ਵਿੱਚ ਸੱਤਾ ਕਾਂਗਰਸ ਦੇ ਹੱਥ ਆਉਣ ਤੋਂ ਬਾਅਦ ਲੋਕ ਸਰਕਾਰ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਨਹੀਂ ਹਨ। ਇਸ ਕਰਕੇ ਅਕਾਲੀ ਦਲ ਨੂੰ ਕੁਝ ਦਿਹਾਤੀ ਸੰਸਥਾਵਾਂ 'ਤੇ ਮੁੜ ਵੱਕਾਰ ਬਹਾਲੀ ਦੀ ਉਮੀਦ ਸੀ, ਪਰ ਤਾਜ਼ਾ ਸਿਆਸੀ ਹਾਲਾਤ ਨੇ ਅਕਾਲੀ ਦਲ ਦੀਆਂ ਉਮੀਦਾਂ 'ਤੇ ਪਾਣੀ ਫੇਰ ਕੇ ਰੱਖ ਦਿੱਤਾ ਹੈ। ਪਾਰਟੀ ਦੇ ਸੀਨੀਅਰ ਨੇਤਾਵਾਂ ਦਾ ਮੰਨਣਾ ਹੈ ਕਿ ਸਾਲ 2015 ਦੌਰਾਨ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਬਰਗਾੜੀ ਬੇਅਦਬੀ ਕਾਂਡ ਅਤੇ ਉਸ ਤੋਂ ਬਾਅਦ ਬਹਿਬਲ ਕਲਾਂ ਅਤੇ ਕੋਟਕਪੂਰਾ ਵਿੱਚ ਪੁਲੀਸ ਗੋਲੀਬਾਰੀ ਦੀ ਪੜਤਾਲੀਆ ਰਿਪੋਰਟ ਉਪਰ ਹੋਈ ਬਹਿਸ ਨੇ ਅਕਾਲੀ ਦਲ ਦਾ ਨੁਕਸਾਨ ਕੀਤਾ ਹੈ। ਅਕਾਲੀ ਦਲ ਵੱਲੋਂ ਭਾਵੇਂ ਤਾਜ਼ਾ ਹਾਲਾਤ ਨਾਲ ਨਜਿੱਠਣ ਲਈ ਰੈਲੀਆਂ ਕਰਨ ਦੀ ਰਣਨੀਤੀ ਘੜੀ ਗਈ ਹੈ, ਪਰ ਪਾਰਟੀ ਨੂੰ ਇਸ ਸੰਕਟ ਵਿੱਚੋਂ ਉਭਰਨ ਲਈ ਅਜੇ ਸਮਾਂ ਲੱਗੇਗਾ। ਚੋਣ ਕਮਿਸ਼ਨ ਵੱਲੋਂ ਜ਼ਿਲ੍ਹਾ ਪਰਿਸ਼ਦ ਤੇ ਪੰਚਾਇਤ ਸਮਿਤੀਆਂ ਦੀਆਂ ਚੋਣਾਂ ਦਾ ਐਲਾਨ ਕਰ ਦਿੱਤਾ ਗਿਆ ਹੈ ਤੇ ਇਹ ਚੋਣਾਂ 19 ਸਤੰਬਰ ਨੂੰ ਹੋਣੀਆਂ ਹਨ। ਇਨ੍ਹਾਂ ਚੋਣਾਂ ਦਾ ਆਧਾਰ ਦਿਹਾਤੀ ਖੇਤਰ ਹੈ ਤੇ ਬੇਅਦਬੀ ਦੀਆਂ ਘਟਨਾਵਾਂ ਦਾ ਅਸਰ ਵੀ ਦਿਹਾਤੀ ਖੇਤਰ ਵਿੱਚ ਹੀ ਦੇਖਣ ਨੂੰ ਮਿਲ ਰਿਹਾ ਹੈ। ਕਾਂਗਰਸ



ਵੱਲੋਂ ਵੀ ਇਸ ਮਾਮਲੇ ਨੂੰ ਤੂਲ ਦਿੱਤੀ ਜਾ ਰਹੀ ਹੈ। ਅਕਾਲੀ ਦਲ ਦਾ ਜਨ ਆਧਾਰ ਵੀ ਦਿਹਾਤੀ ਖੇਤਰ ਹੀ ਮੰਨਿਆ ਜਾ ਰਿਹਾ ਹੈ ਤੇ ਦਿਹਾਤੀ ਖੇਤਰ ਵਿੱਚ ਖੁਰ ਰਿਹਾ ਵੋਟ ਬੈਂਕ ਬਚਾਉਣਾ ਅਕਾਲੀ ਦਲ ਲਈ ਮੁਸ਼ਕਿਲ ਹੋਇਆ ਪਿਆ ਹੈ। ਪਾਰਟੀ ਦੇ ਇੱਕ ਸੀਨੀਅਰ ਆਗੂ ਦਾ ਮੰਨਣਾ ਹੈ ਕਿ ਪੰਚਾਇਤ ਸਮਿਤੀਆਂ ਲਈ ਉਮੀਦਵਾਰ ਖੜ੍ਹੇ ਕਰਨ ਵਾਸਤੇ ਅਕਾਲੀ ਦਲ ਸਮੇਤ ਹੋਰ ਵਿਰੋਧੀ ਪਾਰਟੀਆਂ ਨੂੰ ਜੱਦੋ-ਜਹਿਦ ਕਰਨੀ ਪੈ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਸੰਕਟ ਵਿੱਚੋਂ ਨਿਕਲਣ ਲਈ ਰੈਲੀਆਂ ਅਤੇ ਸਰਕਾਰ ਵਿਰੁੱਧ ਪ੍ਰਦਰਸ਼ਨ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ ਤਾਂ ਜੋ ਵਰਕਰਾਂ ਵਿੱਚ ਜੋਸ਼ ਭਰਿਆ ਜਾ ਸਕੇ।

## ਬਾਦਲਾਂ ਤੇ ਜਥੇਦਾਰਾਂ ਦੀ ਜਾਇਦਾਦ ਦਾ ਮਾਮਲਾ ਭਖਿਆ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਉਤੇ ਹੋਈ ਬਹਿਸ ਤੋਂ ਬਾਅਦ ਬਾਦਲ ਪਰਿਵਾਰ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਕੁਝ ਹੀ ਸਾਲਾਂ ਵਿਚ ਬੇਤਹਾਸ਼ਾ ਵਧੀ ਜਾਇਦਾਦ ਉਤੇ ਸਵਾਲ ਉਠਣੇ ਸ਼ੁਰੂ ਹੋ ਗਏ ਹਨ। ਸੋਸ਼ਲ ਮੀਡੀਆ ਉਤੇ ਲੋਕ ਜਥੇਦਾਰ ਗੁਰਬਚਨ ਸਿੰਘ ਵੱਲੋਂ ਬੀਤੇ ਵਿਚ ਸਿਰਸੇਵਾਲੇ ਨੂੰ ਦਿੱਤੀ ਗਈ ਕਥਿਤ ਮੁਆਫੀ ਦਾ ਮੁੱਲ ਪਾ ਰਹੇ ਹਨ। ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਪ੍ਰੈੱਸ ਕਾਨਫ਼ਰੰਸ ਕਰਕੇ ਸੁਖਬੀਰ ਬਾਦਲ, ਬਿਕਰਮ ਮਜੀਠੀਆ 'ਤੇ ਜੰਮ ਕੇ ਵਰ੍ਹਦਿਆਂ ਕਿਹਾ ਕਿ ਅਕਾਲੀ ਦਲ-ਭਾਜਪਾ ਗੱਠਜੋੜ ਦੀ ਸਰਕਾਰ ਦੇ 10 ਸਾਲਾਂ ਦੇ ਰਾਜ ਦੌਰਾਨ ਪੰਜਾਬ ਨੂੰ ਲੁੱਟਿਆ ਗਿਆ ਹੈ ਤੇ ਭ੍ਰਿਸ਼ਟਚਾਰ ਨਾਲ ਅਰਬਾਂ ਰੁਪਏ ਦੀ ਜਾਇਦਾਦ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਅਕਾਲੀ ਆਗੂ ਹੋਟਲਾਂ ਤੋਂ ਲੈ ਕੇ ਲਗਜ਼ਰੀ ਕਾਰਾਂ ਤੇ ਹੈਲੀਕਾਪਟਰਾਂ ਦੇ ਮਾਲਕ ਕਿਵੇਂ ਬਣ ਗਏ ? ਇਸ ਮਾਮਲੇ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਦਾਦੂਵਾਲ ਨੇ ਕਿਹਾ ਕਿ ਜਥੇਦਾਰ ਗੁਰਬਚਨ ਸਿੰਘ ਦੀ ਵੀ ਜਾਂਚ ਹੋਣੀ ਚਾਹੀਦੀ ਜੋ ਇਕ ਬਰਛਾ ਫੜ ਕੇ ਸੇਵਦਾਰ ਵਜੋਂ ਭਰਤੀ ਹੋਇਆ ਸੀ, ਅੱਜ ਕਿਵੇਂ ਮੁਕਤਸਰ ਸ਼ਹਿਰ ਵਿਚ ਤਿੰਨ ਤਾਰਾ ਹੋਟਲ ਦਾ ਮਾਲਕ ਬਣ ਗਿਆ ?

# ਚੰਡੀਗੜ੍ਹ 'ਚ ਮੁੜ ਨੰਗੀ ਹੋਈ ਪੰਜਾਬੀ ਵਿਰੋਧੀਆਂ ਦੀ ਸਾਜ਼ਿਸ਼

**ਚੰਡੀਗੜ੍ਹ/ਬਿਊਰੋ ਨਿਊਜ਼ :** ਚੰਡੀਗੜ੍ਹ ਪ੍ਰਸ਼ਾਸਨ ਵਿਚ ਦੜ ਕੇ ਬੈਠੀ ਪੰਜਾਬੀ ਵਿਰੋਧੀ ਲਾਬੀ ਦਾ ਪੰਜਾਬੀ ਬੋਲੀ ਨਾਲ ਵੈਰ ਇਕ ਵਾਰ ਮੁੜ ਸਾਹਮਣੇ ਆਇਆ ਹੈ। ਯੂਟੀ ਪ੍ਰਸ਼ਾਸਨ ਵੱਲੋਂ ਚਾਰ ਸਾਲ ਪਹਿਲਾਂ ਯੂਟੀ ਦੇ ਦਫਤਰਾਂ ਵਿਚ ਤਿੰਨ ਭਾਸ਼ਾਈ ਫਾਰਮੂਲਾ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ ਸੀ। ਇਹ ਫੈਸਲਾ ਕੇਂਦਰ ਨੂੰ ਭੇਜਣ ਦੀ ਬਜਾਇ ਫਾਈਲਾਂ ਵਿਚ ਦੱਬਣ ਦਾ ਖੁਲਾਸਾ ਹੋਇਆ ਹੈ, ਜਿਸ ਕਾਰਨ ਯੂਟੀ ਪ੍ਰਸ਼ਾਸਨ ਵਿਚ ਕਥਿਤ ਪੰਜਾਬੀ ਵਿਰੋਧੀ ਲਾਬੀ ਬੇਨਕਾਬ ਹੋ ਗਈ ਹੈ। ਦਰਅਸਲ ਚੰਡੀਗੜ੍ਹ ਪੰਜਾਬੀ ਮੰਚ ਵੱਲੋਂ ਯੂਟੀ ਪ੍ਰਸ਼ਾਸਨ ਵੱਲੋਂ ਪੰਜਾਬੀ ਨੂੰ ਨੁੱਕਰੇ ਲਾਉਣ ਦਾ ਮੁੱਦਾ ਕੇਂਦਰੀ ਗ੍ਰਹਿ ਵਿਭਾਗ ਕੋਲ ਉਠਾਇਆ ਗਿਆ ਸੀ ਜਿਸ ਤਹਿਤ ਕੇਂਦਰੀ ਗ੍ਰਹਿ ਵਿਭਾਗ ਦੇ ਅਧੀਨ ਸਕੱਤਰ ਸਤੀਸ਼ ਕੁਮਾਰ ਸਿੰਘ ਨੇ ਚੰਡੀਗੜ੍ਹ ਪ੍ਰਸ਼ਾਸਨ ਕੋਲੋਂ ਯੂਟੀ ਵਿੱਚ ਸਰਕਾਰੀ ਭਾਸ਼ਾ ਅੰਗਰੇਜ਼ੀ ਦੀ ਥਾਂ ਪੰਜਾਬੀ ਨਿਰਧਾਰਤ ਕਰਨ ਦੀ ਮੰਗ ਬਾਰੇ ਰਿਪੋਰਟ ਤਲਬ ਕੀਤੀ ਸੀ। ਹੁਣ ਚੰਡੀਗੜ੍ਹ ਦੇ ਗ੍ਰਹਿ ਸਕੱਤਰ ਦੇ ਦਫਤਰ ਵੱਲੋਂ 20 ਅਗਸਤ ਨੂੰ ਇਸ ਸਬੰਧ ਵਿੱਚ ਆਪਣੀ ਰਿਪੋਰਟ ਕੇਂਦਰੀ ਗ੍ਰਹਿ ਵਿਭਾਗ ਨੂੰ ਭੇਜੀ ਗਈ ਹੈ।



ਪ੍ਰਸ਼ਾਸਨ ਨੇ ਇਸ ਦੀ ਇਕ ਕਾਪੀ ਚੰਡੀਗੜ੍ਹ ਪੰਜਾਬੀ ਮੰਚ ਦੇ ਜਨਰਲ ਸਕੱਤਰ ਦੇਵੀ ਦਿਆਲ ਸ਼ਰਮਾ ਨੂੰ ਜਾਰੀ ਕੀਤੀ ਹੈ ਜਿਸ ਵਿਚ ਗ੍ਰਹਿ ਸਕੱਤਰ ਦੇ ਦਫਤਰ ਵੱਲੋਂ ਮੰਨਿਆ ਗਿਆ ਹੈ ਕਿ ਪ੍ਰਸ਼ਾਸਨ ਨੇ 6 ਜੂਨ 2014 ਨੂੰ ਪ੍ਰਸ਼ਾਸਨ ਦੀਆਂ ਸਾਰੀਆਂ ਨੋਟੀਫਿਕੇਸ਼ਨਾਂ ਅਤੇ ਨੋਟਿਸ ਤਿੰਨ ਭਾਸ਼ਾਵਾਂ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਵਿਚ ਜਾਰੀ ਕਰਨ ਦਾ ਫੈਸਲਾ ਲਿਆ ਸੀ। ਪ੍ਰਸ਼ਾਸਨ ਵੱਲੋਂ ਕੀਤੇ ਇਸ ਖੁਲਾਸੇ ਵਿਚ ਸਾਫ ਹੋ ਗਿਆ ਹੈ ਕਿ ਜੇ ਪ੍ਰਸ਼ਾਸਨ ਨੂੰ ਪੰਜਾਬੀ ਹਿਤੈਸ਼ੀਆਂ ਦੇ ਸੰਘਰਸ਼ ਕਾਰਨ ਪੰਜਾਬੀ ਭਾਸ਼ਾ ਪੱਖੀ ਕੋਈ ਫੈਸਲਾ ਮਜਬੂਰਨ ਕਰਨਾ ਵੀ ਪੈਂਦਾ ਹੈ ਤਾਂ ਯੂਟੀ ਸਕੱਤਰੇਤ ਵਿਚ ਬੈਠੀ ਕਥਿਤ ਪੰਜਾਬੀ ਵਿਰੋਧੀ ਲਾਬੀ ਅਜਿਹੇ ਫੈਸਲਿਆਂ ਨੂੰ ਲਾਗੂ ਨਹੀਂ ਹੋਣ ਦਿੰਦੀ ਕਿਉਂਕਿ ਪ੍ਰਸ਼ਾਸਨ ਵੱਲੋਂ 6 ਜੂਨ 2014 ਨੂੰ ਕੀਤਾ ਇਹ ਫੈਸਲਾ ਅੱਜ ਤਕ ਵੀ ਲਾਗੂ ਨਹੀਂ ਕੀਤਾ ਗਿਆ। ਪ੍ਰਸ਼ਾਸਨ ਵੱਲੋਂ ਕਦੇ ਵੀ ਨੋਟੀਫਿਕੇਸ਼ਨਾਂ ਤੇ ਨੋਟਿਸ ਆਦਿ ਤਿੰਨ ਭਾਸ਼ਾ ਵਿੱਚ ਜਾਰੀ ਨਹੀਂ ਕੀਤੇ ਗਏ। ਯੂਟੀ ਦੇ ਲੋਕ ਸੰਪਰਕ ਵਿਭਾਗ ਵੱਲੋਂ ਕੇਵਲ ਅੰਗਰੇਜ਼ੀ ਵਿੱਚ ਪ੍ਰੈਸ ਨੋਟ ਜਾਰੀ ਕਰਕੇ ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਨੂੰ ਵਿਸਾਰਿਆ ਜਾ ਰਿਹਾ ਹੈ, ਜਦੋਂ ਕਿ ਪਬਲਿਕ ਇਨਫਰਮੇਸ਼ਨ ਬਿਊਰੋ (ਪੀਆਈਬੀ) ਦਫਤਰ ਵੀ ਪ੍ਰਧਾਨ ਮੰਤਰੀ ਤੱਕ ਦੇ ਪ੍ਰੈਸ ਨੋਟ ਪੰਜਾਬੀ ਵਿੱਚ ਜਾਰੀ ਕਰਦਾ ਹੈ। ਪ੍ਰਸ਼ਾਸਨ ਨੇ ਇਥੋਂ ਦੇ ਪਿੰਡਾਂ ਦੀਆਂ ਪੰਚਾਇਤਾਂ, ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸਮਿਤੀ ਦੇ ਚੁਣੇ ਪ੍ਰਤੀਨਿਧਾਂ ਨੂੰ ਵੀ ਅਗਰੇਜ਼ੀ ਵਿਚ ਪੱਤਰ ਜਾਰੀ ਕਰਕੇ ਭਾਸ਼ਾ ਦੇ ਨਿਰਧਾਰਤ ਨਿਯਮਾਂ ਨੂੰ ਛਿੱਕੇ ਟੰਗ ਦਿੱਤਾ ਹੈ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

*ਸਰਕਾਰੀ ਧਿਰ ਅਤੇ ਵਿਰੋਧੀ ਧਿਰ ਦੇ ਹਰ ਬੁਲਾਰੇ ਦੀ ਮਨ ਦੀ ਵੇਦਨਾ ਵਿੱਚ ਇੱਕ ਵਿਚਾਰਨ ਯੋਗ ਸ਼ਿਕਵਾ ਤੇ ਸਵਾਲ ਜਰੂਰ ਸੀ ਕਿ ਆਖਿਰ ਕਿਸ ਵਜ੍ਹਾ ਕਾਰਨ ਜਸਟਿਸ ਰਣਜੀਤ ਸਿੰਘ ਪੜਤਾਲੀਆ ਕਮਿਸ਼ਨ ਦੀ ਪਹਿਲੀ ਰਿਪੋਰਟ ਜੋ 30 ਜੂਨ 2018 ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੇਸ਼ ਕੀਤੀ ਗਈ ਅਤੇ ਇਸ ਰਿਪੋਰਟ ਦੇ ਸਬੰਧ ਵਿੱਚ, ਪੂਰੇ ਇੱਕ ਮਹੀਨੇ ਪਿੱਛੋਂ, 30 ਜੁਲਈ ਨੂੰ, ਪੰਜਾਬ ਦੇ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਵਿਚਾਰੇ ਜਾਣ ਤੋਂ ਬਿਨਾਂ ਹੀ, ਕੈਪਟਨ ਅਮਰਿੰਦਰ ਸਿੰਘ ਨੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ, ਭਾਰਤ ਸਰਕਾਰ ਦੀ ਪੜਤਾਲੀਆ ਏਜੰਸੀ, ਸੀ.ਬੀ.ਆਈ ਦੇ ਹਵਾਲੇ ਕਰਨ ਦਾ ਆਪਹੁਦਰਾ ਐਲਾਨ, ਇੱਕ ਖਚਾਖਚ ਭਰੇ ਪੱਤਰਕਾਰ ਸੰਮੇਲਨ ਵਿੱਚ ਕਰ ਦਿੱਤਾ। ਹੁਣ ਸਵਾਲ ਹੈ ਕਿ ਇਹ ਫੈਸਲਾ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਕੈਬਨਿਟ ਨੂੰ ਹਨੇਰ੍ਹੇ ਵਿੱਚ ਰੱਖ ਕੇ, ਕਿਉਂ ਤੇ ਕਿਵੇਂ ਲਿਆ ? ਇਸ ਸਵਾਲ ਦਾ ਜਵਾਬ ਆਪਣੇ ਆਪ ਵਿੱਚ, ਬੜੇ ਗੁੱਝੇ ਭੇਦ ਛੁਪਾਈ ਬੈਠਾ ਹੈ।*

# ਜਸਟਿਸ ਰਣਜੀਤ ਸਿੰਘ ਰਿਪੋਰਟ ’ਤੇ ਛਿੜੀ ਬਹਿਸ ਦਾ ਲੇਖਾ-ਜੋਖਾ

**ਪੰਜਾਬ ਵਿਧਾਨ ਸਭਾ ਦੇ ਲੰਘੇ ਸੈਸ਼ਨ ਦੌਰਾਨ ਬੇਅਦਬੀ ਮਾਮਲਿਆਂ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਰਿਪੋਰਟ ’ਤੇ ਹੋਈ ਇਤਿਹਾਸਕ ਬਹਿਸ ਬਾਰੇ ‘ਰੋਜ਼ਾਨਾ ਪਹਿਰੇਦਾਰ’ ਵਲੋਂ ਵੱਖ-ਵੱਖ ਵਿਦਵਾਨਾਂ ਦੇ ਲੇਖਾਂ ਦੀ ਲੜੀ ਛਾਪੀ ਗਈ। ਇਨ੍ਹਾਂ ਲੇਖਾਂ ਵਿਚੋਂ ਹੀ ਕੁੱਝ ਚੋਣਵੇਂ ਲੇਖ ਅਸੀਂ ‘ਕੌਮਾਂਤਰੀ ਅੰਮ੍ਰਿਤਸਰ ਟਾਈਮਜ਼’ ਦੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। - ਸੰਪਾਦਕ**



## ਕੈਬਨਿਟ ’ਚ ਵਿਚਾਰ ਕੀਤੇ ਬਿਨਾਂ ਹੀ ਰਿਪੋਰਟ ਸੀਬੀਆਈ ਨੂੰ ਸੌਂਪਣ ਪਿੱਛੇ ਕੀ ਰਾਜ਼ ਸੀ ?

**ਬੀਰ ਦਵਿੰਦਰ ਸਿੰਘ**
9814033362

28 ਅਗਸਤ 2018 ਦਾ ਦਿਨ ਪੰਜਾਬ ਵਿਧਾਨ ਸਭਾ ਦੇ ਇਤਿਹਾਸ ਦਾ ਇੱਕ ਅਹਿਮ ਦਿਨ ਸੀ। ਸਾਰੀਆਂ



ਦਰਸ਼ਕ ਗੈਲਰੀਆਂ ਖਚਾ-ਖਚ ਭਰੀਆਂ ਹੋਈਆਂ ਸਨ। ਲੋਕਾਂ ਦੀ ਗੂੜ੍ਹੀ ਦਿਲਚਸਪੀ ਦੀ ਅਵਸਥਾ ਇਹ ਸੀ ਕਿ ਦਰਸ਼ਕ ਗੈਲਰੀਆਂ ਵਿੱਚ ਜੋ ਵਿਅਕਤੀ ਇੱਕ ਵਾਰ ਬੈਠ ਗਿਆ, ਉਹ ਸਦਨ ਦੇ ਅਣਮਿੱਥੇ ਸਮੇਂ ਲਈ ਉਠਾਏ ਜਾਣ ਤੀਕਰ ਆਪਣੀ ਸੀਟ ’ਤੇ ਡਟਿਆ ਰਿਹਾ। ਸਭ ਦੀ ਦਿਲਚਸਪੀ ਦਾ ਮਰਕਜ਼ ਕੇਵਲ ਇੱਕ ਹੀ ਸੀ; ਪੰਜਾਬ ਵਿਧਾਨ ਸਭਾ ਵਿੱਚ ਜਸਟਿਸ ਰਣਜੀਤ ਸਿੰਘ ਪੜਤਾਲੀਆ ਕਮਿਸ਼ਨ ਦੀ ਰਿਪੋਰਟ ਤੇ ਹੋਣ ਵਾਲੀ ਬਹਿਸ ਦਾ ਤਰਕ-ਵਿਤਰਕ ਕੀ ਰਹੇਗਾ ਅਤੇ ਇਸ ਬਹਿਸ ਦਾ ਨਿਰਣਾਇਕ ਪਰਿਣਾਮ ਕੀ ਹੋਵੇਗਾ। ਸੱਤ ਘੰਟੇ ਲੰਮੀ ਮਿਆਦ ਦੀ ਬਹਿਸ ਨੂੰ ਸਮੇਟਣ ਵੇਲੇ ਸਦਨ ਦੇ ਨੇਤਾ, ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ, ਸਦਨ ਵਿੱਚ ਕੀ ਮੁਤਲਿਕ ਐਲਾਨ ਕਰਨਗੇ। ਇਹ ਐਲਾਨ ਹੀ ਦੇਸ਼-ਵਿਦੇਸ਼ ਵਿੱਚ ਵੱਸਦੇ, ਸਮੁੱਚੇ ਸਿੱਖ-ਜਗਤ ਦੀ ਉਤਸੁਕਤਾ ਤੇ ਆਕਰਸ਼ਨ ਦਾ ਕੇਂਦਰ ਬਿੰਦੂ ਸੀ।

ਦੂਜੀ ਲੋਕ ਮਨਾਂ ਦੀ ਗੰਭੀਰ ਉਤਸੁਕਤਾ ਇਹ ਵੀ ਸੀ, ਕਿ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਜਵਾਹਰ ਸਿੰਘ ਵਾਲਾ ਦੇ ਗੁਰਦਵਾਰਾ ਸਾਹਿਬ ਵਿੱਚੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਚੋਰੀ ਅਤੇ ਬਰਗਾੜੀ ਪਿੰਡ ਦੀਆਂ ਗਲੀਆਂ ਵਿੱਚ ਖਿੱਲਰੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਅੰਗਾਂ ਦੀ ਘੋਰ ਬੇਅਦਬੀ, 14 ਅਕਤੂਬਰ 2015 ਨੂੰ, ਬਹਿਬਲ ਕਲਾਂ ਵਿੱਚ ਰੋਸ ਪ੍ਰਗਟ ਕਰ ਰਹੀ ਸਿੱਖ ਸੰਗਤ ਉੱਤੇ ਪੁਲਿਸ ਦਾ ਅੰਨ੍ਹੇਵਾਹ ਲਾਠੀਚਾਰਜ ਅਤੇ ਬਿਨਾਂ ਕਿਸੇ ਭੜਕਾਹਟ ਦੇ ਸਤਿਨਾਮ ਵਾਹਿਗੁਰੂ ਜਪਦੀ ਸਿੱਖ ਸੰਗਤ ’ਤੇ ਗੋਲੀ ਚਲਾ ਕੇ ਦੋ ਸਿੱਖ ਨੌਜਵਾਨਾਂ ਦੇ ਕਤਲ ਦੇ ਸਮੁੱਚੇ ਮਾਮਲੇ ਉੱਤੇ, ਸਦਨ ਵਿੱਚ ਨੁਮਾਇੰਦਾ, ਰਾਜਨੀਤਕ ਪਾਰਟੀਆਂ ਦਾ ਤਰਕ ਕੀ ਹੋਵੇਗਾ। ਖਾਸ ਕਰਕੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਜੋ ਇਸ ਸਾਰੇ ਘਟਨਾਕ੍ਰਮ ਵੇਲੇ ਪੰਜਾਬ ਦੇ ਗਹਿ੍ ਮੰਤਰੀ ਸਨ ਅਤੇ ਸਾਰੀਆਂ ਘਟਨਾਵਾਂ ਦੀਆਂ ਸੂਖਮ ਤੰਦਾਂ ਤੋਂ ਭਲੀਭਾਂਤ ਜਾਣੂ ਸਨ, ਉਹ ਆਪਣੀ ਅਤੇ ਸ. ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਦੀ ਭੂਮਿਕਾ ਦਾ ਬਚਾਓ, ਕਿਸ ਤਰਕ ’ਤੇ ਦਲੀਲ ਨਾਲ ਕਰਦੇ ਹਨ, ਲੋਕਾਂ ਦਾ ਰੁਚੀ ਇਸ ਗੱਲ ’ਤੇ ਵੀ ਕੇਂਦਰਿਤ ਸੀ।

ਪੰਜਾਬ ਵਿਧਾਨ ਸਭਾ ਦੇ ਸਦਨ ਵਿੱਚ ਪੇਸ਼ ਕੀਤੀ ਗਈ ਜਸਟਿਸ ਰਣਜੀਤ ਸਿੰਘ ਪੜਤਾਲੀਆ ਕਮਿਸ਼ਨ ਦੀ ਰਿਪੋਰਟ ਤੇ, ਸਦਨ ਵਿੱਚ ਹੋਈ ਬਹਿਸ ਦੀ ਪਹਿਲੀ ਪਾਰੀ ਤਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਉਦੋਂ ਹੀ ਹਾਰ ਗਿਆਂ ਜਦੋਂ ਉਹ ਬਹਿਸ ਵਿੱਚ ਹਿੱਸਾ ਲੈਣ ਤੋਂ ਭੱਜ ਗਏ। ਬਹਾਨਾ ਮਹਿਜ਼ ਇਹ ਬਣਾ ਲਿਆ ਕਿ ਅਕਾਲੀ ਦਲ ਦੇ ਮੈਂਬਰਾਂ ਲਈ ਬੋਲਣ ਦਾ ਸਮਾਂ ਘੱਟ ਰੱਖਿਆ ਗਿਆ ਸੀ। ਬਾਵਜੂਦ ਇਸ ਸੱਚ ਦੇ ਕਿ ਮਾਣਯੋਗ ਸਪੀਕਰ ਰਾਣਾ ਕੇ.ਪੀ ਸਿੰਘ, ਬਾਰ ਬਾਰ ਇਹ ਕਹਿੰਦੇ ਸੁਣਾਈ ਦੇ ਰਹੇ ਸਨ ਕਿ “ਭਾਵੇਂ ਅਕਾਲੀ ਦਲ ਦੇ ਮੈਂਬਰਾਂ ਦੀ ਗਿਣਤੀ ਅਨੁਸਾਰ, ਸਮੇਂ ਦੀ ਵੰਡ ਕਰਦਿਆਂ, ਤੁਹਾਡੇ ਕੇਵਲ 14 ਮਿੰਟ ਹੀ ਬਣਦੇ ਹਨ, ਪਰ ਮੈਂ ਤੁਹਾਨੂੰ ਗੱਲ ਕਹਿਣ ਲਈ ਖੁੱਲ੍ਹਾ ਸਮਾਂ ਦੇਵਾਂਗਾ, ਭਾਵੇ ਸਦਨ ਦੀ ਬੈਠਕ ਸਾਰੀ ਰਾਤ ਚਲਦੀ ਰਹੇ”। ਪਰ ਸਪੀਕਰ ਦੇ ਇਸ ਭਰੋਸੇ ਨੂੰ ਦਰਕਿਨਾਰ ਕਰਦੇ ਹੋਏ, ਉਹ ਪਹਿਲੋਂ ਹੀ ਮਿਥੀ ਕਾਰਜਨੀਤੀ ਅਨੁਸਾਰ, ਇੱਕ ਅਤੀ ਸੰਵੇਦਨਸ਼ੀਲ ਮੁੱਦੇ ਤੇ ਸਦਨ ਵਿੱਚ ਹੋਣ ਵਾਲੀ ਬਹਿਸ ਤੋਂ ਤੋੜ-ਵਿਛੋੜਾ ਕਰਕੇ, ਸਦਨ ਤੋਂ ਬਾਹਰ ਚਲੇ ਗਏ ਅਤੇ ਸਦਨ ਤੋਂ ਬਾਹਰ ਆਪਣਾ ਵੱਖਰਾ ਗ਼ੈਰਸੰਜੀਦਾ ਮਜਮਾ ਲਗਾਉਣ ਨੂੰ ਤਰਜੀਹ ਦਿੱਤੀ, ਜਿਸ ਦਾ ਸਿੱਧਾ ਮੁਤਵਾਜ਼ੀ ਪ੍ਰਸਾਰਣ, ਬਾਦਲ ਪਰਿਵਾਰ ਦੇ ਇੱਕ ਨਿੱਜੀ ਟੀਵੀ ਚੈਨਲ ’ਤੇ ਲਗਾਤਾਰ ਦਿਖਾਇਆ ਜਾ ਰਿਹਾ ਸੀ।



ਸਦਨ ਵਿੱਚ ਹੋਈ ਇਸ ਬਹਿਸ ਦਾ ਇੱਕ ਨਿਵੇਕਲਾ ਪਹਿਲੂ ਇਹ ਵੀ ਰਿਹਾ ਕਿ ਮਾਣਯੋਗ ਸਪੀਕਰ ਨੇ ਸਾਰੇ ਮੈਂਬਰਾਂ ਨੂੰ ਆਪਣੀ ਗੱਲ ਕਹਿਣ ਦਾ ਪੂਰਾ ਸਮਾਂ ਦਿੱਤਾ। ਸਾਰੇ ਦੇ ਸਾਰੇ ਬਿਰਤਾਂਤ ਦੀ ਰਚਨਾ ਤੇ ਕਥਾਤਮਿਕ ਕਿੱਸਿਆਂ ਵਿੱਚ ਬਾਦਲ ਸਰਕਾਰ ਦੀਆਂ ਅਣਗਹਿਲੀਆਂ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਸਿੱਖ ਤਖਤਾਂ ਦੇ ਜੱਥੇਦਾਰ ਤੇ ਉਨ੍ਹਾਂ ਦੀ ਨਕਾਰਾਤਮਕ ਭੂਮਿਕਾ, ਡੇਰਾ ਸਿਰਸਾ ਦੇ ਮੁਖੀ ਨਾਲ ਬਾਦਲ ਪਰਿਵਾਰ ਦੀਆਂ ਅੱਖਮਚੋਲੀਆਂ, ਸਿੱਖ ਧਰਮ ਦੇ ਬੁਨਿਆਦੀ ਅਸੂਲਾਂ ਅਤੇ ਸਿੱਖਾਂ ਦੀਆਂ ਸਰਵਉੱਚਤਮ ਧਾਰਮਿਕ ਸੰਸਥਾਵਾਂ ’ਚ ਆਈ ਗਿਰਾਵਟ, ਇਸ ਸਮੁੱਚੇ ਨਿਘਾਰ ਵਿੱਚ ਬਾਦਲ ਪਰਿਵਾਰ ਦੀ ਭੂਮਿਕਾ ਅਤੇ ਬਾਦਲਾਂ ਦੇ ਰਾਜ ਸਮੇਂ ਦਾ ਪੁਲਿਸ ਪ੍ਰਸਾਸ਼ਨ, ਇਹ ਸਾਰੇ ਪ੍ਰਕਰਨ ਬਹਿਸ ਦੇ ਮਜ਼ਮੂਨਾਂ ਦਾ ਕੇਂਦਰੀ ਬਿੰਦੂ ਬਣੇ ਰਹੇ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਮੈਂਬਰਾਂ ਦੀ ਗ਼ੈਰ ਹਾਜ਼ਰੀ ਕਾਰਨ ਸਾਰੀ ਬਹਿਸ ਇੱਕ ਪਾਸੜ ਰਹੀ। ਸਾਰੀ ਬਹਿਸ ਵਿੱਚ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਸੇਵਾ ਮੁਕਤ ਡੀ.ਜੀ.ਪੀ ਸੁਮੇਧ ਸਿੰਘ ਸੈਣੀ, ਡੇਰਾ ਸਿਰਸਾ ਤੇ ਮੁਖੀ ਅਤੇ ਡੇਰਾ ਪ੍ਰੇਮੀ ਬਹਿਸ ਦੇ ਹਮਲਿਆਂ ਦਾ ਮਰਕਜ਼ ਬਣੇ ਰਹੇ।

ਇਹ ਪਹਿਲੀ ਵਾਰੀ ਦੇਖਣ ਵਿੱਚ ਆਇਆ ਹੈ ਕਿ ਕਾਂਗਰਸ ਪਾਰਟੀ ਵੱਲੋਂ ਜੋ ਮੰਤਰੀ ਅਤੇ ਵਿਧਾਨਕਾਰ ਇਸ ਬਹਿਸ ਵਿੱਚ ਹਿੱਸਾ ਲੈਣ ਲਈ ਚੁਣੇ ਗਏ, ਉਨ੍ਹਾਂ ਨੇ ਜਿੱਥੇ ਤਰਕ ਤੇ ਦਲੀਲ ਦਾ ਪ੍ਰਯੋਗ ਕੀਤਾ, ਨਾਲ ਹੀ ਢੁਕਵੇਂ ਇਤਿਹਾਸਿਕ ਹਵਾਲੇ ਤੇ ਧਾਰਮਿਕ ਪ੍ਰਸੰਗ ਵੀ ਬੜੇ ਭਾਵਪੂਰਤ ਢੰਗ ਨਾਲ ਪੇਸ਼ ਕੀਤੇ । ਬਹਿਸ ਦਾ ਆਰੰਭ ਪੱਟੀ ਤੋਂ ਵਿਧਾਇਕ ਸਰਦਾਰ ਹਰਮਿੰਦਰ ਸਿੰਘ ਗਿੱਲ ਨੇ ਬੜੇ ਸੂਖਮ ਲਹਿਜ਼ੇ ਨਾਲ ਸ਼ੁਰੂ ਕੀਤਾ, ਹੌਲ਼ੀ-ਹੌਲ਼ੀ ਦਲੀਲਾਂ ਤੇ ਇਤਿਹਾਸਕ ਹਵਾਲਿਆਂ ਨਾਲ, ਇੱਕ ਪ੍ਰਭਾਵਸ਼ਾਲੀ ਸਿਖਰ ਤੱਕ ਲੈ ਗਏ, ਜਿਸ ਨਾਲ ਸਦਨ ਵਿੱਚ ਕਮਿਸ਼ਨ ਦੀ ਰਿਪੋਰਟ ਤੇ ਹੋਣ ਵਾਲੀ ਬਹਿਸ ਵਿੱਚ, ਬਾਦਲ ਪਰਿਵਾਰ ਦੀ ਸਿਆਸਤ ਦੀ ਤਿੱਖੀ ਅਲੋਚਨਾ ਦਾ, ਇੱਕ ਪਾਸੜ ਤੇ ਉਲਾਰੂ ਮਾਹੌਲ ਸਿਰਜਿਆ ਗਿਆ। ਬਸ ਉਸ ਤੋਂ ਪਿੱਛੋ ਜਿੰਨੇ ਵੀ ਸਦਨ ਦੇ ਮੈਂਬਰ ਜਾਂ ਵਜ਼ੀਰ ਇਸ ਵਿਸ਼ੇ ਤੇ ਬੋਲੇ ਉਹ ਸਭ, ਇਸੇ ਧੁਨ ਤੇ ਪਹਿਰਾ ਦਿੰਦੇ ਗਏ। ਸ. ਸੁਖਜਿੰਦਰ ਸਿੰਘ ਰੰਧਾਵਾ, ਨਵਜੋਤ ਸਿੰਘ ਸਿੱਧੂ, ਚਰਨਜੀਤ ਸਿੰਘ ਚੰਨੀ ਅਤੇ ਮਨਪ੍ਰੀਤ ਸਿੰਘ ਬਾਦਲ, ਇਨ੍ਹਾਂ ਸਾਰੇ ਵਜ਼ੀਰਾਂ ਨੇ ਮੌਜੂਦਾ ਹਾਲਾਤ ਦੇ ਕੁੱਝ ਬੜੇ ਹੀ ਮਹੱਤਵਪੂਰਨ ਤੇ ਅਤੀਤਦਰਸ਼ੀ ਪਹਿਲੂ ਵੀ ਉਘਾੜ ਕੇ ਪੇਸ਼ ਕੀਤੇ। ਪਰ ਸਭ ਤੋਂ ਵੱਧ ਉਦਰੇਵਿਆਂ ਭਰਪੂਰ ਤੇ ਸੰਜੀਦਾ ਕਥਾਸਾਰ, ਸ. ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦੀਆਂ ਭਾਵਪੂਰਤ ਦਲੀਲਾਂ ਵਿੱਚ ਸੀ, ਜਿਸ ਦੇ ਨਿਰੰਤਰ ਵਹਿਣ ਨੇ ਹਰ ਸੁਨਣ ਵਾਲੇ ਦੀ ਰੂਹ ਨੂੰ ਜਾ ਟੁੰਬਿਆ।

ਸਰਕਾਰੀ ਧਿਰ ਅਤੇ ਵਿਰੋਧੀ ਧਿਰ ਦੇ ਹਰ ਬੁਲਾਰੇ ਦੀ ਮਨ ਦੀ ਵੇਦਨਾ ਵਿੱਚ ਇੱਕ ਵਿਚਾਰਨ ਯੋਗ ਸ਼ਿਕਵਾ ਤੇ ਸਵਾਲ ਜਰੂਰ ਸੀ ਕਿ ਆਖਿਰ ਕਿਸ ਵਜ੍ਹਾ ਕਾਰਨ ਜਸਟਿਸ ਰਣਜੀਤ ਸਿੰਘ ਪੜਤਾਲੀਆ ਕਮਿਸ਼ਨ ਦੀ ਪਹਿਲੀ ਰਿਪੋਰਟ ਜੋ 30 ਜੂਨ 2018 ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੇਸ਼ ਕੀਤੀ ਗਈ ਅਤੇ ਇਸ ਰਿਪੋਰਟ ਦੇ ਸਬੰਧ ਵਿੱਚ, ਪੂਰੇ ਇੱਕ ਮਹੀਨੇ ਪਿੱਛੋਂ, 30 ਜੁਲਈ ਨੂੰ, ਪੰਜਾਬ ਦੇ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਵਿਚਾਰੇ ਜਾਣ ਤੋਂ ਬਿਨਾਂ ਹੀ, ਕੈਪਟਨ ਅਮਰਿੰਦਰ ਸਿੰਘ ਨੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ, ਭਾਰਤ ਸਰਕਾਰ ਦੀ ਪੜਤਾਲੀਆ ਏਜੰਸੀ, ਸੀ.ਬੀ.ਆਈ ਦੇ ਹਵਾਲੇ ਕਰਨ ਦਾ ਆਪਹੁਦਰਾ ਐਲਾਨ, ਇੱਕ ਖਚਾਖਚ ਭਰੇ ਪੱਤਰਕਾਰ ਸੰਮੇਲਨ ਵਿੱਚ ਕਰ ਦਿੱਤਾ। ਹੁਣ ਸਵਾਲ ਹੈ ਕਿ ਇਹ ਫੈਸਲਾ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਕੈਬਨਿਟ ਨੂੰ ਹਨੇਰ੍ਹੇ ਵਿੱਚ ਰੱਖ ਕੇ, ਕਿਉਂ ਤੇ ਕਿਵੇਂ ਲਿਆ ? ਇਸ ਸਵਾਲ ਦਾ ਜਵਾਬ ਆਪਣੇ ਆਪ ਵਿੱਚ, ਬੜੇ ਗੁੱਝੇ ਭੇਦ ਛੁਪਾਈ ਬੈਠਾ ਹੈ। ਆਖਿਰ ਜਸਟਿਸ ਰਣਜੀਤ ਸਿੰਘ ਪੜਤਾਲੀਆ ਕਮਿਸ਼ਨ ਦੀ ਪਹਿਲੀ ਰਿਪੋਰਟ, ਲਗਪਗ 30 ਦਿਨਾਂ ਤੱਕ ਕਿੱਥੇ-ਕਿੱਥੇ ਘੁੰਮਦੀ ਰਹੀ ? ਸਰਗੋਸ਼ੀਆਂ ਤਾਂ ਇਹ ਵੀ ਹਨ ਕਿ ਇਹ ਰਿਪੋਰਟ ਇੱਕ ਵਿਸ਼ੇਸ਼ ਦੂਤ ਰਾਹੀਂ ਬਾਦਲ ਪਰਿਵਾਰ ਨੂੰ,

ਅਧਿਅਨ ਅਤੇ ਵਿਚਾਰ ਲਈ ਭੇਜੀ ਗਈ ਸੀ ਅਤੇ ਉਨ੍ਹਾਂ ਨਾਲ ਖੁਫੀਆ ਵਿਚਾਰ-ਚਰਚਾ ਕਰਨ ਤੋਂ ਪਿੱਛੋਂ ਹੀ ਕੈਪਟਨ ਅਮਰਿੰਦਰ ਸਿੰਘ ਨੇ ਇੱਕ ਗਿਣੀ ਮਿਥੀ ਸਾਜਿਸ਼ ਅਧੀਨ 14/15 ਅਗਸਤ 2018 ਨੂੰ ਇੱਕ ਸਰਕਾਰੀ ਨੋਟੀਫਿਕੇਸ਼ਨ ਰਾਹੀਂ, ਬਰਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਭਾਰਤ ਸਰਕਾਰ ਦੀ ਪੜਤਾਲੀਆ ਏਜੰਸੀ, ਸੀ.ਬੀ.ਆਈ ਦੇ ਹਵਾਲੇ ਕਰ ਦਿੱਤੀ। ਇੰਝ ਕਰਕੇ ਕੈਪਟਨ ਅਮਰਿੰਦਰ ਸਿੰਘ ਨੇ ਜੋ ਬਾਦਲ ਸਰਕਾਰ ਵੱਲੋਂ ਉਨ੍ਹਾਂ ਵਿਰੁੱਧ ਅਦਾਲਤਾਂ ਵਿੱਚ ਚੱਲ ਰਹੇ ਭ੍ਰਿਸ਼ਟਾਚਾਰ ਦੇ, ਦੋ ਵੱਡੇ ਮੁਕੱਦਮੇ ਵਾਪਿਸ ਲੈਣ ਦੀ ਪਹਿਲ ਕਰਕੇ, ਕੈਪਟਨ ਨੂੰ ਜੋ ਵੱਡਾ ਲਾਭ ਪਹੁੰਚਾਇਆ ਸੀ, ਕੈਪਟਨ ਅਮਰਿੰਦਰ ਸਿੰਘ ਨੇ ਵੀ ਉਸਦਾ ਇਖਲਾਕੀ ਰਿਣ ਉਤਾਰਨ ਲਈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਘੋਰ ਬੇਅਦਬੀ ਅਤੇ ਬਹਿਬਲ ਕਲਾਂ ਗੋਲੀ ਕਾਂਡ ਦਾ ਸਮੁੱਚਾ ਮਾਮਲਾ ਸੀ.ਬੀ.ਆਈ ਦੇ ਸਰਦਖਾਨੇ ਵਿੱਚ ਸੁੱਟ ਕੇ, ਬਾਦਲਾਂ ਦਾ ਉਸਦੇ ਸਿਰ ਚੜ੍ਹਿਆ ਇਖਲਾਕੀ ਕਰਜ਼ਾ, ਸਮੇਤ ਸੂਦ ਵਾਪਿਸ ਕਰ ਦਿੱਤਾ।

ਇਸੇ ਕਾਰਨ ਪੰਜਾਬ ਵਿਧਾਨ ਸਭਾ ਵਿੱਚ ਹੋਈ ਬਹਿਸ ਵਿੱਚ ਕਿਤੇ ਨਾ ਕਿਤੇ ਕੈਪਟਨ ਅਮਰਿੰਦਰ ਸਿੰਘ, ਇਸ ਸਮੁੱਚੇ ਮਾਮਲੇ ਵਿੱਚ ਅਲੱਗ-ਥਲੱਗ ਤੇ ਇਕੱਲੇ ਖੜ੍ਹੇ ਨਜ਼ਰ ਆ ਰਹੇ ਸਨ। ਸ਼ਾਇਦ ਇਸੇ ਲਈ ਮੰਤਰੀ ਮੰਡਲ ਦੇ ਸਾਰੇ ਸਹਿਯੋਗੀ ਮੰਤਰੀਆਂ ਨੇ ਯਕਜ਼ੁਬਾਨ ਹੋ ਕੇ ਅਤੇ ਸਦਨ ਵਿੱਚ ਇਹ ਮੰਗ ਬਾਰ-ਬਾਰ ਬੜੇ ਜ਼ੋਰ ਨਾਲ ਉਠਾਈ ਕਿ ਸੀ.ਬੀ.ਆਈ ਦੇ ਹਵਾਲੇ ਕੀਤੀ ਜਾਂਚ ਵਾਪਿਸ ਲਈ ਜਾਵੇ ਤੇ ਪੰਜਾਬ ਸਰਕਾਰ ਦੀ ਦੇਖ-ਰੇਖ ਵਿੱਚ, ਪੰਜਾਬ ਪੁਲਿਸ ਦੀ ਹੀ, ਇੱਕ ਵਿਸ਼ੇਸ਼ ਜਾਂਚ ਟੀਮ ਨਿਸ਼ਚਿੱਤ ਸਮਾਂ ਸੀਮਾਂ ਅੰਦਰ ਇਸਦੀ ਬਣਦੀ ਤਫ਼ਤੀਸ਼ ਕਰੇ। ਮੁੱਖ ਵਿਰੋਧੀ ਧਿਰ ਵੱਜੋਂ ਵਿਚਰ ਰਹੀ ਆਮ ਆਦਮੀ ਪਾਰਟੀ ਅਤੇ ਉਨ੍ਹਾਂ ਦੇ ਨਾਰਾਜ਼ ਧੜੇ ਨੇ ਵੀ ਇਹ ਮੰਗ ਸਦਨ ਵਿੱਚ ਪੂਰੇ ਜ਼ੋਰ ਨਾਲ ਉਠਾਈ। ਇਹ ਮੰਗ ਹਰ ਪਾਸਿਓਂ ਏਨਾਂ ਜ਼ੋਰ ਫੜ ਗਈ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਇਸ ਪ੍ਰਬਲ ਲੋਕ ਆਵਾਜ਼ ਦਾ ਸਨਮਾਨ ਕਰਦੇ ਹੋਏ ਓੜਕ ਆਪਣਾ ਫੈਸਲਾ ਬਦਲਨਾ ਪਿਆ। ਜਿਸ ਅਨੁਸਾਰ ਪੰਜਾਬ ਵਿਧਾਨ ਸਭਾ ਦੇ ਸਦਨ ਵਿੱਚ ਸਰਵ ਸੰਮਤੀ ਨਾਲ ਇੱਕ ਪ੍ਰਸ਼ਤਾਵ ਪਾਸ ਕਰ ਦਿੱਤਾ ਗਿਆ ਕਿ ਜਾਂਚ ਤੁਰਤ ਪ੍ਰਭਾਵ ਨਾਲ ਸੀ.ਬੀ. ਆਈ ਤੋਂ ਵਾਪਿਸ ਮੰਗਵਾ ਲਈ ਜਾਵੇ।

ਇਹ ਜ਼ਮੀਨੀ ਹਕੀਕਤ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਅੱਜ ਉਪਰੋਕਤ ਘਟਨਾਵਾਂ ਕਾਰਨ ਭਾਰੀ ਨਮੋਸ਼ੀ ਅਤੇ ਬਿਖਮਤਾ ਦੇ ਆਲਮ ਵਿੱਚ, ਸਿੱਖ ਸੰਗਤਾਂ ਦੇ ਹਕਾਰਤ ਭਰੇ ਰੋਹ ਦਾ ਸਾਹਮਣਾ ਕਰ ਰਿਹਾ ਹੈ। ਬਾਦਲ ਪਰਿਵਾਰ ਆਪਣਾ ਬਚਾਓ ਕਰਨ ਦੇ ਮਨਸ਼ੇ ਨਾਲ, ਹੋਰ ਵੀ ਵੱਡੀਆਂ ਬੱਜਰ ਗਲਤੀਆਂ ਲਗਾਤਾਰ ਕਰੀਂ ਜਾ ਰਹੇ ਹਨ, ਜਿਸ ਨਾਲ ਸਿੱਖ ਸੰਗਤਾਂ ਦਾ ਇਹ ਰੋਹ ਹੋਰ ਵੀ ਪ੍ਰਚੰਡ ਹੋ ਰਿਹਾ ਹੈ। ਧਾਰਮਿਕ ਰਵਾਇਤਾਂ, ਧਾਰਮਿਕ ਸੰਸਥਾਵਾਂ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖਤ ਸਾਹਿਬ ਅਤੇ ਗੁਰੂ ਕੀ ਗੋਲਕ ਦਾ ਦੁਰਉਪਯੋਗ ਕਰਕੇ, ਆਪਣਾ ਬਚਾਅ ਕਰਨ ਲਈ, ਵਰਤੇ ਜਾ ਰਹੇ ਸਾਰੇ ਹੀ ਹੱਥਕੰਡੇ ਸਿੱਖ ਸੰਗਤਾਂ ਦੀ ਦੀਰਘ ਦ੍ਰਿਸ਼ਟੀ ਵਿੱਚ ਹਨ। ਜਦੋਂ ਕੋਈ ਵਿਅਕਤੀ ਜਾਂ ਸੰਸਥਾ ਲੋਕਾਂ ਦੀਆਂ ਨਜ਼ਰਾਂ ਵਿੱਚ ਗਿਰ ਜਾਵੇ ਤਾਂ ਉਸਦਾ ਪੁਨਰ ਉਭਾਰ, ਛੇਤੀ ਕੀਤੇ ਸੰਭਵ ਨਹੀਂ ਹੁੰਦਾ। ਨਜ਼ਰਾਂ ਤੋਂ ਡਿੱਗਿਆਂ ਨੂੰ ਤਾਂ ਦਾਨਿਸ਼ਵਰ ਲੋਕ, ਕਈ ਵਾਰੀ ਆਖਰੀ ਸਮੇਂ, ਮੋਢਾ ਵੀ ਨਹੀਂ ਦਿੰਦੇ ।

ਭਾਵੇਂ ਕਾਂਗਰਸ ਵਿਧਾਨਕਾਰ ਪਾਰਟੀ ਅਤੇ ਮੰਤਰੀ ਮੰਡਲ ਦੇ ਸੁਹਿਰਦ ਵਜ਼ੀਰਾਂ ਦੇ ਸਿੱਧੇ ਦਬਾਓ ਕਾਰਨ, ਸਦਨ ਵਿੱਚ ਲਏ ਗਏ ਫੈਸਲਿਆਂ ਦੀ ਚਾਰੇ ਪਾਸਿਓਂ ਸਰਾਹਨਾ ਹੋ ਰਹੀ ਹੈ, ਜਿਸ ਨਾਲ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਘੋਰ ਬੇਅਦਬੀ ਅਤੇ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਇਨਸਾਫ਼ ਦੇ ਕਟਿਹਰੇ ਵਿੱਚ ਖੜ੍ਹਾ ਕਰਨ ਅਤੇ ਸਖ਼ਤ ਤੋਂ ਸਖ਼ਤ ਸਜਾਵਾਂ ਦਿਵਾਉਣ ਦੀ ਇੱਕ ਆਸ ਤਾਂ ਜ਼ਰੂਰ ਬੱਝ ਗਈ ਹੈ ਪਰ ਇਹ ਕੰਮ ਏਨਾਂ ਆਸਾਨ ਵੀ ਨਹੀਂ, ਜਿਵੇਂ ਇਸ ਨੂੰ ਵੇਖਿਆਂ ਜਾ ਰਿਹਾ ਹੈ। ਇਸ ਸਮੁੱਚੇ ਮਾਮਲੇ ਦੀਆਂ ਹਾਲੇ ਵੀ ਅਣਗਿਣਤ ਪਰਤਾਂ ਹਨ ਜਿਨ੍ਹਾਂ ਤੇ ਆਉਣ ਵਾਲੇ ਦਿਨਾਂ ਵਿੱਚ ਸਾਜਸ਼ੀ ਰਾਜਨੀਤੀ ਹੋਵੇਗੀ। ਇਸ ਸਾਰੇ ਮਾਮਲੇ ਨੂੰ ਸੀ.ਬੀ.ਆਈ ਦੇ ਠੰਡੇ ਬਸਤਿਆਂ ਦੀਆਂ ਸਰਦ ਤੈਹਾਂ ਵਿੱਚੋਂ, ਬਾਹਰ ਕੱਢ ਲੈਣਾ ਵੀ ਏਨਾਂ ਆਸਾਨ ਕਾਰਜ ਨਹੀਂ ਹੈ ਜਿਨ੍ਹਾਂ ਸਾਜਿਸ਼ੀ ਦਿਮਾਗਾਂ ਦੀ ਮਿਲੀ ਭੁਗਤ ਨਾਲ, ਇਹ ਮਾਮਲੇ ਸੀ.ਬੀ.ਆਈ ਦੇ ਠੰਡੇ ਬਸਤਿਆਂ ਵਿੱਚ ਪਾਏ ਗਏ ਹਨ, ਉਹ ਸਾਜਿਸ਼ੀ ਦਿਮਾਗ ਅੱਜ ਵੀ ਬੜੀ ਚਤਰਾਈ ਨਾਲ ਸਰਗਰਮ ਹਨ। ਇਸ ਲਈ ਮੈਨੂੰ ਗੰਭੀਰ ਤੌਖਲਾ ਹੈ ਕਿ;

"ਐਨ ਮੁਮਕਿਨ ਨਹੀਂ ਹਾਲਾਤ ਕੀ ਗੁੱਥੀ ਸੁਲਝੇ,
ਅਹਿਲ-ਏ-ਦਾਨਿਸ਼ ਨੇ ਬਹੁਤ ਸੋਚ ਕੇ ਉਲਝਾਇਆ ਹੈ"

# ਪੰਥ ਦੀ ਪੀੜ ਦਾ ਦਸਤਾਵੇਜ਼ੀ ਰੂਪ ਅਖਤਿਆਰ ਕਰ ਗਈ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦੀ ਤਕਰੀਰ

**ਪ੍ਰੋਫੈਸਰ ਹਰਪਾਲ ਸਿੰਘ**
94171-32373



ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਵੱਲੋਂ ਪੰਜਾਬ ਵਿਧਾਨ ਸਭਾ ਦੇ ਲੰਘੇ ਮਾਨਸੂਨ ਇਜਲਾਸ ਵਿੱਚ ਦਿੱਤੀ ਸਪੀਚ ਪੰਜਾਬ ਅਸੈਂਬਲੀ ਦੇ ਇਤਿਹਾਸ ਵਿੱਚ ਦਸਤਾਵੇਜ਼ੀ ਮੁਕਾਮ ਅਖ਼ਤਿਆਰ ਕਰ ਗਈ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਸਬੰਧੀ ਬਿਠਾਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਤਿਆਰ ਕੀਤੀ ਰਿਪੋਰਟ ਉੱਤੇ ਬਹਿਸ ਵਿੱਚ ਕਈ ਵਿਧਾਇਕਾਂ ਨੇ ਹਿੱਸਾ ਲਿਆ ਪਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦੀ ਸਪੀਚ ਐਸੀ ਹਿੱਕ ਚੀਰਵੀਂ ਸੀ ਕਿ ਅਕਾਲੀ ਧਿਰ ਦੀ ਦਸ ਸਾਲਾ ਬਦ ਇੰਤਜ਼ਾਮੀ ਦੇ ਹਰ ਪਹਿਲੂ ਨੂੰ ਤਾਰ ਤਾਰ ਕਰ ਗਈ। ਟੀ.ਵੀ. ਉੱਤੇ ਨਾਲੋਂ-ਨਾਲ ਦਿਖਾਈ ਜਾ ਰਹੀ ਬਹਿਸ ਨੂੰ ਸੁਣ ਕੇ ਪੰਜਾਬ ਦੇ ਲੋਕਾਂ ਨੂੰ ਪਹਿਲੀ ਵਾਰ ਅਹਿਸਾਸ ਹੋਇਆ ਕਿ ਕੋਈ ਉਨ੍ਹਾਂ ਲਈ ਬੋਲ ਰਿਹਾ ਹੈ, ਉਨ੍ਹਾਂ ਦੀ ਸੋਚ ਅਤੇ ਜੋਸ਼ ਦੀ ਤਰਜਮਾਨੀ ਕਰ ਰਿਹਾ ਹੈ, ਉਨ੍ਹਾਂ ਦੇ ਜਜ਼ਬਿਆਂ ਦੀ ਆਵਾਜ਼ ਬਣ ਗਿਆ ਹੈ, ਸਿੱਖੀ ਅਤੇ ਗੁਰੂ ਗ੍ਰੰਥ ਪ੍ਰਾਪਤੀ ਉਨ੍ਹਾਂ ਦੀ ਅਕੀਦਤ ਅਤੇ ਅਤੇ ਸੰਵੇਦਨਾ ਨੂੰ ਧੁਰ ਅੰਦਰ ਤੱਕ ਮਹਿਸੂਸ ਕਰ ਰਿਹਾ ਹੈ ਅਤੇ ਪੰਜਾਬ ਦੇ ਲੋਕਾਂ ਲਈ ਉਨ੍ਹਾਂ ਦਾ ਕੋਈ ਆਪਣਾ ਮੂੰਹ-ਕੰਢਿਆਂ ਤੱਕ ਹੌਸਲੇ ਅਤੇ ਦਲੇਰੀ ਨਾਲ ਭਰਿਆ ਉਨ੍ਹਾਂ ਦਾ ਪੱਖ ਪੂਰ ਰਿਹਾ ਹੈ। ਇਉਂ ਲੱਗਦਾ ਹੈ ਜਿਵੇਂ ਬਾਜਵਾ ਸਾਹਿਬ ਦੀ ਤਕਰੀਰ ਦੁਨੀਆਂ ਦੀਆਂ ਮਹਾਨ ਬਹਿਸਾਂ ਵਿਚ ਸ਼ਾਮਿਲ ਹੋਵੇਗੀ।

ਆਖਰੀ ਦਿਨ ਦੀ ਇਸ ਇਤਿਹਾਸਕ ਬਹਿਸ ਵਿੱਚ ਤ੍ਰਿਪਤ ਬਾਜਵਾ ਇਕ ਵਾਹਿਦ ਸ਼ਖਸ ਸੀ ਜਿਸਨੇ ਆਪਣਾ ਹੋਮ ਵਰਕ ਲਗਨ ਅਤੇ ਸ਼ਿੱਦਤ ਨਾਲ ਕੀਤਾ ਹੋਇਆ ਸੀ। ਉਸ ਦਾ ਅਚੁਕ ਨਿਸ਼ਾਨਾ ਸਿਰਫ ਬਾਦਲ ਪਰਿਵਾਰ ਤੱਕ ਸੀਮਤ ਨਹੀਂ ਸੀ ਸਗੋਂ ਉਸ ਨੇ ਅਕਾਲੀ ਸਰਕਾਰ ਦੀ ਪਿਛਲੇ ਪੰਦਰਾਂ ਸਾਲਾਂ ਦੀ ਕਾਰਗੁਜ਼ਾਰੀ ਤੋਂ ਇਲਾਵਾ ਮਨੋਰਥਾਂ ਅਤੇ ਆਸ਼ਿਆਂ ਤੋਂ ਭਟਕੀ ਸ਼੍ਰੋਮਣੀ ਕਮੇਟੀ ਨੂੰ ਵੀ ਆਪਣੇ ਕੱਟਵੀਂ ਬੋਲ-ਵਰਖਾ ਨਾਲ ਲਤਾੜ ਕੇ ਰੱਖ ਦਿੱਤਾ ਸੀ।

ਪਰ ਜਿਹੜੀ ਗੱਲ ਲੋਕਾਂ ਦੇ ਧਿਆਨ ਵਿੱਚ ਨਹੀਂ ਆਈ ਹੋਣੀ, ਉਹ ਸੀ ਤ੍ਰਿਪਤ ਬਾਜਵਾ ਵੱਲੋਂ ਇਸ ਪਲੇਟਫਾਰਮ ਨੂੰ ਪੰਜਾਬ ਕੈਬਨਿਟ ਵਿੱਚ ਆਪਣੀ ਪੁਲਿਟਿਕਲ ਪੁਜ਼ੀਸ਼ਨ ਦੀ ਪ੍ਰਮੁੱਖਤਾ ਨੂੰ ਕਾਇਮ ਕਰਨ ਲਈ ਵਰਤਣਾ। ਅਸੀਂ ਦੇਖਦੇ ਹਾਂ ਕਿ ਉਸਨੂੰ ਕਾਫੀ ਅਰਸੇ ਤੋਂ ਨਵਜੋਤ ਸਿੰਘ ਸਿੱਧੂ ਦੀ ਖੜਾਕੇਦਾਰ ਕਾਰਗੁਜ਼ਾਰੀ ਅਤੇ ਦਲੇਰਾਨਾ ਸ਼ਾਬਦਿਕ ਵਾਰ ਬਹੁਤ ਬੁਰੀ ਤਰ੍ਹਾਂ ਖਟਕ ਰਹੇ ਸਨ, ਕਿਉਂਕਿ ਇਸ ਤਰੀਕੇ ਨਾਲ ਸਿੱਧੂ ਨੇ ਸਿਆਸੀ ਗਲਿਆਰੇ ਵਿੱਚ ਅਤੇ ਲੋਕਾਂ ਦੀਆਂ ਨਜ਼ਰਾਂ ਵਿੱਚ ਵਿਸ਼ੇਸ਼ ਪ੍ਰਾਥਮਿਕਤਾ ਹਾਸਲ ਕਰ ਲਈ ਸੀ। ਸਿੱਧੂ ਦੇ ਇਸ ਟੂਣੇ ਤੋਂ ਤ੍ਰਿਪਤ ਬਾਜਵਾ ਲਗਾਤਾਰ ਅੰਦਰੋਂ ਅੰਦਰੀ ਬੇਚੈਨ ਸੀ ਪਰ ਉਸ ਦਾ ਨਾ ਕੋਈ ਵੱਸ ਚੱਲ ਰਿਹਾ ਸੀ ਅਤੇ ਨਾ ਰਾਹ ਲੱਭ ਰਿਹਾ ਸੀ। ਪਿੱਛੇ ਜਿਹੇ ਨਾਜਾਇਜ਼ ਕਾਲੋਨੀਆਂ ਵਾਲੇ ਮੁੱਦੇ ਉੱਤੇ ਉਸ ਨੇ ਸਿੱਧੂ ਨਾਲ ਕੱਚ ਘਰੜ ਤਰੀਕੇ ਨਾਲ ਉਲਝ ਕੇ ਬੇਲੋੜੀ ਸੁਆਦੀ ਪੈਦਾ ਕਰਨ ਤੋਂ ਇਲਾਵਾ ਨਿੱਜੀ ਵੱਕਾਰ ਨੂੰ ਵੀ ਠੇਸ ਮਰਵਾ ਲਈ ਸੀ। ਸਿੱਧੂ ਨਾਲ ਉਲਝਣ ਲਈ ਉਦੋਂ ਨਾ ਉਹ ਉਸ ਚੌਕਸ ਸੀ ਅਤੇ ਨਾ ਟਕਰਾਵ ਲਈ ਲੋੜੀਂਦੀ ਤਿਆਰੀ ਨਾਲ ਲੈਸ ਸੀ। ਲੰਘਿਆ ਮਾਨਸੂਨ ਸੈਸ਼ਨ ਉਸ ਲਈ ਰੱਬ ਵੱਲੋਂ ਢੁਕਾਇਆ ਐਸਾ ਚੋਅ ਸੀ ਜਿਥੇ ਆਪਣਾ ਅਕਸ਼ ਨਿਖਾਰਨ ਲਈ ਆਪਣੇ ਆਪ ਹਾਲਾਤ ਉਸ ਲਈ ਸਾਜ਼ਗਾਰ ਬਣਦੇ ਗਏ।

ਉਸ ਦਿਨ ਨਵਜੋਤ ਸਿੱਧੂ ਦੀ ਸਪੀਚ ਅਲੰਕ੍ਰਿਤ ਭਾਸ਼ਾ ਵਾਲੇ ਉਸ ਦੇ ਰਵਾਇਤੀ ਅੰਦਾਜ਼ ਵਿਚ ਸੀ, ਜਿਸ ਵਿਚ ਨਾਟਕੀ ਅੰਸ਼ ਕੁਝ ਜ਼ਿਆਦਾ ਝਲਕਦਾ ਸੀ। ਨਤੀਜੇ ਵੱਜੋਂ ਉਮੀਦ ਮੁਤਾਬਕ ਇਹ ਕੋਈ ਬਹੁਤ ਵੱਡਾ ਪ੍ਰਭਾਵ ਨਹੀਂ ਛੱਡ ਸਕੀ। ਪ੍ਰੋਫੈਸਰ ਬਲਜਿੰਦਰ ਕੌਰ ਅਤੇ ਚਰਨਜੀਤ ਚੰਨੀ ਨੇ ਜਜ਼ਬਿਆਂ ਨੂੰ ਟੁੰਬਿਆ ਤਾਂ ਜ਼ਰੂਰ ਪਰ ਉਹ ਇਕ ਸਥਾਈ ਪ੍ਰਭਾਵ ਨਾ ਪਾ ਸਕੇ। ਅਖਬਾਰਾਂ ਅਤੇ ਟੈਲੀਵਿਜ਼ਨਾਂ ਵਿਚ ਵੱਡੀ ਪਾਰੀ ਖੇਡਣ ਵਾਲੇ ਕੰਵਰ ਸੰਧੂ ਨੇ ਆਪਣੇ ਤਜਰਬੇ ਦੀ ਯਾਦਦਾਸ਼ਤ ਵਿਚੋਂ ਹੀ ਪੁਰਅਸਰ ਸਪੀਚ ਪੜ੍ਹ ਲਈ। ਮਨਪ੍ਰੀਤ ਸਿੰਘ ਬਾਦਲ ਨੇ ਉਸ ਸਨਸਨੀਖੇਜ਼ ਘਟਨਾ ਦਾ ਖੁਲਾਸਾ ਕਰਕੇ ਵਾਹ ਵਾਹ ਖੱਟੀ ਜਦੋਂ ਨਿਰੰਕਾਰੀ ਕਾਂਡ ਵੇਲੇ ਤਤਕਾਲੀਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਨਿਰੰਕਾਰੀ ਮੁਖੀ ਨੂੰ ਪੰਜਾਬ ਵਿਚੋਂ ਬਚ ਨਿਕਲਣ ਲਈ ਸੁਰੱਖਿਅਤ ਲਾਂਘਾ ਦਿੱਤਾ ਸੀ। ਸੁਖਪਾਲ ਸਿੰਘ ਖਹਿਰਾ ਦੀਆਂ ਦਲੀਲਾਂ ਨੇ ਵੀ ਇਸ ਸੈਸ਼ਨ ਨੇ ਇਕ ਗੱਲੋਂ ਅੱਖਾਂ ਖੋਲ੍ਹ ਦਿੱਤੀਆਂ ਕਿ ਕਿਸੇ ਮਿੱਲ ਦੇ ਨਿਕਾਸੀ ਪਾਣੀ ਵਿਚੋਂ ਬੋਤਲਾਂ ਭਰ ਕੇ ਚੰਡੀਗੜ੍ਹ ਵਿਚ ਪ੍ਰੈਸ ਕਾਨਫਰੰਸ ਕਰਾ ਕੇ ਲੀਡਰੀ ਚਮਕਾਉਣੀ ਹੋਰ ਗੱਲ ਹੈ ਅਤੇ ਹੰਢੇ ਵਰਤੇ ਵਿਧਾਨਕਾਰਾਂ ਦੀ ਹਾਜ਼ਰੀ ਵਿਚ ਸਾਰਥਕ ਗੱਲ ਕਰਕੇ ਪ੍ਰਸ਼ੰਸਾ ਦਾ ਪਾਤਰ ਬਣਨਾ ਅਲੱਗ ਗੱਲ ਹੈ।

ਅਜਿਹੇ ਹਾਲਾਤ ਵਿਚ ਮੈਦਾਨ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦੇ ਹੱਥ ਆਇਆ ਅਤੇ ਇਉਂ ਜਾਣੋ ਕਿ ਉਹ ਇਸ ਵਕਤ ਦਾ ਕਚੀਚੀਆਂ ਵੱਟ ਕੇ ਇੰਤਜ਼ਾਰ ਕਰ ਰਿਹਾ ਸੀ। ਉਸਨੇ ਤਜਰਬੇ ਤੋਂ ਇਹ ਸਮਝ ਲਿਆ ਹੋਇਆ ਸੀ ਕਿ ਜੇਕਰ ਸਪੀਚ ਵਿਚ ਸ਼ਾਇਰੀ ਦੀ ਢੁੱਕਵੀਂ ਵਰਤੋਂ ਕੀਤੀ ਜਾਏ ਤਾਂ ਉਸ ਦਾ ਪ੍ਰਭਾਵ ਜ਼ਿਆਦਾ ਵਿਧਾਪਕ ਅਤੇ ਜ਼ੋਰਦਾਰ ਹੁੰਦਾ ਹੈ।

ਪਰਤ ਦਰ ਪਰਤ ਖੁੱਲ੍ਹਦੀ ਆਪਣੀ ਸਪੀਚ ਦੇ ਹਰ ਪੜਾਅ ਉਤੇ ਬਾਜਵਾ ਸਾਹਿਬ ਨੇ ਸੁਰਜੀਤ ਪਾਤਰ, ਸਾਹਿਰ ਲੁਧਿਆਣਵੀ, ਮਿਰਜ਼ਾ ਗਾਲਿਬ ਅਤੇ ਇਕ ਹੋਰ ਸ਼ਾਇਰ ਦਾ ਕਲਾਮ ਗੁੰਦਿਆ ਹੋਇਆ ਸੀ। ਇਸ ਤੋਂ ਵਧੇਰੇ ਗੁਰਬਾਣੀ ਵਿਚੋਂ ਹਵਾਲੇ ਉਸ ਦੀ ਸਪੀਚ ਦਾ ਵਿਸ਼ੇਸ਼ ਹਾਸਲ ਸੀ। ਜ਼ਾਹਿਰ ਹੈ ਕਿ ਸਪੀਚ ਦੇ ਡਰਾਫਟ ਨੂੰ ਅੰਜਾਮ ਦੇਣ ਵਿਚ ਉਰਦੂ ਅਤੇ ਪੰਜਾਬੀ ਸਾਹਿਤ ਦੀ ਜਾਣਕਾਰੀ ਰੱਖਣ ਵਾਲੇ ਕਿਸੇ ਸਿਆਣੇ, ਤਜਰਬੇਕਾਰ ਅਤੇ ਡੂੰਘੇ ਅਨੁਭਵ ਨਾਲ ਲੈਸ ਬੰਦੇ ਨੇ ਉਸ ਦੀ ਗੰਭੀਰਤਾ ਨਾਲ ਮੱਦਦ ਕੀਤੀ ਸੀ। ਪਰ ਇਹ ਵੀ ਗੱਲ ਹੈ ਕਿ ਅਜਿਹੀ ਮੱਦਦ ਦੀ ਸੁਚੱਜੀ ਵਰਤੋਂ ਕੋਈ ਸਿਆਣਾ ਲੀਡਰ ਹੀ ਕਰ ਸਕਦਾ ਹੈ। ਗਿਆਨੀ ਜ਼ੈਲ ਸਿੰਘ ਆਪਣੇ ਨਿਕਟਵਰਤੀ ਮਜਾਹੀਆ ਲੇਖਕ ਸੂਬਾ ਸਿੰਘ ਦੀਆਂ ਸੇਵਾਵਾਂ ਬਾਖੂਬੀ ਲੈਂਦੇ ਰਹੇ ਹਨ। ਜਥੇਦਾਰ ਟੌਹੜਾ ਦੇ ਸੰਘਣੇ ਵਿਆਖਿਆਨਾਂ ਵਿਚ ਪ੍ਰਿੰਸੀਪਲ ਸਤਿਬੀਰ ਸਿੰਘ ਅਤੇ ਜਸਬੀਰ ਸਿੰਘ ਆਹਲੂਵਾਲੀਆ ਦਾ ਗੁਣਕਾਰੀ ਹੱਥ ਰਿਹਾ ਹੈ। ਬਾਜਵਾ ਜੀ ਦੀ ਸਪੀਚ ਨੇ ਇਹ ਗੱਲ ਵੀ ਦ੍ਰਿੜ ਕਰਾਈ ਕਿ ਸਰਕਾਰੀ ਇੰਤਜ਼ਾਮੀਆ ਅਦਾਲਤਾਂ ਤੇ ਬੇਇਨਸਾਫੀ ਅਤੇ ਬੀਮਾਰ ਸਮਾਜਕ ਸੋਚ ਦੀ ਯਥਾਰਥਕ ਤਰਜਮਾਨੀ ਕਰਨ ਵਿਚ ਸਾਡੇ ਸਮਿਆਂ ਦਾ ਸੁਰਜੀਤ ਪਾਤਰ ਲੋਕ ਆਵਾਜ਼ ਵਜੋਂ ਸਥਾਪਤ ਹੋ ਚੁੱਕਾ ਹੈ।

ਬਾਜਵਾ ਸਾਹਿਬ ਦੀ ਇਸ ਲਾਜਵਾਬ ਅਤੇ ਪੁਰਅਸਰ ਤਕਰੀਰ ਬਾਰੇ ਮੇਰਾ ਇਤਰਾਜ਼ ਹੈ ਕਿ ਉਨ੍ਹਾਂ ਨੇ ਮਹਾਨ ਸ਼ਾਇਰਾਂ ਦੇ ਕਲਾਮ ਦੇ ਕਈ ਹਿੱਸੇ ਸਹੀ ਤਰੀਕੇ ਨਾਲ ਨਹੀਂ ਪੜ੍ਹੇ ਅਤੇ ਉਚਾਰੇ। ਸੁਣਨ ਵਾਲਿਆਂ ਵਿਚ ਜਿਨ੍ਹਾਂ ਦੀ ਜ਼ਬਾਨ 'ਤੇ ਪਾਤਰ ਅਤੇ ਗ਼ਾਲਿਬ ਦੀ ਸ਼ਾਇਰੀ ਚੜ੍ਹੀ ਹੋਈ ਹੈ, ਉਨ੍ਹਾਂ ਨੂੰ ਇਹ ਤੋੜ ਭੰਨ ਰੜਕ ਰਹੀ ਸੀ। ਜਾਂ ਤਾਂ ਉਨ੍ਹਾਂ ਨੇ ਹਵਾਲਿਆਂ ਨੂੰ ਪੜ੍ਹਨ ਵਿਚ ਅਣਗਹਿਲੀ ਕੀਤੀ ਅਤੇ ਜਾਂ ਫਿਰ ਉਨ੍ਹਾਂ ਦੇ ਮੀਡੀਆ ਸਲਾਹਕਾਰ ਨੂੰ ਭਵਿੱਖ ਵਿਚ ਹੋਰ ਸਤਰਕ ਰਹਿਣ ਦੀ ਲੋੜ ਹੈ।

ਬਾਜਵਾ ਸਾਹਿਬ ਹੁਣ ਤੱਕ ਇਹ ਵੀ ਸਮਝ ਗਏ ਹਨ ਕਿ ਪੰਜਾਬ ਸਰਕਾਰ ਵਿਚ ਉਨ੍ਹਾਂ ਨੂੰ ਸੰਭਾਵੀ ਭਵਿੱਖ ਵਿਚ ਵੱਡਾ ਰੋਲ ਨਿਭਾਉਣ ਲਈ ਤਿਆਰ ਬਰ ਤਿਆਰ ਰਹਿਣ ਦੀ ਲੋੜ ਹੈ। ਨਵਜੋਤ ਸਿੰਘ ਸਿੱਧੂ ਨੂੰ ਅਗਲੀਆਂ ਸਫਾਂ ਵਿਚ ਖੜ੍ਹਾ ਕਰਕੇ ਮੋਹਰੀ ਰੋਲ ਦਿੱਤੇ ਜਾਣ ਲਈ ਉਹ ਆਪਣੇ ਮਨੋਂ, ਅੰਦਰੋਂ ਅੰਦਰੀ, ਕੈਪਟਨ ਅਮਰਿੰਦਰ ਸਿੰਘ ਨੂੰ ਦੋਸ਼ੀ ਸਮਝਦੇ ਹਨ। ਮੁੱਖ ਮੰਤਰੀ ਦਾ ਇਹ ਰਵੱਈਆ ਉਨ੍ਹਾਂ ਨੂੰ ਇਸ ਕਦਰ ਰੜਕਦਾ ਜਾਪਦਾ ਹੈ ਕਿ ਕੈਬਨਿਟ ਦੀ ਮਰਿਆਦਾ ਅਤੇ ਆਪਣੀ ਹੈਸੀਅਤ ਦੀ ਪਰਵਾਹ ਨਾ ਕਰਦੇ ਹੋਏ ਉਨ੍ਹਾਂ ਆਪਣੀ ਸਪੀਚ ਵਿਚ ਮੁੱਖ ਮੰਤਰੀ ਉਤੇ ਡੀ ਜੀ ਪੀ ਸੁਮੇਧ ਸਿੰਘ ਸੈਣੀ ਅਤੇ ਬਾਦਲਾਂ ਵਿਰੁੱਧ ਫੌਰੀ ਐਕਸ਼ਨ ਲੈਣ ਲਈ ਸਿੱਧਾ ਦਬਾਅ ਪਾਇਆ ਅਤੇ ਨਾਲ ਹੀ ਲਲਕਾਰ ਭਰੀ ਵੰਗਾਰ ਪਾਈ ਕਿ ਜੇ ਸਰਕਾਰ ਨੂੰ ਇਹ ਸਖਤ ਫੈਸਲਾ ਲੈਣ ਵਿਚ ਝਿਜਕ ਹੈ ਤਾਂ ਉਹ ਖੁਦ ਇਸ ਚੁਨੌਤੀ ਭਰੇ ਕੰਮ ਨੂੰ ਅੰਜਾਮ ਦੇਣ ਲਈ ਤਿਆਰ ਹਨ। ਇਹ ਐਸੀ ਗੱਲ ਸੀ ਜਿਵੇਂ ਮੁਗਲ ਰਾਜ ਵਿਚ ਜੋਖ਼ਮ ਭਰੀ ਮੁਹਿੰਮ ਨੂੰ ਸਿਰੇ ਚੜ੍ਹਾਉਣ ਦੀ ਜ਼ਿੰਮੇਵਾਰੀ ਲੈਣ ਦੇ ਇੱਛੁਕ ਫੌਜੀ ਜਰਨੈਲ ਪਾਨ ਦਾ ਬੀੜਾ ਚੁੱਕਿਆ ਕਰਦੇ ਸਨ। ਸਪੱਸ਼ਟ ਹੈ ਕਿ ਪੰਜਾਬ ਦੇ ਅਵਾਮ ਨੂੰ ਬਾਜਵਾ ਸਾਹਿਬ ਭਵਿੱਖਮੁਖੀ ਸੁਨੇਹਾ ਦੇ ਰਹੇ ਸਨ, ਉਹ ਕਦੇ ਵੀ ਅਤੇ ਕਿਸੇ ਵੀ ਵਕਤ ਪੰਜਾਬ ਨੂੰ ਪੁਖਤਾ ਅਗਵਾਈ ਦੇਣ ਦੇ ਯੋਗ ਅਤੇ ਸਮਰੱਥ ਹਨ।

ਬਾਜਵਾ ਸਾਹਿਬ ਦੀ ਨਿਮਰਤਾ, ਮਿਠਬੋਲੜਾਪਣ, ਠਰ੍ਹੰਮਾ ਅਤੇ ਦਿਆਨਤਦਾਰੀ ਲੋਕਾਂ ਵਿਚ ਵਿਸ਼ਵਾਸ ਵਜੋਂ ਜਾਣੀ ਜਾਂਦੀ ਹੈ। ਮੈਂ ਉਨ੍ਹਾਂ ਨੂੰ ਭਰ ਜਵਾਨੀ ਵਿਚ ਵੇਖਿਆ ਹੈ ਜਦੋਂ ਉਹ ਚਾਰ ਦਹਾਕੇ ਪਹਿਲਾਂ ਮੇਰੇ ਵਿਦਿਆਰਥੀ ਦਿਨਾਂ ਵਿਚ ਪੰਜਾਬ ਯੂਨੀਵਰਸਿਟੀ ਦੇ ਕਾਮਰਸ ਡਿਪਾਰਟਮੈਂਟ ਵਿਚ ਪ੍ਰੋਫੈਸਰ ਉਪਲ ਕੋਲ ਕਦੇ ਕਦਾਈਂ ਆਉਂਦੇ ਸਨ। ਉਨੀਂ ਦਿਨੀਂ ਉਹ ਸਿਆਸਤ ਦੀ ਗੁੜ੍ਹਤੀ ਲੈ ਰਹੇ ਸਨ। ਉਨ੍ਹਾਂ ਦੀ ਸਿਆਸੀ ਕਾਮਯਾਬੀ ਲਈ ਅਨੇਕਾਂ ਪੰਜਾਬੀਆਂ ਦੀ ਤਰ੍ਹਾਂ ਮੇਰੀਆਂ ਵੀ ਸ਼ੁਭ ਕਾਮਨਾਵਾਂ ਹਨ। ਪਰ ਨਾਲੋ ਨਾਲ ਮੈਂ ਨਵਜੋਤ ਸਿੰਘ ਸਿੱਧੂ ਦੀ ਨਿਰਮਲਤਾ, ਨਿਰਛਲਤਾ ਅਤੇ ਨਿਰਭੈਤਾ ਲਈ ਉਸ ਦਾ ਵੀ ਖੈਰਖਵਾਹ ਹਾਂ।

ਇਹ ਦਲੀਲ ਅਤੇ ਜਜ਼ਬਾ ਪਰੁੱਤੀ ਬਹਿਸ ਨਾਲ ਭਰਪੂਰ ਇਹ ਮਾਨਸੂਨ ਸੈਸ਼ਨ ਇਤਿਹਾਸ ਸਿਰਜ ਗਿਆ ਹੈ। ਆਉਣ ਵਾਲੇ ਸਮੇਂ ਵਿਚ ਇਸਨੂੰ ਕਸਵੱਟੀ ਬਣਾ ਕੇ ਵਿਧਾਨ ਸਭਾ ਦੀਆਂ ਬਹਿਸਾਂ ਦਾ ਮਿਆਰ ਤੈਅ ਹੋਇਆ ਕਰੇਗਾ ਪਰ ਕੁਝ ਪਾਰਖੂ ਸੱਜਣ ਅਤੇ ਪੰਜਾਬ ਹਿਤੈਸ਼ੀ ਇਸ ਸੈਸ਼ਨ ਦਾ ਇਕ ਉਦਾਸੀਨ ਪੱਖ ਵੀ ਦੇਖਦੇ ਹਨ ਕਿਉਂਕਿ ਇਸ ਸਮੇਂ ਮਿਆਰੀ ਵਿਦਿਆ, ਸਿਹਤ ਸੇਵਾਵਾਂ, ਧਰਤੀ ਹੇਠਲਾ ਪਾਣੀ ਅਤੇ ਪ੍ਰਦੂਸ਼ਣ ਵਰਗੇ ਅਤਿ ਜ਼ਰੂਰੀ ਮੁੱਦਿਆਂ ਬਾਰੇ ਬਹਿਸ ਅਤੇ ਵਿਚਾਰ ਵਿਮਰਸ਼ ਦਾ ਜਿਵੇਂ ਭੋਗ ਪੈ ਗਿਆ।

ਅਕਾਲੀ ਵਿਧਾਇਕਾਂ ਦੀ ਵਾਕਆਊਟ ਅਤੇ ਸਦਨ ਦੀ ਕਾਰਵਾਈ ਦੇ ਅੰਤ ਤੱਕ ਉਨ੍ਹਾਂ ਦੇ ਬਾਹਰ ਰਹਿਣ ਕਰਕੇ ਹੀ ਅਸੈਂਬਲੀ ਹਾਲ ਵਿਚ ਇੰਨੀ ਸੁਤਰੀ, ਸੰਘਣੀ ਅਤੇ ਸਾਰਥਕ ਬਹਿਸ ਸੰਭਵ ਹੋ ਸਕੀ। ਅਕਾਲੀਆਂ ਨੂੰ ਦੇਰ ਬਾਅਦ ਮਾਲੂਮ ਹੋਇਆ ਕਿ ਗਰਮਜੋਸ਼ੀ ਅਤੇ ਭੜਕਾਹਟ ਵਿਚ ਕੀਤੇ ਬਾਈਕਾਟ ਦਾ ਨੁਕਸਾਨ ਉਲਟਾ ਉਨ੍ਹਾਂ ਦੇ ਸਿਰ 'ਤੇ ਹੀ ਪੈ ਗਿਆ। ਵੀਹਾਂ ਵਿਚੋਂ ਪਿਛਲੇ 15 ਸਾਲਾਂ ਵਿਚ ਅਕਾਲੀ ਦਲ ਦੇ ਰਾਜ ਵਿਚ ਉਨ੍ਹਾਂ ਨੇ ਇੰਤਜ਼ਾਮੀਆਂ ਉਤੇ ਪੱਕੀ ਪੀਡੀ ਪਕੜ ਬਣਾ ਲਈ ਸੀ ਅਤੇ ਵਿਧਾਨ ਸਭਾ ਦੇ ਸੈਸ਼ਨਾਂ ਵਿਚ ਵੀ ਇਕ ਐਸਾ ਹਮਲਾਵਰ ਤੰਤਰ ਸਿਰਜ ਲਿਆ ਸੀ ਜਿਸ ਅਧੀਨ ਉਨ੍ਹਾਂ ਦੇ 2-3 ਵਿਧਾਇਕ ਕਿਸੇ ਵੀ ਭਲੇਮਾਣਸ ਜਾਂ ਵਿਧਾਨਿਕ ਮਰਿਆਦਾ ਵਿਚ ਭਾਸ਼ਣ ਦੇਣ ਜਾਂ ਗੱਲਬਾਤ ਕਰਨ ਵਾਲੇ ਵਿਧਾਇਕ ਨੂੰ ਸ਼ੋਰ-ਸ਼ਰਾਬਾ ਕਰਕੇ ਗਲਾਵੇਂ ਤੋਂ ਫੜਨ ਲਈ ਸਦਾ ਤਿਆਰ ਹੀ ਰਹਿੰਦੇ ਸਨ। ਬਿਕਰਮ ਸਿੰਘ ਮਜੀਠੀਆ ਅਤੇ ਵਿਰਸਾ ਸਿੰਘ ਵਲਟੋਹਾ ਅਜਿਹੀ ਬੁਰਛਾਗਰਦੀ ਲਈ ਕੁਖਿਆਤ ਸਨ। ਅਕਾਲੀ ਲੀਡਰਾਂ ਨੂੰ ਹੁਣ ਪਛਤਾਵਾ ਹੋ ਰਿਹਾ ਹੈ ਕਿ ਉਹ ਅਸੈਂਬਲੀ ਅੰਦਰ ਰਹਿੰਦੇ ਤਾਂ ਆਪਣੀਆਂ ਅਜ਼ਮਾਇਸ਼-ਸ਼ੁਦਾ ਕੁਲੱਛਣੀਆਂ ਚਾਲਾਂ ਸਦਕੇ ਕਾਂਗਰਸ ਨੂੰ ਘੱਟੋ-ਘੱਟ ਇਸ ਸੈਸ਼ਨ ਦਾ ਸਿਆਸੀ ਲਾਭ ਹਰਗਿਜ਼ ਨਾ ਲੈਣ ਦਿੰਦੇ।

## ਅਸੈਂਬਲੀ 'ਚ ਬਹਿਸ ਤੋਂ ਪਿੱਛੋਂ ਵੱਡਾ ਸਵਾਲ

# ਸਿੱਖ ਪੰਥ ਦੀ ਅਗਵਾਈ ਹੁਣ ਕੌਣ ਕਰੇ ?



**ਕਰਮਜੀਤ ਸਿੰਘ**
99150-91063

ਹੁਣ ਜਦੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿਚ ਜਿਵੇਂ ਬਾਦਲਕੇ ਦੋਸ਼ੀ ਠਹਿਰਾਏ ਗਏ ਹਨ ਅਤੇ ਜਿਵੇਂ ਦੇਸ਼ ਅਤੇ



ਵਿਦੇਸ਼ ਵਿਚ ਖਾਲਸਾ ਪੰਥ ਵਿਧਾਨ ਸਭਾ ਵਿਚ ਹੋਈ ਬਹਿਸ ਵਿਚ ਬਾਦਲਕਿਆਂ ਦੀ ਹੋਈ ਦੁਰਗਤੀ 'ਤੇ ਖੁਸ਼ੀਆਂ ਮਨਾ ਰਿਹਾ ਸੀ ਤਾਂ ਸਿੱਖ ਧਰਮ ਤੇ ਸਿੱਖ ਸਿਆਸਤ ਦੀਆਂ ਸਰਗਰਮੀਆਂ ਨਾਲ ਦੂਰੋਂ ਨੇੜਿਓਂ ਜੁੜੇ ਇਕ ਉਘੇ ਸਿੱਖ ਬੁੱਧੀਜੀਵੀ ਨੇ ਮੈਨੂੰ ਸਵਾਲ ਕੀਤਾ ਕਿ ਸਿੱਖ ਧਰਮ, ਸਿੱਖ ਸਿਆਸਤ ਅਤੇ ਸਿੱਖ ਤਰਜ਼-ਏ-ਜ਼ਿੰਦਗੀ ਹੁਣ ਕਿੱਥੋਂ ਅਗਵਾਈ ਹਾਸਲ ਕਰੇ ? ਹੁਣ ਉਹ ਕਿਹੜਾ ਪ੍ਰੇਰਨਾ ਸ੍ਰੋਤ ਹੈ ਅਤੇ ਕਿਹੜੇ ਰੋਲ ਮਾਡਲ ਹਨ ਜੋ ਇਸ ਭਿਆਨਕ ਖਲਾਅ ਵਿਚੋਂ ਸਾਨੂੰ ਰੌਸ਼ਨੀ ਦੇ ਸਕਦੇ ਹਨ ?

ਕੁਝ ਪਲਾਂ ਲਈ ਸਾਡੇ ਦੋਹਾਂ ਵਿਚ ਇਕ ਸੰਘਣੀ ਚੁੱਪ ਛਾ ਗਈ। ਇਸ ਚੁੱਪ ਨੂੰ ਤੋੜਦਿਆਂ ਉਸ ਬੁੱਧੀਜੀਵੀ ਵੀਰ ਨੇ ਅਗਲਾ ਸਵਾਲ ਪੁੱਛ ਲਿਆ ਕਿ ਕੀ ਹੁਣ ਕਾਂਗਰਸ ਪਾਰਟੀ ਸਿੱਖ ਧਰਮ ਤੇ ਸਿੱਖ ਰਾਜਨੀਤੀ ਦੀ ਅਗਵਾਈ ਕਰੇਗੀ ? ਕੀ ਕਰ ਵੀ ਸਕੇਗੀ ? ਇਸ ਬੁੱਧੀਜੀਵੀ ਦਾ ਸਿੱਧਾ ਇਸ਼ਾਰਾ ਵਿਧਾਨ ਸਭਾ ਵਿਚ ਹੋਈ ਉਸ ਬਹਿਸ ਵੱਲ ਸੀ ਜਿਸ ਵਿਚ ਕਾਂਗਰਸੀ ਵਿਧਾਇਕ ਜਿਸ ਜਜ਼ਬੇ ਅਤੇ ਜਿਸ ਅੰਦਾਜ਼ ਵਿਚ ਬੋਲ ਰਹੇ ਸਨ ਜਿਵੇਂ ਸਿੱਖ ਕੌਮ ਦਾ ਸਾਰਾ ਦਰਦ ਉਨ੍ਹਾਂ ਵਿਚ ਹੀ ਇਕੱਠਾ ਹੋ ਗਿਆ ਹੋਵੇ। ਵੈਸੇ ਇਹ ਗੱਲ ਕਿਸੇ ਹੱਦ ਤੱਕ ਸੱਚ ਦੇ ਨੇੜੇ ਵੀ ਸੀ। ਘੱਟੋ ਘੱਟ ਮੰਗਲਵਾਰ ਵਾਲੇ ਦਿਨ ਇੰਝ ਮਹਿਸੂਸ ਕੀਤਾ ਗਿਆ। ਕਾਂਗਰਸ ਦੇ ਸਿੱਖ ਵਿਧਾਇਕ ਸੱਚਮੁੱਚ ਹੀ ਕਿਸੇ ਡੂੰਘੇ ਦਰਦ ਵਿਚੋਂ ਬੋਲ ਰਹੇ ਸਨ ਅਤੇ ਇਉਂ ਲੱਗਦਾ ਸੀ ਜਿਵੇਂ ਉਹ ਗੁਰੂ ਗਰੰਥ ਸਾਹਿਰ ਦੀ ਬੇਅਦਬੀ ਦੇ ਮਾਮਲੇ 'ਤੇ ਸਿਆਸਤ ਨਹੀਂ ਕਰ ਰਹੇ ਸਗੋਂ ਇਸ ਪਵਿੱਤਰ ਗਰੰਥ ਦੀ ਬੇਅਦਬੀ ਸੱਚਮੁੱਚ ਹੀ ਉਨ੍ਹਾਂ ਦੀਆਂ ਨੀਂਦਰਾਂ ਉਤੇ ਬੋਝ ਪਾਉਂਦੀ ਹੈ ਅਤੇ ਕੁਝ ਸੋਚਣ ਲਈ ਵੀ ਮਜਬੂਰ ਕਰਦੀ ਹੈ।

ਇਹ ਵੀ ਹੈਰਾਨੀ ਵਾਲੀ ਗੱਲ ਸੀ ਕਿ ਕੁਝ ਵਿਧਾਇਕ ਭਾਵੇਂ ਬਾਹਰੀ ਸਰੂਪ ਵਿਚ ਸੰਪੂਰਨ ਨਹੀਂ ਸਨ, ਪਰ ਜੋ ਉਹ ਬੋਲਦੇ ਸਨ ਅਤੇ ਜਿਵੇਂ ਬੋਲਦੇ ਸਨ, ਉਹ ਸੱਚਮੁੱਚ ਹੀ ਦਿਲ ਦੀਆਂ ਗਹਿਰਾਈਆਂ ਵਿਚੋਂ ਬੋਲਦੇ ਸਨ। ਪਰ ਇਹ ਵੀ ਇਕ ਹਕੀਕਤ ਹੈ ਕਿ ਸਿੱਖ ਕਦੇ ਵੀ ਕਾਂਗਰਸ ਨੂੰ ਆਪਣੀ ਤਕਦੀਰ ਘੜਨ ਜਾਂ ਲਿਖਣ ਦੀ ਇਜਾਜ਼ਤ ਨਹੀਂ ਦੇ ਸਕਦੇ। ਕਾਰਨ ਸਪੱਸ਼ਟ ਹੈ ਕਿ ਦਰਬਾਰ ਸਾਹਿਬ ਉਤੇ ਹੋਏ ਹਮਲੇ ਅਤੇ ਨਵੰਬਰ 84 ਵਿਚ ਕਤਲੇਆਮ ਸਿੱਖ ਕੌਮ ਦੀ ਯਾਦ ਵਿਚ ਉਹ ਡੂੰਘਾ ਜ਼ਖਮ ਹੈ ਜੋ ਕਦੇ ਵੀ ਨਹੀਂ ਭਰਿਆ ਜਾ ਸਕੇਗਾ। ਵੈਸੇ ਵੀ ਕਾਂਗਰਸ ਕਥਿਤ ਤੌਰ 'ਤੇ ਧਰਮ ਨਿਰਪੱਖ ਪਾਰਟੀ ਹੈ। ਉਹ ਸਿੱਖਾਂ ਦੇ ਅੰਤਰੀਵ ਦਰਦ ਨੂੰ ਕਦੇ ਵੀ ਨਹੀਂ ਸਮਝ ਸਕੇਗੀ। ਪਿਛਲੇ ਇਤਿਹਾਸ ਨੇ ਵੀ ਸਾਨੂੰ ਇਹੋ ਸਬਕ ਦਿੱਤਾ ਹੈ।

ਤਾਂ ਫਿਰ ਹੋਰ ਕੌਣ ਹੈ ਜੋ ਸਾਡੀ ਬਾਂਹ ਫੜ ਸਕਦਾ ਹੈ ? ਕੀ ਆਮ ਆਦਮੀ ਪਾਰਟੀ ਸਾਡੇ ਧਰਮ, ਸਾਡੀਆਂ ਰਵਾਇਤਾਂ ਨਾਲ ਸਾਡੀ ਸਾਂਝ ਪਵਾ ਸਕਦੀ ਹੈ ? ਸਵਾਲ ਹੀ ਪੈਦਾ ਨਹੀਂ ਹੁੰਦਾ। ਜਿਵੇਂ ਇਸ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਪੰਜਾਬ ਮਸਲਿਆਂ ਪ੍ਰਤੀ ਬੇਰੁਖੀ ਵਾਲੀ ਪਹੁੰਚ, ਉਸ ਦੇ ਗਿਆਨ ਦਾ ਪੱਧਰ ਤੇ ਰਵੱਈਆ ਹੈ, ਉਹ ਕਦੇ ਵੀ ਖਾਲਸਾ ਪੰਥ ਦੀ ਰੂਹ ਦਾ ਹਾਣੀ ਨਹੀਂ ਬਣ ਸਕੇਗਾ। ਹਾਂ, ਪੰਥ ਨੇ ਉਸ ਨੂੰ ਇਕ ਮੌਕਾ ਜ਼ਰੂਰ ਦਿੱਤਾ, ਹੁਣ ਹੋਰ ਮੌਕਾ ਪੰਜਾਬ ਦੇ ਲੋਕ ਨਹੀਂ ਦੇਣਗੇ। ਹਾਂ, ਕੁਝ ਅਨਾੜੀ ਤੇ ਗਰਜ਼ਾਂ ਨਾਲ ਜੁੜੇ ਵਿਧਾਇਕ ਤੇ ਪਾਰਟੀ ਆਗੂ ਇਸ ਪਾਰਟੀ ਨਾਲ ਅਜੇ ਹੋਰ ਕੁਝ ਚਿਰ ਜੁੜੇ ਰਹਿ ਸਕਦੇ ਹਨ, ਕਿਉਂਕਿ ਪਾਰਟੀਆਂ ਨੂੰ ਛੱਡਣਾ ਹਰ ਕਿਸੇ ਲਈ ਇੰਨਾ ਅਸਾਨ ਨਹੀਂ ਹੁੰਦਾ। ਜੇ ਸਿੱਖ ਨੌਜਵਾਨਾਂ ਦੀ ਰੂਹ ਨਾਲ ਕੰਨ ਲਾ ਕੇ ਉਨ੍ਹਾਂ ਦੀ ਸਲਾਹ ਲੈਣੀ ਹੈ ਤਾਂ ਉਹ ਇਹੋ ਕਹਿੰਦੇ ਹਨ ਕਿ ਇਹ ਪਾਰਟੀ ਹੁਣ ਇਤਿਹਾਸ ਦਾ ਹਿੱਸਾ ਹੈ।

ਪਰ ਕੀ ਇਸ ਪਾਰਟੀ ਦੇ ਬਾਗੀ ਵਿਧਾਇਕ ਜੇ ਆਉਣ ਵਾਲੇ ਕੱਲ੍ਹ ਨੂੰ ਇਕ ਵੱਖਰੀ ਪਾਰਟੀ ਬਣਾ ਲੈਂਦੇ ਹਨ ਤਾਂ ਕੀ ਉਹ ਸਿੱਖ ਪੰਥ ਦੀ ਅਗਵਾਈ ਕਰ ਸਕਣਗੇ ? ਇਹ ਠੀਕ ਹੈ ਕਿ ਇਹ ਬਾਗੀ ਲੋਕਾਂ ਦਾ ਚਿਹਰਾ ਮੋਹਰਾ ਪੰਥਕ ਹੈ ਪਰ ਉਨ੍ਹਾਂ ਦਾ ਬਾਹਰੀ ਸਰੂਪ ਪੰਥਕ ਨਹੀਂ ਜਿਸ ਨੂੰ ਸਿੱਖ ਪੰਥ ਸਿਰਮੌਰ ਮਾਨਤਾ ਦਿੰਦਾ ਹੈ।

ਕੀ ਰੈਡੀਕਲ ਜਥੇਬੰਦੀਆਂ ਅਤੇ ਹੋਰ ਨਿੱਕੀਆਂ ਮੋਟੀਆਂ ਪੰਥਕ ਜਥੇਬੰਦੀਆਂ ਖਾਲਸਾ ਪੰਥ ਦੀ ਅਗਵਾਈ ਕਰ ਸਕਦੀਆਂ ਹਨ ? ਇਨ੍ਹਾਂ ਦੀ ਅੰਦਰੂਨੀ ਹਾਲਤ ਦੱਸਦੀ ਹੈ ਕਿ ਭਾਵੇਂ ਸਿੱਖੀ ਸਿਧਾਂਤ ਦੇ ਵਿਹੜੇ ਦੇ ਅੰਦਰ ਇਨ੍ਹਾਂ ਜਥੇਬੰਦੀਆਂ ਦਾ ਸਥਾਨ ਸਿਰਮੌਰ ਹੈ ਅਤੇ ਸਤਿਕਾਰ ਵੀ ਹੈ ਪਰ ਇਹ ਜਥੇਬੰਦੀਆਂ ਬਦਕਿਸਮਤੀ ਨਾਲ ਖਾਲਸਾ ਪੰਥ ਦੇ ਵਿਸ਼ਾਲ ਵਿਹੜੇ ਤੋਂ ਬਾਹਰ ਹਨ, ਬਹੁਤ ਦੂਰ ਹਨ। ਪਤਾ ਨਹੀਂ ਕਿਉਂ ? ਇਨ੍ਹਾਂ ਜਥੇਬੰਦੀਆਂ ਦੀ ਰੂਹ ਬੇਚੈਨ ਹੈ, ਬਾਗੀ ਵੀ ਹੈ, ਪਰ ਇਨ੍ਹਾਂ ਦਾ ਰਾਜਨੀਤਕ-ਜਿਸਮ ਪੂਰੀ ਤਰ੍ਹਾਂ ਖੜੋਤ ਵਿਚ ਹੈ। ਇਹੋ ਜਿਹੀਆਂ ਕੌੜੀਆਂ ਸੱਚਾਈਆਂ ਇਹ ਜਥੇਬੰਦੀਆਂ ਖਿੱਝ ਕੇ 'ਸੁਣ' ਤਾਂ ਲੈਂਦੀਆਂ ਹਨ ਪਰ 'ਮੰਨਣ' ਦੀ ਖੁੱਲ੍ਹਦਿਲੀ ਨਹੀਂ ਵਿਖਾਉਂਦੀਆਂ। ਜੇ ਇਨ੍ਹਾਂ ਜਥੇਬੰਦੀਆਂ ਦੀ ਲੀਡਰਸ਼ਿਪ ਵਿਚ ਕੋਈ ਵੱਡਾ ਚਮਤਕਾਰ ਨਾ ਵਾਪਰਿਆ ਤਾਂ ਇਹ ਲੰਮੇ ਅਰਸੇ ਤੱਕ ਖੜੋਤ ਦਾ ਦੁੱਖ ਹੀ ਹੰਢਾਉਣਗੀਆਂ।

ਕੀ ਕੋਈ ਸੰਤ ਅਗਵਾਈ ਕਰ ਸਕਦਾ ਹੈ ? ਹਾਂ, ਕਰ ਸਕਦਾ ਹੈ, ਪਰ ਜੇਕਰ ਸੰਤ ਜਰਨੈਲ ਸਿੰਘ ਵਰਗਾ ਆਵੇ ਪਰ ਆਵੇ ਵੀ ਨਵੇਂ ਰੂਪ ਵਿਚ, ਨਵੇਂ ਅੰਦਾਜ਼ ਵਿਚ ਖਾਲਸਾ ਪੰਥ ਦੇ ਸਨਮੁਖ ਹੋਵੇ। ਮੇਰੇ ਕਹਿਣ ਤੋਂ ਭਾਵ ਉਸ ਵਿਚ ਦ੍ਰਿੜਤਾ, ਲਗਨ, ਉਤਸ਼ਾਹ, ਵਚਨਬੱਧਤਾ ਅਤੇ ਖਾਲਸਾ ਪੰਥ ਨਾਲ ਪਿਆਰ ਉਹੋ ਜਿਹਾ ਹੀ ਹੋਵੇ ਜੋ ਕੌਮ ਨੇ ਸੰਤ ਜਰਨੈਲ ਸਿੰਘ ਵਿਚ ਵੇਖਿਆ ਸੀ। ਇਸ ਨਵੇਂ ਰੂਪ ਵਿਚ ਆਏ ਸੰਤ ਨੂੰ ਸੰਸਾਰ-ਸਿਆਸਤ ਦੀ ਸਮਝ ਹੋਵੇ। ਹਿੰਦੁਸਤਾਨ ਵਿਚ ਵਿਚਰ ਰਹੀਆਂ ਤਾਕਤਾਂ ਦੀ ਡੂੰਘੀ ਜਾਣਕਾਰੀ ਹੋਵੇ ਅਤੇ ਅਨੇਕ ਵਿਰੋਧਤਾਈਆਂ ਵਿਚ ਵਿਚਰ ਰਹੇ ਸਿੱਖ ਪੰਥ ਨੂੰ ਇਕੱਠਾ ਕਰਨ ਦੀ ਸਮਰੱਥਾ, ਯੋਗਤਾ, ਕਾਬਲੀਅਤ ਤੇ ਖੁਲ੍ਹਦਿਲੀ ਹੋਵੇ। ਚੰਗੇ, ਸੂਝਵਾਨ, ਸਿਆਣੇ ਤੇ ਗੁਰਬਾਣੀ ਵਿਚ ਰੰਗੇ ਹੋਏ ਗੁਰਸਿੱਖਾਂ ਦੀ ਕੋਈ ਸਾਂਝੀ ਕਮੇਟੀ ਵੀ ਸਿੱਖ ਪੰਥ ਦੀ ਅਗਵਾਈ ਕਰ ਸਕਦੀ ਹੈ ਬਸ਼ਰਤੇ ਉਸਨੂੰ ਸਿਆਸਤ ਦੀਆਂ ਬਰੀਕ ਗੁੰਝਲਾਂ ਦੀ ਬਹੁਪੱਖੀ ਤੇ ਬਹੁਪਰਤੀ ਜਾਣਕਾਰੀ ਹੋਵੇ। ਪਰ ਅਜੇ ਤੱਕ ਨਾ ਹੀ ਕੋਈ ਉਹੋ ਜਿਹਾ ਸੰਤ ਨਜ਼ਰੀਂ ਪੈਂਦਾ ਹੈ ਤੇ ਨਾ ਹੀ ਗੁਰਸਿੱਖਾਂ ਦੀ ਕੋਈ ਕਮੇਟੀ ਅੱਗੇ ਆਉਂਦੀ ਹੈ।

ਪਰ ਇਕ ਦਿਓ-ਕੱਦ ਸਵਾਲ ਅਜੇ ਵੀ ਸਾਨੂੰ ਵਾਰ ਵਾਰ ਅਵਾਜ਼ ਮਾਰ ਕੇ ਪੁੱਛਦਾ ਹੈ ਕਿ ਦੱਸੋ, ਹੁਣ ਕੀ ਕੀਤਾ ਜਾਵੇ ? ਕਿਵੇਂ ਕੀਤਾ ਜਾਵੇ ? ਕੌਣ ਅੱਗੇ ਆਵੇ ? ਕੀ ਅਕਾਲੀ ਦਲ ਸਾਡੀ ਅਗਵਾਈ ਕਰੇਗਾ ? ਹਾਂ, ਕਰ ਸਕਦਾ ਸੀ, ਜੇਕਰ ਦੋ ਬੰਦੇ ਵੱਡਾ ਤੇ ਛੋਟਾ ਬਾਦਲ ਖਾਲਸਾ ਪੰਥ ਦੇ ਵਿਹੜੇ ਵਿਚੋਂ ਬਾਹਰ ਕੱਢ ਦਿੱਤੇ ਜਾਣ। ਹਾਲ ਦੀ ਘੜੀ ਇਹ ਦਲੇਰੀ ਕਿਸੇ ਵਿਚ ਵੀ ਨਜ਼ਰ ਨਹੀਂ ਆਉਂਦੀ। ਵੈਸੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਤਾਂ ਉਨ੍ਹਾਂ ਨੂੰ ਕੱਢ ਹੀ ਦਿੱਤਾ ਹੈ ਪਰ ਇਨ੍ਹਾਂ ਨੇ ਆਪਣੇ ਮਾਇਆ ਦੇ ਜਾਲ ਨੂੰ ਇੰਨੀ ਦੂਰ ਤੱਕ ਫੈਲਾਇਆ ਹੋਇਆ ਹੈ ਕਿ ਕੋਈ ਵੀ 'ਹਰਿਓ ਬੂਟ' ਨਜ਼ਰ ਨਹੀਂ ਆਉਂਦਾ। ਗੁਰਬਾਣੀ ਦੀ ਪਾਵਨ ਸਤਰ ਹੈ : ਨ ਜਾਣਾ ਮੇਓ, ਨ ਜਾਣਾ ਜਾਲੀ ਅਰਥਾਤ ਨਾ ਹੀ ਮੱਛੀਆਂ ਫੜਨ ਵਾਲੇ ਮਾਹੀਗੀਰ ਦਾ ਪਤਾ ਲੱਗਿਆ ਤੇ ਨਾ ਹੀ ਉਸ ਵੱਲੋਂ ਸੁੱਟੇ ਹੋਏ ਜਾਲ ਦੀਆਂ ਬਰੀਕ ਤੇ ਮਜ਼ਬੂਤ ਤੰਦਾਂ ਸਮਝ ਵਿਚ ਆਈਆਂ।

ਹੁਣ ਇਹ ਪਿਉ-ਪੁੱਤ ਤੇ ਸਾਲਾ ਰੌਲੇ ਨਾਲ ਹੀ ਪੰਥਕ ਸਥਿਤੀ ਉਤੇ ਹਾਵੀ ਹੋਣਾ ਚਾਹੁੰਦੇ ਹਨ। ਪਰ ਇਸ ਰੌਲੇ, ਹਾਲ ਪਾਰਿਆ ਅਤੇ ਹਾਲ ਦੁਹਾਈ ਵਿਚ ਨਾ ਕੋਈ ਵੱਡਾ ਤਰਕ ਹੈ, ਨਾ ਠੋਸ ਤੱਥ ਹਨ ਅਤੇ ਨਾ ਹੀ ਕੋਈ ਪਛਤਾਵਾ ਹੈ। ਜੇ ਤੁਹਾਡੇ ਅੰਦਰ ਥੋੜੀ ਬਹੁਤ ਵੀ ਇਤਿਹਾਸ ਦੀ ਸਮਝ ਹੋਵੇ, ਕਦੇ ਕਦਾਈਂ ਗੁਰਦਵਾਰੇ ਗਏ ਹੋਵੋ ਜਾਂ ਕਿਸੇ ਵੀ ਸੱਚੇ-ਸੁੱਚੇ ਬੰਦੇ ਦੇ ਦਰਸ਼ਨ ਦੀਦਾਰੇ ਕੀਤੇ ਹੋਣ ਤਾਂ ਕੀ ਤੁਹਾਨੂੰ ਇਨ੍ਹਾਂ ਤਿੰਨਾਂ ਦੀ ਬੋਲ ਬਾਣੀ, ਇਨ੍ਹਾਂ ਦੀ ਗੁਫਤਾਰ ਤੇ ਰਫਤਾਰ ਰੂਹ ਨੂੰ ਖਿੱਚਾਂ ਪਾਉਂਦੀ ਹੈ ? ਕੀ ਤੁਹਾਨੂੰ ਇਉਂ ਮਹਿਸੂਸ ਹੁੰਦਾ ਹੈ ਕਿ ਇਹ ਕਦੇ ਖਾਲਸਾ ਪੰਥ ਦੀ ਬੇੜੀ ਕਿਸੇ ਕੰਢੇ ਲਾ ਦੇਣਗੇ ? ਜਦੋਂ ਇਹ ਗੁਰੂ ਗਰੰਥ ਸਾਹਿਬ ਜਾਂ ਸਿੱਖ ਇਤਿਹਾਸ ਦਾ ਵਾਸਤਾ ਪਾਉਂਦੇ ਹਨ ਅਤੇ ਜਾਂ ਅੱਜਕੱਲ੍ਹ ਜਿਵੇਂ ਪੰਥ ਖਤਰੇ ਵਿਚ ਹੈ, ਦੀਆਂ ਗੱਲਾਂ ਕਰਕੇ ਪੰਥ ਨੂੰ ਮਨਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਕੀ ਇਹ ਕਹਾਵਤ ਸਾਨੂੰ ਯਾਦ ਨਹੀਂ ਆਉਂਦੀ ਕਿ ਸ਼ੈਤਾਨ ਬਾਈਬਲ ਦੀਆਂ ਗੱਲਾਂ ਕਰ ਰਿਹਾ ਹੈ।

ਚਲੋ ! ਇਕ ਪਲ ਲਈ ਆਪਾਂ ਸਾਰੇ ਬਾਦਲਾਂ ਦੀ ਇਹ ਦਲੀਲ ਮੰਨ ਲੈਂਦੇ ਹਾਂ ਕਿ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਝੂਠੀ ਹੈ, ਬੇਬੁਨਿਆਦ ਹੈ, ਚਲੋ ! ਇਹ ਵੀ ਸਵੀਕਾਰ ਕਰ ਲੈਂਦੇ ਹਾਂ ਕਿ ਇਹ ਰਿਪੋਰਟ ਅਕਾਲੀ ਦਲ ਨੂੰ ਬਦਨਾਮ ਕਰਨ ਲਈ ਲਿਖੀ ਗਈ ਹੈ। ਪਰ ਕੁਝ ਕੌੜੇ ਸਵਾਲ ਇਹੋ ਜਿਹੇ ਹਨ ਜਿਨ੍ਹਾਂ ਤੋਂ ਇਹ ਲੋਕ ਕਦੇ ਵੀ ਮੁਨਕਰ ਨਹੀਂ ਹੋ ਸਕਦੇ। ਅੱਜ ਕੌਮ ਉਨ੍ਹਾਂ ਸਵਾਲਾਂ ਦੇ ਜਵਾਬ ਮੰਗਦੀ ਹੈ। ਇਹ ਜਵਾਬ ਰੌਲੇ ਵਿਚ ਦਿੰਦੇ ਹਨ ਜਾਂ ਇੰਜ ਕਹਿ ਲਓ ਕਿ ਸਵਾਲ 'ਕਣਕ' ਵਿਚ ਪੁੱਛਿਆ ਜਾਂਦਾ ਹੈ, ਜਵਾਬ 'ਛੋਲਿਆਂ' ਵਿਚ ਦਿੰਦੇ ਹਨ।

ਜਦੋਂ ਮੈਂ ਵਿਧਾਨ ਸਭਾ ਵਿਚ ਹੋਈ ਬਹਿਸ ਨੂੰ ਟਿਕਟਿਕੀ ਲਗਾ ਕੇ ਸੁਣ ਰਿਹਾ ਸੀ ਤਾਂ ਇਕ ਵਿਧਾਇਕ ਜੋ ਇਕ ਉਘੇ ਵਕੀਲ ਵੀ ਰਹਿ ਚੁੱਕੇ ਹਨ, ਉਨ੍ਹਾਂ ਨੇ ਦੱਸਿਆ ਕਿ ਜੇਕਰ ਇਨ੍ਹਾਂ ਦੀਆਂ ਸਾਰੀਆਂ ਗੱਲਾਂ ਮੰਨ ਕੇ ਸੁਪਰੀਮ ਕੋਰਟ ਦਾ ਜੱਜ ਵੀ ਜਾਂਚ ਲਈ ਬਿਠਾ ਦਿੱਤਾ ਜਾਵੇ ਤਾਂ ਉਹ ਵੀ ਕੁਝ ਗੰਭੀਰ ਤੇ ਠੋਸ ਤੱਥਾਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਆਓ, ਇਨ੍ਹਾਂ ਤਿੰਨਾਂ ਸਿਆਸਤਦਾਨਾਂ-ਪਿਉ-ਪੁੱਤ-ਸਾਲੇ ਨੂੰ ਕੌੜੀਆਂ ਹਕੀਕਤਾਂ ਦੇ ਸਾਹਮਣੇ ਕਰੀਏ :

ਇੱਕ, ਕੀ ਬਹਿਬਲ ਕਲਾਂ ਤੇ ਕੋਟਕਪੂਰਾ ਵਿਚ ਗੋਲੀ ਨਹੀਂ ਸੀ ਚੱਲੀ ? ਇਸ ਦਾ ਜਵਾਬ ਤਾਂ ਬਾਦਲਾਂ ਨੂੰ ਹਾਂ ਵਿਚ ਹੀ ਦੇਣਾ ਪਵੇਗਾ। ਦੋ, ਕੀ ਇਹ ਗੱਲ ਸੱਚ ਨਹੀਂ ਕਿ ਸੰਗਤਾਂ ਪੁਰਅਮਨ ਸਨ ਤੇ ਜਾਪ ਕਰ ਰਹੀਆਂ ਸਨ ? ਇਸ ਸਵਾਲ ਦਾ ਜਵਾਬ ਵੀ ਹਾਂ ਵਿਚ ਦੇਣਾਂ ਪਵੇਗਾ। ਘੱਟੋ ਘੱਟ ਜਿਸ ਬੰਦੇ ਨੇ ਦੋ ਦੋ ਖਿਤਾਬ 'ਫਖਰ-ਏ-ਕੌਮ' ਅਤੇ 'ਪੰਥ ਰਤਨ' ਦੇ ਹਾਸਲ ਕੀਤੇ ਹਨ, ਉਸ ਨੂੰ ਤਾਂ ਹਾਂ ਵਿਚ ਹੀ ਜਵਾਬ ਦੇਣਾ ਪਵੇਗਾ। ਤਿੰਨ, ਕੀ ਇਹ ਸੱਚ ਨਹੀਂ ਕਿ ਬਾਦਲ ਸਾਹਿਬ ਨੇ ਰਾਤ ਨੂੰ ਦੋ ਵਜੇ ਵਕਤ ਦੇ ਡੀਜੀਪੀ ਸੁਮੇਧ ਸੈਣੀ ਨੂੰ ਫੋਨ ਕੀਤਾ ? ਇਸ ਦਾ ਜਵਾਬ ਵੀ ਹਾਂ ਵਿਚ ਦੇਣਾ ਪੈਣਾ ਹੈ। ਚਾਰ, ਕੀ ਕੋਈ ਵੀ ਜੱਜ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਕੋਲੋਂ ਇਹ ਸਵਾਲ ਨਹੀਂ ਪੁੱਛੇਗਾ ਕਿ ਗੋਲੀ ਕਿਸ ਨੇ ਚਲਾਈ ? ਦੋਵਾਂ ਪਿਉ-ਪੁੱਤਾਂ ਨੂੰ ਇਸ ਦਾ ਜਵਾਬ ਤਾਂ ਦੇਣਾ ਹੀ ਪਵੇਗਾ, ਭਾਵੇਂ ਉਨ੍ਹਾਂ ਦਾ ਜੱਜ ਆਪਣਾ ਹੀ ਕਿਉਂ ਨਾ ਹੋਵੇ। ਪੰਜ, ਜੇ ਸੁਮੇਧ ਸੈਣੀ ਨੇ ਗੋਲੀ ਚਲਾਉਣ ਦਾ ਹੁਕਮ ਦਿੱਤਾ ਤਾਂ ਬਾਦਲ ਸਾਹਿਬ ਨੇ ਉਸ ਨੂੰ ਸਜ਼ਾ ਕਿਉਂ ਨਹੀਂ ਦਿੱਤੀ ? ਅੱਜ ਤੱਕ ਉਹ ਖਾਮੋਸ਼ ਕਿਉਂ ਹਨ ? ਇਸ ਸਵਾਲ ਦਾ ਵੀ ਬਾਦਲਾਂ ਨੂੰ ਸਾਹਮਣਾ ਕਰਨਾ ਪਵੇਗਾ।

ਕਾਨੂੰਨ ਦੇ ਵੱਡੇ ਵੱਡੇ ਮਾਹਰ ਤੇ ਸਿਆਣੇ ਬੰਦੇ ਇਨ੍ਹਾਂ ਦੇ ਰੌਲੇ ਤੋਂ ਅੱਜਕੱਲ੍ਹ ਬੜਾ ਹੱਸਦੇ ਹਨ। ਜਦੋਂ ਇਹ ਦੱਸ ਹੀ ਨਹੀਂ ਰਹੇ ਕਿ ਗੋਲੀ ਦਾ ਹੁਕਮ ਕਿਸ ਨੇ ਦਿੱਤਾ ਤਾਂ ਫਿਰ ਇਹ ਖੁਦ ਹੀ ਦੱਸਣ ਕਿ ਰੌਲਾ ਪਾ ਕੇ ਤੁਸੀਂ ਰਾਜਨੀਤਕ ਮਹਿਫਲ ਉਤੇ ਕਬਜ਼ਾ ਕਰ ਲਵੋਗੇ ? ਹੁਣ ਤਾਂ ਤੁਹਾਨੂੰ ਲੋਕਾਂ ਨੇ ਵੀ ਪੁੱਛਣਾ ਸ਼ੁਰੂ ਕਰ ਦਿੱਤਾ ਹੈ। ਹੁਣ ਲੋਕ ਕਟਿਹਰੇ ਵਿਚ ਤੁਹਾਡੀ ਇਟੈਰੋਗੇਸ਼ਨ ਹੋ ਰਹੀ ਹੈ। ਕਿਤੇ ਇਹੋ ਜਿਹੀ ਹਾਲਤ ਨਾ ਹੋ ਜਾਵੇ ਕਿ ਪਹਿਲਾਂ ਵਾਂਗ ਅਕਾਲੀ ਦਲ ਦੇ ਸਾਰੇ ਕਾਫਲੇ ਨੂੰ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਪਹਿਲਾਂ ਵਾਂਗ 40 ਦਿਨ ਲਈ ਘਰਾਂ ਵਿਚ ਹੀ ਨਜ਼ਰਬੰਦ ਹੋਣਾ ਪੈ ਜਾਵੇ। ਚਲੋ, ਕਾਨੂੰਨੀ ਦਾਅਪੇਚਾਂ ਨੂੰ ਵੀ ਅਸੀਂ ਛੱਡਦੇ ਹਾਂ। ਇੱਕ ਪੱਲ ਲਈ ਅਸੀਂ ਤਿੰਨਾਂ ਨੂੰ ਕਾਨੂੰਨ ਦੇ ਨਜ਼ਰੀਏ ਤੋਂ ਬਰੀ ਕਰਦੇ ਹਾਂ। ਹੁਣ ਅਗਲੀ ਗੱਲ, ਅਸੀਂ ਉਨ੍ਹਾਂ ਨੂੰ ਸਦਾਚਾਰਕ ਕਟਹਿਰੇ ਵਿਚ ਖੜ੍ਹਾ ਕਰਨਾ ਚਾਹੁੰਦੇ ਹਾਂ ਕਿਉਂਕਿ ਇਖਲਾਕ ਦਾ ਕਟਹਿਰਾ ਸਿੱਖ ਧਰਮ ਵਿਚ ਸਰਵੋਤਮ ਸਥਾਨ ਰੱਖਦਾ ਹੈ। ਭਾਵੇਂ ਇਹ ਗੱਲ ਵੱਖਰੀ ਹੈ ਕਿ ਸਦਾਚਾਰਕ ਮਰਿਆਦਾ ਨੂੰ ਇਨ੍ਹਾਂ ਪਿਉ ਪੁੱਤਾਂ ਨੇ ਕਦੋਂ ਦਾ ਵਿਸਾਰ ਦਿੱਤਾ ਹੈ। ਇਹ ਤਿੰਨੇ ਇਸ ਕਟਹਿਰੇ ਵਿਚ ਆਉਣ ਤੋਂ ਭੱਜ ਨਹੀਂ ਸਕਦੇ ਅਤੇ ਨਾ ਹੀ ਕਿਸੇ ਦਲੀਲ ਦੇ ਬਹਾਨੇ ਖਹਿੜਾ ਛੁਡਾ ਸਕਦੇ ਹਨ।

1. ਕੀ ਸੁਖਬੀਰ ਬਾਦਲ ਨੇ ਦਸ਼ਮੇਸ਼ ਪਿਤਾ ਦੇ ਅੰਮ੍ਰਿਤ ਦੀ ਤੌਹੀਨ ਨਹੀਂ ਕੀਤੀ ? 2. ਕੀ ਉਹ ਪਤਿਤ ਸਿੱਖ ਨਹੀਂ ਹਨ ? 3. ਕੀ ਮਰਿਆਦਾ ਮੁਤਾਬਕ ਉਨ੍ਹਾਂ ਦੀ ਪਤਨੀ ਨੂੰ ਵੀ ਉਨ੍ਹਾਂ ਦੇ ਨਾਲ ਅੰਮ੍ਰਿਤ ਨਹੀਂ ਸੀ ਛਕਾਇਆ ਜਾਣਾ ਚਾਹੀਦਾ ? 4. ਕੀ ਅਕਾਲ ਤਖਤ ਤੋਂ ਉਨ੍ਹਾਂ ਨੇ ਕਦੇ ਤਨਖਾਹ ਲਵਾਉਣ ਦੀ ਬੇਨਤੀ ਕੀਤੀ ? 5. ਹੋਲੀ ਵਾਲੇ ਦਿਨ ਕੇਸ ਖੁੱਲ੍ਹੇ ਛੱਡ ਕੇ ਜਿਵੇਂ ਉਹ ਹੋਲੀ ਖੇਡ ਰਹੇ ਸਨ, ਕੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਲਈ ਇਹ ਸ਼ੋਭਾ ਦਿੰਦੀ ਹੈ ? ਕੀ ਇਹ ਸਿੱਖੀ ਰਵਾਇਤਾਂ ਦੇ ਮੁਤਾਬਕ ਸੀ ? ਕੀ ਕਦੇ ਪਿਛਲੇ ਕਿਸੇ ਅਕਾਲੀ ਦਲ ਦੇ ਪ੍ਰਧਾਨ ਦੀ ਉਹ ਮਿਸਾਲ ਦੇ ਸਕਦੇ ਹਨ ਜਿਸਦੀ ਤਰਜ਼-ਏ-ਜ਼ਿੰਦਗੀ ਉਸ ਤਰ੍ਹਾਂ ਦੀ ਹੋਵੇ ਜਿਸ ਤਰ੍ਹਾਂ ਦੀ ਤੁਸਾਂ ਬਣਾਂ ਰੱਖੀ ਹੈ ? 6. ਕੀ ਉਨ੍ਹਾਂ ਦੀ ਬੋਲਬਾਣੀ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇ ਅਹੁਦੇ ਦੀ ਖੁਸ਼ਬੋ ਆਉਂਦੀ ਹੈ ?

ਹੁਣ ਵੱਡੇ ਬਾਦਲ ਅੱਗੇ ਸਵਾਲ : ਕੀ ਵੱਡੇ ਬਾਦਲ ਅੰਮ੍ਰਿਤ ਦੀ ਪਾਲਣਾ ਕਰਦੇ ਹਨ ? ਕੀ ਕਦੇ ਉਨ੍ਹਾਂ ਨੇ ਇਕਾਂਤ ਵਿਚ ਬਹਿ ਕੇ ਸੋਚਿਆ ਹੈ ਕਿ ਉਹ ਕਿਸੇ ਵੀ ਤਰ੍ਹਾਂ ਫਖਰ-ਏ-ਕੌਮ ਵਰਗੇ ਖਿਤਾਬ ਦੇ ਹੱਕਦਾਰ ਨਹੀਂ ਹਨ ? ਰਾਮ ਰਹੀਮ ਦੇ ਪੈਰਾਂ ਵਿਚ ਬਹਿ ਕੇ ਉਨ੍ਹਾਂ ਨੂੰ ਕਿਹੜਾ ਰੂਹਾਨੀ ਸਕੂਨ ਮਿਲਦਾ ਹੈ ? ਉਨ੍ਹਾਂ ਦੀ ਪਤਨੀ ਨੂੰ ਆਸ਼ੂਤੋਸ਼ ਵਰਗੇ ਬੰਦੇ ਦੇ ਚਰਣਾਂ ਵਿਚ ਬੈਠ ਕੇ ਕਿਹੜੀ ਸ਼ਾਂਤੀ ਮਿਲੀ ਜਿਸਦੀ ਲਾਸ਼ ਅਜੇ ਵੀ ਫਰਿੱਜ ਵਿਚ ਰੱਖੀ ਹੋਈ ਹੈ ? ਬਲਾਤਕਾਰੀ ਆਸਾਰਾਮ ਨਾਲ ਯਾਰੀ ਵਿਚੋਂ ਕੀ ਮਿਲਦਾ ਹੈ ਉਨ੍ਹਾਂ ਨੂੰ ? ਕੀ ਕਾਰਨ ਹੈ ਕਿ ਦੇਹਧਾਰੀ ਗੁਰੂਆਂ ਨਾਲ ਉਨ੍ਹਾਂ ਦੀਆਂ ਗੂੜੀਆਂ ਯਾਰੀਆਂ ਹਨ ਅਤੇ ਸ਼ਬਦਗੁਰੂ ਦੀ ਮਹਾਨ ਫਿਲਾਸਫੀ ਤੋਂ ਉਹ ਹਮੇਸ਼ਾ ਹੀ ਦੂਰ ਰਹੇ ਹਨ ? ਸਿਆਸਤ ਦੇ ਖੇਤਰ ਵਿਚ ਉਹ ਕਿਹੜੀਆਂ ਵੱਡੀਆਂ ਪ੍ਰਾਪਤੀਆਂ ਹਨ ਜਿਨ੍ਹਾਂ ਉਤੇ ਉਹ ਮਾਣ ਕਰ ਸਕਦੇ ਹਨ ?

ਤਾਂ ਮੈਂ ਹੁਣ ਉਸ ਬੁੱਧੀਜੀਵੀ ਵੀਰ ਵੱਲੋਂ ਪੁੱਛੇ ਉਸ ਸਵਾਲ ਉਤੇ ਹੀ ਆਉਂਦਾ ਹਾਂ ਕਿ ਪੰਥ ਦੀ ਅਗਵਾਈ ਕੌਣ ਕਰੇਗਾ। ਹਾਲ ਦੀ ਘੜੀ ਤਾਂ ਇਸ ਦਾ ਕੋਈ ਵੀ ਇਹੋ ਜਿਹਾ ਜਵਾਬ ਨਹੀਂ ਦਿੱਤਾ ਜਾ ਸਕਦਾ ਜੋ ਢੁੱਕਵਾਂ ਵੀ ਹੋਵੇ, ਠੋਸ ਵੀ ਹੋਵੇ ਤੇ ਮੰਨਣਯੋਗ ਵੀ ਹੋਵੇ। ਅਸੀਂ ਸੱਚਮੁੱਚ ਹੀ ਇਕ ਵੱਡੇ ਖਲਾਅ 'ਚੋਂ ਗੁਜ਼ਰ ਰਹੇ ਹਾਂ ਪਰ ਨਵੇਂ ਰਾਹ ਲੱਭਣ ਲਈ ਕੋਈ ਗੰਭੀਰ ਮੰਥਨ ਵੀ ਨਹੀਂ ਹੋ ਰਿਹਾ। ਇਕ ਹੋਰ ਸਰਬੱਤ ਖਾਲਸੇ ਨੂੰ ਬੁਲਾਇਆ ਜਾਵੇ ਤਾਂ ਉਸ ਨੂੰ ਗੁਰੂ ਦਾ ਥਾਪੜਾ ਮਿਲ ਸਕਦਾ ਹੈ।

ਅੰਮ੍ਰਿਤਸਰ ਟਾਈਮਜ਼
AMRITSAR TIMES

05 ਸਤੰਬਰ 2018 ਤੋਂ 11 ਸਤੰਬਰ 2018

## ਸਾਵਧਾਨ ! ਬਾਦਲਾਂ ਦਾ 'ਪੰਥ' ਖਤਰੇ ਵਿਚ ਹੈ

ਜਿਸ ਦਿਨ ਦੀ ਪੰਜਾਬ ਵਿਧਾਨ ਸਭਾ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਟੇਬਲ ਹੋਈ ਹੈ, ਪੰਜਾਬ 'ਚ ਸ਼੍ਰੋਮਣੀ ਅਕਾਲੀ ਦਲ ਅਤੇ ਉਸ ਉਤੇ ਕਬਜ਼ਾ ਜਮਾਈ ਬੈਠੇ ਪ੍ਰਕਾਸ਼ ਸਿੰਘ ਬਾਦਲ ਤੇ ਉਸਦੇ ਪਰਿਵਾਰ ਨੂੰ ਲਾਹਨਤਾਂ ਪੈ ਰਹੀਆਂ ਹਨ। ਸੇਵਾ ਮੁਕਤ ਜਸਟਿਸ ਰਣਜੀਤ ਸਿੰਘ ਦੀ ਅਗਵਾਈ ਵਿਚ ਪੰਜਾਬ ਸਰਕਾਰ ਨੇ ਇੱਕ ਮੈਂਬਰੀ ਜਾਂਚ ਕਮਿਸ਼ਨ ਦਾ ਗਠਨ, ਰਾਜ ਵਿਚ ਬੀਤੇ ਸਮੇਂ ਦੌਰਾਨ ਹੋਈਆਂ ਗੁਰੂ ਗ੍ਰੰਥ ਸਾਹਿਬ ਸਮੇਤ ਦੂਜੇ ਧਰਮ-ਗ੍ਰੰਥਾਂ ਦੀ ਬੇਹੁਰਮਤੀ ਦੀਆਂ ਘਟਨਾਵਾਂ ਦੀ ਜਾਂਚ ਲਈ ਕੀਤਾ ਸੀ। ਇਸ ਕਮਿਸ਼ਨ ਨੇ ਇਸੇ ਦੌਰਾਨ ਬਹੁਚਰਚਿਤ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡਾਂ ਦੀ ਵੀ ਜਾਂਚ ਕੀਤੀ, ਜਿਨਾਂ ਵਿਚ ਦੋ ਸਿੱਖ ਨੌਜਵਾਨ ਪੁਲਿਸ ਦੀ ਗੋਲੀ ਦਾ ਸ਼ਿਕਾਰ ਹੋ ਕੇ ਸ਼ਹੀਦ ਹੋਏ ਸਨ ਤੇ ਸੈਂਕੜੇ ਹੋਰ ਸਿੱਖ ਜ਼ਖਮੀ ਹੋਏ ਸਨ।

ਇਸ ਰਿਪੋਰਟ ਦੇ ਬਾਹਰ ਹੋਣ ਤੋਂ ਬਾਅਦ ਅੱਜ ਹਾਲਾਤ ਇਹ ਬਣੇ ਹੋਏ ਹਨ ਕਿ ਸਿੱਖ ਪੰਥ ਵਿਚ ਚਾਰੇ ਪਾਸਿਓਂ ਬਾਦਲ ਪਰਿਵਾਰ ਤੇ ਉਸ ਦੇ ਕਬਜ਼ੇ ਵਾਲੇ ਅਕਾਲੀ ਦਲ ਦੀ ਥੂ-ਥੂ ਹੋ ਰਹੀ ਹੈ। ਪਰ ਇਹ ਅਖੌਤੀ ਆਗੂ ਆਪਣੀ ਜ਼ਿੰਮੇਵਾਰੀ ਕਬੂਲ ਕਰਕੇ ਅਹੁਦਿਆਂ ਤੋਂ ਅਸਤੀਫੇ ਦੇਣ ਦੀ ਗੱਲ ਤਾਂ ਦੂਰ ਸਗੋਂ "ਪੰਥ ਨੂੰ ਖਤਰੇ" ਦਾ ਝੂਠਾ ਰਾਗ ਅਲਾਪ ਰਹੇ ਹਨ। ਸਿੱਖ ਸੰਗਤਾਂ ਵੱਲੋਂ ਗੁਰੂ ਸਾਹਿਬ ਦੀ ਬੇਅਦਬੀ ਵਿਰੁੱਧ ਬੇਅਦਬੀ ਕਾਂਡ ਦੇ ਦੋਸ਼ੀਆਂ ਦੇ ਸਿਆਸੀ ਸਰਪ੍ਰਸਤ ਸਾਬਤ ਹੋਏ ਬਾਦਲਕਿਆਂ ਦੇ ਪੁਤਲੇ ਫੂਕੇ ਜਾ ਰਹੇ ਹਨ। ਜਾਗਦੀ ਜ਼ਮੀਰ ਵਾਲੇ ਸਿੱਖ ਨੌਜਵਾਨ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਆਪਣੇ ਮਨ ਦਾ ਰੋਸ ਪ੍ਰਗਟਾਉਂਦੇ ਨਜ਼ਰ ਆਏ ਹਨ।

ਇਸ ਮੌਕੇ ਬਾਦਲ ਦਲ ਨੇ ਪੂਰੀ ਢੀਠਤਾਈ ਨਾਲ ਲੋਕ ਰੋਹ ਨੂੰ ਦਰਕਿਨਾਰ ਕਰਦਿਆਂ ਆਮ ਭੋਲੇ-ਭਾਲੇ ਸਿੱਖਾਂ ਨੂੰ ਗੁੰਮਰਾਹ ਕਰਨ ਦਾ ਪੁਰਾਣਾ ਪੈਂਤੜਾ ਅਖਤਿਆਰ ਕੀਤਾ ਹੈ। ਹੇਠਾਂ ਤੋਂ ਲੈ ਕੇ ਉਪਰ ਤਕ ਦੀ ਅਕਾਲੀ ਲੀਡਰਸ਼ਿਪ ਨੂੰ ਇਸ ਪਰਚਾਰ ਉਤੇ ਲਗਾ ਦਿੱਤਾ ਗਿਆ ਹੈ ਕਿ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਝੂਠੀ ਹੈ ਤੇ ਕਾਂਗਰਸ ਪਾਰਟੀ ਸ਼੍ਰੋਮਣੀ ਕਮੇਟੀ ਉਤੇ ਕਬਜ਼ਾ ਕਰਨ ਦੀ ਤਾਕ ਵਿਚ ਇਹ ਸਭ ਕਰ ਰਹੀ ਹੈ।

ਇਸ ਕਰਕੇ ਹਰ ਜਾਗਤ ਪੰਥ ਦਰਦੀ ਤੇ ਪੰਜਾਬ ਦਾ ਭਲਾ ਚਾਹੁਣ ਵਾਲੇ ਵਿਅਕਤੀ ਦਾ ਇਹ ਫਰਜ਼ ਬਣਦਾ ਹੈ ਕਿ ਉਹ ਬਾਦਲਕਿਆਂ ਦੇ ਇਸ 'ਸਿਆਸੀ-ਖੇਲ' ਵਿਚ ਆਮ ਸਿੱਖਾਂ ਦੇ ਅਣਜਾਣੇ ਵਿਚ ਨਾ ਫਸਣ ਨੂੰ ਯਕੀਨੀ ਬਣਾਏ ਜਾਣ ਦੀਆਂ ਕੋਸ਼ਿਸ਼ਾਂ ਵਿਚ ਜੁਟ ਜਾਣ। ਸਿੱਖ ਪੰਥ ਤੇ ਪੰਜਾਬ ਦੀ ਬਿਹਤਰੀ ਵਾਸਤੇ ਗੁਰੂ ਗ੍ਰੰਥ ਦੇ ਗੁਨਾਹਗਾਰਾਂ ਦਾ ਬਿਸਤਰਾ ਗੋਲ ਕਰਨਾ ਲਾਜ਼ਮੀ ਹੈ।

ਬਰਗਾੜੀ ਮੋਰਚੇ 'ਚ ਸੰਗਤਾਂ ਦੇ ਵਧਦੇ ਹੁੰਗਾਰੇ ਨੇ ਇਹ ਅਹਿਸਾਸ ਜ਼ਰੂਰ ਕਰਵਾਇਆ ਹੈ ਕਿ ਪੰਥਕ ਜਜ਼ਬਾ, ਗੁਰੂ ਸਾਹਿਬ ਦੇ ਨਾਮ 'ਤੇ ਉਬਾਲਾ ਖਾ ਚੁੱਕਾ ਹੈ। ਹੁਣ ਲੋੜ ਪੰਥ ਦੇ ਦੁਸ਼ਮਣਾਂ ਦੀਆਂ ਲੂੰਬੜ ਚਾਲਾਂ ਨੂੰ ਸਮਝਣ ਦੀ ਹੈ। ਸਿੱਖ ਪੰਥ ਦੇ ਸੁੱਚੇ ਜਜ਼ਬਿਆਂ ਨੂੰ ਸਿਆਸੀ ਲਾਹਾ ਲੈਣ ਲਈ ਕੋਈ ਸਿਆਸੀ ਮੋੜ ਦੇਣ ਦੀ ਕੋਸ਼ਿਸ਼ ਨਾ ਹੋ ਸਕੇ, ਇਸ ਵਾਸਤੇ ਪੰਥ ਦਰਦੀਆਂ ਦੀ ਸੁਚੇਤ ਪਹਿਰੇਦਾਰੀ ਦੀ ਸਖਤ ਜ਼ਰੂਰਤ ਹੈ। "ਪੰਥ ਖਤਰੇ ਵਿਚ" ਵਾਲਾ ਬਾਦਲੀ ਜੁਮਲਾ ਭਾਵੇਂ ਹੁਣ ਵੇਲਾ ਵਿਹਾ ਚੁੱਕਾ ਹੈ ਪਰ ਜੋ ਲੋਕ ਸੱਤਾ ਦੇ ਲਾਲਚ ਵਿਚ ਗੁਰੂ ਨੂੰ ਪਿੱਠ ਵਿਖਾ ਗਏ, ਉਨਾਂ ਕੋਲੋਂ ਕਿਸੇ ਭਲੀ ਦੀ ਆਸ ਕਰਨਾ ਹੀ ਬੇਮਾਅਨਾ ਹੈ। ਹਾਲੇ ਵੀ ਵਿਕਾਊ ਮਾਲ ਫੋਕੀਆਂ ਫੜਾਂ ਮਾ ਰਿਹਾ ਹੈ।

ਹਕੀਕਤ ਇਹ ਹੈ ਕਿ ਜਿਸ ਦਿਨ ਸਿਆਸੀ ਆਗੂਆਂ ਦੀ ਭਰੋਸੇਯੋਗਤਾ ਲੋਕਾਂ 'ਚ ਖ਼ਤਮ ਹੋ ਜਾਂਦੀ ਹੈ, ਉਸੇ ਦਿਨ ਉਨਾਂ ਦੀ ਸਿਆਸੀ ਮੌਤ ਹੋ ਜਾਂਦੀ ਹੈ। ਪਿਛਲੀ ਅੱਧੀ ਸਦੀ ਤੋਂ ਸਿੱਖ ਸਿਆਸਤ ਦੇ ਘਾਗ ਆਗੂ ਬਣ ਕੇ ਚੰਮ ਦੀਆਂ ਚਲਾਉਣ ਵਾਲੇ ਬਾਦਲਕੇ, ਸਿੱਖ ਸਿਆਸਤ ਦੇ ਬਾਬਾ ਬੋਹੜ ਬਣੇ ਹੋਏ ਸਨ। ਹੈਰਾਨੀ ਦੀ ਗੱਲ ਹੈ ਕਿ ਸਿੱਖਾਂ ਦਾ ਦੁਸ਼ਮਣ 60 ਸਾਲ ਤੋਂ ਪੰਥ ਦੀ ਬੁੱਕਲ ਵਿਚ ਬੈਠਾ ਹੀ ਸਿੱਖ ਕੌਮ ਦੀਆਂ ਜੜਾਂ ਵਿਚ ਤੇਲ ਦਿੰਦਾ ਰਿਹਾ। ਸੋਸ਼ਲ ਮੀਡੀਆ ਦੇ ਆਉਣ ਉਤੇ ਇਸ ਸਾਰੇ ਪਾਜ ਹੌਲੀ-ਹੌਲੀ ਉਘੜਦੇ ਗਏ। ਅਫਸੋਸ ਇਹ ਪਤਾ ਲਗਦਿਆਂ-ਲਗਦਿਆਂ ਕੌਮ ਦੀ ਇਕ ਸਦੀ ਬਾਦਲਾਂ ਦੇ ਖੂਹ-ਖਾਤੇ ਚਲੀ ਗਈ। ਅਜੋਕੇ ਹਾਲਾਤ ਉਤੇ ਪੰਜਾਬੀ ਦੇ ਇਕ ਅਖਬਾਰ ਨੇ ਬੜੀ ਭਾਵਪੂਰਨ ਟਿੱਪਣੀ ਕੀਤੀ ਹੈ ਕਿ ਪਿੰਡਾਂ 'ਚ ਇਕ ਨਵੀਂ ਮੁਨਾਦੀ ਸੁਣਾਈ ਦੇਣ ਲੱਗ ਪਈ ਹੈ, "ਗੁਰੂ ਰੂਪੀ ਸਾਧ ਸੰਗਤ ਜੀ, ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕਿ ਫ਼ਤਿਹ। ਪਤਾ ਲੱਗਾ ਹੈ ਕਿ ਅੱਜ ਆਪਣੇ ਨਗਰ 'ਚ ਭਾਈ, ਪੰਥ ਦੋਖੀ ਬਾਦਲਕਿਆਂ ਦਾ ਫ਼ਲਾਣਾ ਆਗੂ ਆ ਰਿਹਾ ਹੈ। ਆਪਾਂ ਭਾਈ! ਸਾਰਿਆਂ ਨੇ ਉਸਦਾ ਬਾਈਕਾਟ ਕਰਨਾ ਹੈ ਤੇ ਕਾਲੀਆਂ ਝੰਡੀਆਂ ਵਿਖਾਉਣੀਆਂ ਹਨ, ਇਨਾਂ ਦੁਸ਼ਟਾਂ ਦਾ ਪੁਤਲਾ ਸਾੜ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ।" ਸਿਆਣੇ ਆਖਦੇ ਹਨ ਕਿ ਅਜਿਹੀਆਂ ਲੋਕ ਲਹਿਰਾਂ ਸਦੀਆਂ ਬਾਅਦ ਹੀ ਉਠਦੀਆਂ ਹਨ। ਬਾਦਲਕਿਆਂ ਦੇ ਝੂਠ ਦੇ ਹੋ ਰਹੇ ਇਸ ਹਸ਼ਰ ਵਿਚ ਵਿਚ ਜੋਸ਼ ਦੇ ਨਾਲ-ਨਾਲ ਹੋਸ਼ ਵਿਚ ਰਹਿੰਦਿਆਂ ਹੰਭਲਾ ਮਾਰਨ ਦੀ ਲੋੜ ਹੈ।

---

## ਹੰਕਾਰਿਆ ਸੋ ਮਾਰਿਆ !

ਭੁੱਲ ਦੀਨ ਈਮਾਨ ਕਾਨੂੰਨ ਕਾਇਦੇ
ਕਰੀਆਂ ਮਰਜ਼ੀਆਂ ਜੜਾਂ ਵਿਚ ਬਹਿੰਦੀਆਂ ਨੇ।
ਕਿੱਲਾ ਧੌਣ ਵਿਚ ਆਕੜ ਦਾ ਹਾਕਮਾਂ ਦੇ
ਸੂਹ ਦਿੰਦਾ ਕਿ ਨੇੜੇ ਹੀ ਢਹਿੰਦੀਆਂ ਨੇ।
ਪੋਤੇ ਦੀਆਂ ਵੀ ਆ ਹੀ ਜਾਂਦੀਆਂ ਨੇ
ਲੰਮਾਂ ਚਿਰ ਨਾ ਦਾਦੇ ਦੀਆਂ ਰਹਿੰਦੀਆਂ ਨੇ।
ਹੱਥਾਂ ਨਾਲ ਜੋ ਦਿੱਤੀਆਂ ਹੋਣ ਯਾਰੋ
ਨਾਲ ਦੰਦਾਂ ਦੇ ਖੋਲਣੀਆਂ ਪੈਂਦੀਆਂ ਨੇ।
ਕੱਢੇ ਹੁੰਦੇ ਨੇ ਤੱਥ ਸਿਆਣਿਆਂ ਦੇ
ਜੋ ਕਹਾਵਤਾਂ ਸਦੀਆਂ ਤੋਂ ਕਹਿੰਦੀਆਂ ਨੇ।
ਹੋਣ ਉਡਦੀਆਂ ਅੱਧ ਅਸਮਾਨ ਭਾਵੇਂ
ਚੜੀਆਂ ਗੁੱਡੀਆਂ ਆਖਰ ਨੂੰ ਲਹਿੰਦੀਆਂ ਨੇ।

**-ਤਰਲੋਚਨ ਸਿੰਘ ਦੁਪਾਲਪੁਰ**, ਸੰਪਰਕ : 408-915-1268

# ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿਚ ਕੈਪਟਨ ਕਿੰਨਾ ਕੁ ਗੰਭੀਰ ?

**"ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਹੋਈ ਬਹਿਸ ਦੇ ਵਿਸ਼ਲੇਸ਼ਣਾਂ ਵਿਚ ਹੁਣ ਤਕ ਬਹੁਤਾ ਕਰਕੇ ਕਾਂਗਰਸ ਪਾਰਟੀ ਦੀ ਬੱਲੇ-ਬੱਲੇ ਹੋ ਰਹੀ ਹੈ। ਇਹ ਲੋਕ ਸ਼ਾਇਦ ਇੰਝ ਮਹਿਸੂਸ ਕਰ ਰਹੇ ਹਨ ਕਿ ਜਿਵੇਂ ਇਹ ਪਾਰਟੀ ਪੰਜਾਬ ਦੇ ਹਿੱਤਾਂ ਲਈ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਵਿਚ ਮਸੀਹਾ ਬਣ ਕੇ ਉਤਰੀ ਹੋਵੇ। ਪਰ ਸਮੁੱਚੀ ਤਸਵੀਰ ਦੇ ਕੁਝ ਅਣਗੌਲੇ ਪਹਿਲੂਆਂ ਨੂੰ ਵੀ ਉਜਾਗਰ ਕਰਨ ਦੀ ਲੋੜ ਹੈ। ਇਸ ਲੇਖ ਵਿਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਇਸ ਮਾਮਲੇ 'ਤੇ ਸੰਜੀਦਗੀ, ਇਮਾਨਦਾਰੀ ਤੇ ਨਿਰਪੱਖਤਾ ਉਤੇ ਗੰਭੀਰ ਸਵਾਲ ਖੜ੍ਹੇ ਹੁੰਦੇ ਹਨ। ਪੰਜਾਬ ਦੀ ਸਮੁੱਚੀ ਸਥਿਤੀ ਨੂੰ ਅਤਿ ਕਰੀਬ ਹੋ ਕੇ ਵੇਖਣ-ਪਰਖਣ ਤੋਂ ਕਈ ਵੱਡੇ ਸਵਾਲ ਪੈਦਾ ਹੁੰਦੇ ਹਨ। ਇਸ ਖੇਡ ਵਿਚ ਵਿਚਰ ਰਹੀਆਂ ਸਾਰੀਆਂ ਧਿਰਾਂ ਨੂੰ ਬਾਜ਼ ਅੱਖ ਨਾਲ ਦੇਖਣ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ। ਇਉਂ ਲਗਦਾ ਹੈ ਕਿ ਜਿਵੇਂ ਕੈਪਟਨ ਸਰਕਾਰ ਵੀ ਅਤੇ ਵਿਸ਼ੇਸ਼ ਕਰਕੇ ਕੈਪਟਨ ਅਮਰਿੰਦਰ ਸਿੰਘ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਨਾਜ਼ੁਕ ਮੁੱਦੇ ਨੂੰ ਠੰਡੇ ਬਸਤੇ ਪਾਉਣ ਦਾ ਇਰਾਦਾ ਰੱਖਦਾ ਹੈ।"**

**ਮਨਜੀਤ ਸਿੰਘ ਟਿਵਾਣਾ**
99158-94002

ਪੰਥ ਅਤੇ ਪੰਜਾਬ ਦੇ ਲੋਕ ਹਾਲ ਹੀ 'ਚ ਵਿਧਾਨ ਸਭਾ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਜਾਂਚ ਰਿਪੋਰਟ ਉਤੇ ਹੋਈ ਬਹਿਸ ਦੀਆਂ ਜ਼ਰਬਾਂ-ਤਕਸੀਮਾਂ ਵਿਚੋਂ ਇਨਸਾਫ ਕਰਨ ਵਾਲਾ ਤਰਾਜੂ ਲੱਭਣ ਦੀ ਕੋਸ਼ਿਸ਼ ਵਿਚ ਹਨ। ਕੈਪਟਨ ਸਰਕਾਰ ਦੇ ਸਿਰਕੱਢ ਮੰਤਰੀ ਸਾਹਿਬਾਨਾਂ ਦੀ ਲੱਛੇਦਾਰ ਤੇ ਭਾਵੁਕਤਾ ਨਾਲ ਨੱਕੋ-ਨੱਕ ਭਰੀ ਹੋਈ ਭਾਸ਼ਣਬਾਜ਼ੀ ਨੇ ਕਈ 'ਪੰਥਕ-ਬਿਰਤੀਆਂ' ਦੀ ਸਮਾਧੀ ਨੂੰ ਭੰਗ ਕਰਕੇ ਸਰਕਾਰ ਲਈ ਜਜ਼ਬਾਤੀ ਹਮਦਰਦੀ ਹਾਸਲ ਕਰਨ ਦੀ ਮੁਹਿੰਮ ਸਫਲਤਾ ਨਾਲ ਸਰ ਕਰ ਲਈ ਜਾਪਦੀ ਹੈ। ਪਿਛਲੀ ਅਕਾਲੀ-ਭਾਜਪਾ ਸਰਕਾਰ ਦੇ ਰਾਜ ਦੌਰਾਨ ਹੋਈ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਵਿੱਤਰ ਬੀੜਾਂ ਦੀ ਬੇਅਦਬੀ, ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦੇ ਖਲਨਾਇਕ ਪ੍ਰਕਾਸ਼ ਸਿੰਘ ਬਾਦਲ ਐਂਡ ਪਾਰਟੀ ਨੂੰ ਵਿਧਾਨ ਸਭਾ ਦੀ ਫਲੋਰ ਉਤੇ ਲਗਦੇ ਰਗੜੇ ਹਰ ਪੰਜਾਬ ਤੇ ਪੰਥ ਦਰਦੀ ਨੂੰ ਨਿਰਸੰਦੇਹ ਸਕੂਨ ਦੇਣ ਵਾਲੇ ਸਨ। ਪਰ ਕੀ ਲੋਕਤੰਤਰ ਦਾ ਮੰਦਿਰ ਆਖੀ ਜਾਣ ਵਾਲੀ ਵਿਧਾਨ ਸਭਾ ਦੀ ਇਮਾਰਤ ਵਿਚ ਇਕ ਬਹੁਤ ਹੀ ਗੰਭੀਰ ਤੇ ਸੰਵੇਦਨਸ਼ੀਲ ਮੰਨੇ ਜਾ ਰਹੇ ਮਾਮਲੇ ਉਤੇ ਹੋਈ ਇਸ ਇਤਿਹਾਸਕ ਬਹਿਸ ਦਾ ਹਾਸਲ ਸਿਰਫ ਏਨਾ ਕੁ ਹੀ ਹੈ ਜਾਂ ਇਸ ਤੋਂ ਵੱਧ ਵੀ ਹੈ? ਅਕਾਲੀ ਧਿਰ ਵੱਲੋਂ ਬਹਿਸ ਵਿਚੋਂ ਜਾਣਬੁੱਝ ਕੇ ਗੈਰਹਾਜ਼ਰ ਰਹਿ ਕੇ ਜਮਹੂਰੀਅਤ ਦੇ ਨਜ਼ਰੀਏ ਤੋਂ ਬਹਿਸ ਦੀ ਸਾਰਥਿਕਤਾ ਉਤੇ ਸਵਾਲ ਖੜ੍ਹੇ ਕਰਨ ਦਾ ਰਵਾਇਤੀ ਕਾਰਨ ਆਪਣੇ ਪੱਖ ਵਿਚ ਕਰ ਲੈਣ ਦੀ ਰਾਜਨੀਤੀ ਨੂੰ ਪਾਸੇ ਕਰ ਕੇ ਦੇਖਣ ਤੋਂ ਬਾਅਦ ਵੀ ਇਸ ਬਹਿਸ ਬਾਰੇ ਇਹ ਕਹਿਣਾ ਨਾ-ਵਾਜਿਬ ਨਹੀਂ ਹੋਵੇਗਾ ਕਿ ਇਸ ਬਹਿਸ ਨੇ ਬਹੁਤ ਸਾਰੇ ਗੰਭੀਰ ਸਵਾਲਾਂ ਦੇ ਜਵਾਬ ਦੇਣ ਦੀ ਥਾਂ ਕਈ ਵੱਡੇ ਸਵਾਲ ਹੋਰ ਖੜ੍ਹੇ ਕਰ ਦਿੱਤੇ ਹਨ।

ਇਸ ਮੌਕੇ ਬਹੁਤੇ ਪੰਜਾਬ ਤੇ ਪੰਥ ਦੇ ਦਰਦੀਆਂ ਨੂੰ ਸਮੁੱਚੀ ਬਹਿਸ ਨੂੰ ਜਜ਼ਬਿਆਂ ਦੇ ਪੱਧਰ ਉਤੇ ਲੈਣ ਤੋਂ ਬਾਅਦ ਸ਼ਾਇਦ ੧੯ਵੀਂ ਸਦੀ ਵਿਚ ਆਪਣੇ ਸਟੀਕ ਤੇ ਗਹਿਰ ਗੰਭੀਰ ਵਿਚਾਰਾਂ ਨਾਲ ਦੁਨੀਆ ਦਾ ਧਿਆਨ ਖਿੱਚਣ ਵਾਲਾ ਇਟਲੀ ਦਾ ਵਿਦਵਾਨ ਤੇ ਸਿਆਸਤਦਾਨ ਐਨਟੋਨੀਓ ਗਰਾਮਸ਼ੀ ਦਾ ਇਕ ਕਥਨ ਵੀ ਧਿਆਨ-ਗੋਚਰੇ ਕਰ ਲੈਣਾ ਵਾਜਿਬ ਹੋਵੇਗਾ। ਅਜਿਹੇ ਹੀ ਹਾਲਾਤ ਨੂੰ ਮੁਖਾਤਿਬ ਗਰਾਮਸ਼ੀ ਕਹਿੰਦਾ ਹੈ ਕਿ, "ਜੇ ਤੁਸੀਂ ਬਦਲਾਅ ਚਾਹੁੰਦੇ ਹੋ, ਤਾਂ ਵਰਤਮਾਨ ਨੂੰ ਸ਼ਿੱਦਤ ਨਾਲ ਵਾਚਣ ਤੇ ਸਮਝਣ ਦੀ ਲੋੜ ਹੁੰਦੀ ਹੈ।" ਪੰਜਾਬ ਵਿਧਾਨ ਸਭਾ ਦੇ ਤਾਜ਼ਾ ਹੋ ਕੇ ਹਟੇ ਮੌਨਸੂਨ ਸੈਸ਼ਨ ਦੌਰਾਨ ਬਹੁਚਰਚਿਤ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਉਤੇ ਹੋਈ ਬਹਿਸ ਨੂੰ ਜਜ਼ਬਿਆਂ ਦੇ ਪੱਧਰ ਉਤੇ ਮਾਨਣ ਦੇ ਨਾਲ-ਨਾਲ ਸਾਨੂੰ ਇਸ ਦੀ ਪੜਚੋਲਵੀਂ ਤੇ ਤੱਥਾਂ ਨੂੰ ਸਾਹਮਣੇ ਰੱਖ ਕੇ ਜੋਖ-ਪਰਖ ਕਰਨ ਦੀ ਜ਼ਰੂਰਤ ਵੀ ਹੈ।

- **ਸਭ ਤੋਂ ਵੱਡਾ ਸਵਾਲ ਜੋ ਇਸ ਬਹਿਸ ਤੋਂ ਬਾਅਦ ਖੜ੍ਹਾ ਹੋਇਆ ਹੈ, ਕਿ ਕੀ ਸਰਕਾਰ ਜਾਂ ਮੁੱਖ ਮੰਤਰੀ ਅਮਰਿੰਦਰ ਸਿੰਘ ਦੋਸ਼ੀਆਂ ਨੂੰ ਸੱਚਮੁੱਚ ਹੀ ਸਜ਼ਾ ਦੇਣ ਲਈ ਤਤਪਰ ਹਨ?**
- **ਜੇ ਅੱਜ ਪੰਥ ਤੇ ਪੰਜਾਬ ਦੀ ਪਿੱਠ ਵਿਚ ਛੁਰਾ ਮਾਰਨ ਵਾਲੇ ਅਕਾਲੀ ਮਹਿਜ਼ ਰਾਜ ਸੱਤਾ ਮਾਨਣ ਵਾਲੇ ਹੀ ਨਿਕਲੇ ਹਨ, ਤਾਂ ਕੀ ਦਿੱਲੀ ਦਰਬਾਰ ਤੇ ਕਾਂਗਰਸ ਦੁਆਰਾ ਬੀਤੇ ਵਿਚ ਪੰਜਾਬ ਨਾਲ ਕੀਤੀਆਂ ਧੱਕੇਸ਼ਾਹੀਆਂ ਮਹਿਜ਼ ਕਲਪਿਤ ਹੀ ਹਨ?**
- **ਇਹ ਸਵਾਲ ਪੁੱਛਿਆ ਜਾਣਾ ਵੀ ਲਾਜ਼ਮੀ ਬਣਦਾ ਹੈ ਕਿ ਜਦੋਂ ਉਕਤ ਜਾਂਚ ਰਿਪੋਰਟ ਦੇ ਸਿਰਫ ਕੁਝ ਭਾਗ ਹੀ ਮੁੱਖ ਮੰਤਰੀ ਕੋਲ ਅੱਪੜੇ ਸਨ, ਤਾਂ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਸੀਬੀਆਈ ਨੂੰ ਸੌਂਪਣ ਦੀ ਕੀ ਲੋੜ ਪੈ ਗਈ ਸੀ?**
- **ਇਹ ਸਵਾਲ ਵੀ ਉਠਾਇਆ ਜਾਣਾ ਲਾਜ਼ਮੀ ਹੈ, ਕਿ ਦੋਸ਼ੀ ਪੁਲਿਸ ਅਫਸਰਾਂ ਨੂੰ ਟੰਗਣ ਦੀ ਕਾਰਵਾਈ ਦੇ ਨਾਲ-ਨਾਲ ਕੀ ਇਸ ਬੱਜਰ ਗੁਨਾਹ ਦੇ ਪਰਦੇ ਪਿਛਲੇ ਪਾਤਰ ਵੀ ਟੰਗੇ ਜਾਣਗੇ?**
- **ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਵਿਚ ਸਾਬਕਾ ਮੁੱਖ ਮੰਤਰੀ ਤੇ ਸਾਬਕਾ ਗ੍ਰਹਿ ਮੰਤਰੀ ਦੀ ਕਥਿਤ ਸ਼ਮੂਲੀਅਤ ਨਾਲ ਦੋਵੇਂ ਬਾਦਲਾਂ ਉਤੇ ਕਾਰਵਾਈ (ਜੇ ਕੋਈ ਹੁੰਦੀ ਵੀ ਹੈ) ਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਅਸਲ ਦੋਸ਼ੀ ਵੀ ਰਗੜੇ ਜਾਣਗੇ?**
- **ਕੀ ਇਸ ਸੰਵੇਦਨਸ਼ੀਲ ਮਾਮਲੇ ਨੂੰ ਜਾਂਚ-ਪੜਤਾਲਾਂ ਦੇ ਗੁੰਝਲਦਾਰ ਚੱਕਰ ਵਿਚ ਪਾਉਣ ਦੇ ਵਰਤਾਰੇ ਪਿੱਛੇ ਇਕ ਸੋਚੀ ਸਮਝੀ ਸਾਜ਼ਿਸ਼ ਤਾਂ ਨਹੀਂ?**

ਇਸ ਬਹਿਸ ਤੋਂ ਬਾਅਦ ਪਹਿਲਾ ਸਭ ਤੋਂ ਵੱਡਾ ਸਵਾਲ, ਜੋ ਖੜ੍ਹਾ ਹੋਇਆ ਹੈ, ਉਹ ਇਹ ਹੈ ਕਿ ਕੀ ਸਰਕਾਰ ਜਾਂ ਮੁੱਖ ਮੰਤਰੀ ਅਮਰਿੰਦਰ ਸਿੰਘ ਦੋਸ਼ੀਆਂ ਨੂੰ ਸੱਚਮੁੱਚ ਹੀ ਸਜ਼ਾ ਦੇਣ ਲਈ ਤਤਪਰ ਹਨ? ਮਾਫ ਕਰਨਾ, ਮੁੱਖ ਮੰਤਰੀ ਸਮੇਤ ਦੂਜੇ ਵੱਖ-ਵੱਖ ਬੁਲਾਰਿਆਂ ਦਾ ਬਹੁਤਾ ਜ਼ੋਰ ਜਜ਼ਬਾਤੀ ਤਕਰੀਰਾਂ ਨਾਲ ਪੰਥ ਦੀ ਹਮਦਰਦੀ ਲੁੱਟਣ, ਬੁਰੀ ਤਰ੍ਹਾਂ ਘਿਰੇ ਸਿਆਸੀ ਵਿਰੋਧੀ ਨੂੰ ਦਿਲ ਭਰ ਕੇ ਕੁੱਟ ਲੈਣ ਅਤੇ ਪੁਰਾਣੇ ਮੁੱਦਿਆਂ ਨੂੰ ਆਪੋ-ਆਪਣੇ ਪੱਖ ਵਿਚ ਵਰਤਣ ਵੱਲ ਹੀ ਸੇਧਤ ਸੀ। ਆਮ ਕਰਕੇ ਇਸ ਦੇਸ਼ ਦੀਆਂ ਵਿਧਾਨ ਸਭਾਵਾਂ ਤੇ ਇਥੋਂ ਤਕ ਕਿ ਪਾਰਲੀਮੈਂਟ ਵਿਚ ਵੀ ਅਕਸਰ ਹੀ ਇਹੋ-ਜਿਹੇ ਭਾਣੇ ਵਾਪਰਦੇ ਰਹਿੰਦੇ ਹਨ। ਸੱਚਾਈ ਵੀ ਇਹ ਹੀ ਹੈ ਕਿ ਰਾਜਨੀਤਕ ਦਲ ਜਾਂ ਨੇਤਾ ਨੂੰ ਰਾਜਨੀਤੀ ਖੇਡਣ ਤੋਂ ਰੋਕਣਾ ਹਾਸੋਹੀਣਾ ਵਿਚਾਰ ਹੈ ਪਰ ਇਕ ਮੋੜ ਉਤੇ ਇਸ ਦਾ ਪੱਧਰ ਰਾਜਨੀਤਕ ਲਾਹੇ ਦੇ ਪੱਧਰ ਤੋਂ ਉਪਰ ਉਠ ਕੇ ਲੋਕਾਂ ਜਾਂ ਸਟੇਟ ਦੀ ਗੱਲ ਵੀ ਕਰਦਾ ਹੁੰਦਾ ਹੈ। ਅਜਿਹਾ ਹੁੰਦਾ ਆਇਆ ਹੈ ਤੇ ਹੁੰਦਾ ਰਹੇਗਾ ਪਰ ਅਫਸੋਸ ਕਿ ੨੮ ਅਗਸਤ ੨੦੧੮ ਵਾਲੇ ਦਿਨ ਪੰਜਾਬ ਵਿਧਾਨ ਸਭਾ ਵਿਚਲੀ ਬਹਿਸ ਇਸ ਤਾਰੀਖੀ ਮੋੜ ਉਤੇ ਆ ਕੇ ਵੀ ਬਹੁਤਾ ਰਵਾਇਤੀ ਰਾਜਨੀਤਕ ਦਾਅ-ਪੇਚਾਂ ਦੀ ਨੁਮਾਇਸ਼ ਕਰਨ ਵਿਚ ਹੀ ਮਸ਼ਰੂਫ ਰਹੀ। ਗੌਰ ਕਰਿਓ ਕਿ ਪੰਥ ਤੇ ਪੰਜਾਬ ਦੇ ਲਹੂ-ਲੁਹਾਣ ਹੋਏ ਦਿਲ ਦੀ ਦਵਾਈ ਜੇ ਪੰਥ ਤੇ ਪੰਜਾਬ ਦੇ ਨੁਮਾਇੰਦਿਆਂ ਦੀ ਬਹਿਸ ਵਿਚੋਂ ਕੱਢਣ ਦੀ ਚਾਹਤ ਹੁੰਦੀ ਤਾਂ ਸ਼ਾਇਦ 'ਐਕਸ਼ਨ-ਟੇਕਨ' ਰਿਪੋਰਟ ਬਹਿਸ ਤੋਂ ਪਹਿਲਾਂ ਹੀ ਮੁੱਖ ਮੰਤਰੀ ਦੀ ਕੱਛ ਵਿਚ ਨਾ ਹੁੰਦੀ।

ਇਸ ਬਹਿਸ ਤੋਂ ਬਾਅਦ ਇਕ ਗੈਰਵਾਜਿਬ ਜਿਹਾ ਸਵਾਲ ਵੀ ਪੁੱਛਿਆ ਜਾਣਾ ਵਾਜਿਬ ਲਗਦਾ ਹੈ ਕਿ ਜੇ ਅੱਜ ਬਦਕਿਸਮਤੀ ਨਾਲ ਪੰਥ ਤੇ ਪੰਜਾਬ ਦੀ ਪਿੱਠ ਵਿਚ ਛੁਰਾ ਮਾਰਨ ਵਾਲੇ ਪੰਥ ਤੇ ਅਕਾਲੀ ਦਲ ਦੇ ਸਹਾਰੇ ਰਾਜ ਸੱਤਾ ਮਾਨਣ ਵਾਲੇ ਹੀ ਨਿਕਲੇ ਹਨ, ਤਾਂ ਕੀ ਦਿੱਲੀ ਦਰਬਾਰ ਤੇ ਕਾਂਗਰਸ ਦੁਆਰਾ ਬੀਤੇ ਵਿਚ ਪੰਜਾਬ ਨਾਲ ਕੀਤੀਆਂ ਧੱਕੇਸ਼ਾਹੀਆਂ ਮਹਿਜ਼ ਕਲਪਿਤ ਹੀ ਹਨ? ਇਹ ਫੂਹੜ ਕਿਸਮ ਦਾ ਸਵਾਲ ਵੀ ਪੰਜਾਬ ਵਿਧਾਨ ਸਭਾ ਵਿਚ ਕਾਂਗਰਸ ਪਾਰਟੀ ਦੇ ਨਵਾਂ-ਨਵਾਂ ਘੋੜੀ ਚੜ੍ਹੇ ਇਕ ਸਾਬਕਾ ਫੈਡਰੇਸ਼ਨੀਏ ਦੀਆਂ ਫੂਹੜ ਕਿਸਮ ਦੀਆਂ ਦਲੀਲਾਂ ਵਿਚੋਂ ਹੀ ਪੈਦਾ ਹੋਇਆ ਹੈ। ਸੱਤਾ ਦੀ ਗੁਲਾਮੀ ਕਬੂਲ ਕਰ ਕੇ ਕੋਈ ਮਾਨਸਿਕ ਤੇ ਬੌਧਿਕ ਤੌਰ 'ਤੇ ਕਿੰਨਾ ਨਿਤਾਣਾ ਹੋ ਜਾਂਦਾ, ਇਸ ਦਾ ਪੰਜਾਬ ਵਿਧਾਨ ਸਭਾ ਵਿਚ ਹੋਈ ਬਹਿਸ ਦੌਰਾਨ ਉਦੋਂ ਪਤਾ ਲਗਦਾ ਹੈ, ਜਦੋਂ ਕੋਈ ਇਹ ਕਹਿ ਉਠਦਾ ਹੈ ਕਿ "ਕਾਂਗਰਸ ਨੂੰ ਐਂਵੇ ਮਾੜੀ ਆਖੀ ਜਾਂਦੇ ਹੋ, ਆਹ ਵੇਖੋ ਮੈਨੂੰ ਚਾਰ ਵਾਰ ਟਿਕਟ ਦਿੱਤੀ ਹੈ।" ਅਜਿਹੇ ਹਾਲਾਤ ਵਿਚ ਤਾਂ ਸਵਾਲ ਦੇ ਹੀ ਨੱਕ ਡੁਬੋ ਕੇ ਮਰਨ ਦੀ ਨੌਬਤ ਆਈ ਆਖੀ ਜਾ ਸਕਦੀ ਹੈ।

ਪੰਜਾਬ ਵਿਧਾਨ ਸਭਾ ਦੀ ਇਸ ਬਹਿਸ ਤੋਂ ਬਾਅਦ ਇਹ ਸਵਾਲ ਪੁੱਛਿਆ ਜਾਣਾ ਵੀ ਲਾਜ਼ਮੀ ਬਣਦਾ ਹੈ ਕਿ ਜਦੋਂ ਉਕਤ ਜਾਂਚ

**ਬਾਕੀ ਸਫ਼ਾ 32 'ਤੇ**

# ਪੰਥਕ ਵਿਰੋਧਤਾ ਕਾਰਨ ਬਾਦਲ ਦਲ 'ਤੇ ਸਿਆਸੀ ਸੰਕਟ

## ਅਕਾਲੀ ਦਲ ਦੇ ਵਕਾਰ ਤੇ ਅਧਾਰ ਨੂੰ ਲੱਗੀ ਭਾਰੀ ਢਾਹ

**ਕੁਲਦੀਪ ਸਿੰਘ ਜਾਫਲਪੁਰ (ਗੁਰਦਾਸਪੁਰ)**
ਮੋਬਾ : 8893400004

ਸਿਆਸਤ ਤਿਲਕਣਬਾਜ਼ੀ ਵਾਲੀ ਖੇਡ ਹੈ ਕਿ ਅਰਸ਼ 'ਤੇ ਬੈਠਿਆਂ ਨੂੰ ਫਰਸ਼ ਦੇ ਦਰਸ਼ਨ ਹੁੰਦੇ ਵਕਤ ਨਹੀਂ ਲਗਦਾ। ਜਦੋਂ ਕਿਸੇ ਸਿਆਸੀ ਦਲ ਦੀ ਟੀਮ ਦਾ ਕਪਤਾਨ ਅਨਾੜੀ ਅਤੇ ਅੜਬ ਬਣ ਜਾਵੇ, ਤਾਂ ਉਸ ਟੀਮ ਦਾ ਸਿਆਸੀ ਭਵਿੱਖ ਬਹੁਤਾ ਉਜਵਲ ਨਹੀਂ ਰਹਿੰਦਾ। ਵਰਤਮਾਨ ਵਿਚ ਕੁਝ ਅਜਿਹੇ ਹੀ ਹਾਲਾਤ ਬਾਦਲਕਿਆਂ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਬਣੇ ਹੋਏ ਹਨ। ਪੰਜਾਬ ਦੇ ਪਿੰਡਾਂ ਦੀਆਂ ਸੱਥਾਂ ਤੋਂ ਲੈ ਕੇ ਦੁਨੀਆ ਦੇ ਘਣੀ ਸਿੱਖ ਆਬਾਦੀ ਵਾਲੇ ਦੇਸ਼ਾਂ ਤੋਂ ਇਲਾਵਾ ਖਾੜੀ ਦੇਸ਼ਾਂ ਤੋਂ ਵੀ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਵਿਰੋਧਤਾ ਦੀਆਂ ਗੂੰਜਾਂ ਸੁਣਾਈ ਦੇ ਰਹੀਆਂ ਹਨ। ਇਸ ਵਿਰੋਧਤਾ ਦਾ ਮੁੱਢ ਤਾਂ ਸੰਨ 2015 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਣ ਦੀਆਂ ਘਟਨਾਵਾਂ ਨਾਲ ਹੀ ਬੱਝ ਗਿਆ ਸੀ। ਇਸੇ ਕਰਕੇ ਸੰਨ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬੀਆਂ ਨੇ ਆਪਣੀ ਵਿਰੋਧਤਾ ਦਰਜ ਕਰਦੇ ਹੋਏ ਅਕਾਲੀ ਦਲ ਨੂੰ ਸਿਰਫ 14 ਹਲਕਿਆਂ ਤਕ ਹੀ ਸੀਮਤ ਕਰ ਦਿੱਤਾ ਸੀ। ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਜਾਂਚ ਨੂੰ ਲੈ ਕੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਮੌਜੂਦਾ ਪੰਜਾਬ ਸਰਕਾਰ ਵੱਲੋਂ ਗਠਿਤ ਕੀਤੇ ਗਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨਸ਼ਰ ਹੋਣ ਤੋਂ ਬਾਅਦ ਅਕਾਲੀ ਦਲ ਦਾ ਸਿੰਘਾਸ਼ਨ ਪੂਰੀ ਤਰ੍ਹਾਂ ਡੋਲ ਚੁੱਕਿਆ ਹੈ। ਭਾਵੇਂ ਕਿ ਕਮਿਸ਼ਨ ਦੀ ਰਿਪੋਰਟ ਦਾ ਕਾਫੀ ਵੱਡਾ ਹਿੱਸਾ ਵਿਧਾਨ ਸਭਾ ਚ ਪੇਸ਼ ਹੋਣ ਤੋਂ ਪਹਿਲਾਂ ਹੀ ਮੀਡੀਆ 'ਚ ਸ਼ਰੇਆਮ ਹੋ ਚੁੱਕਾ ਸੀ ਪਰ ਵਿਧਾਨ ਸਭਾ ਚ ਪੇਸ਼ ਹੋਣ ਪਿੱਛੋਂ ਇਸ ਰਿਪੋਰਟ ਦੀ ਚੌਤਰਫਾ ਗੂੰਜ ਨੇ ਅਕਾਲੀ ਦਲ ਅਤੇ ਬਾਦਲ ਪਰਿਵਾਰ ਨੂੰ ਜਨਤਕ ਬਹਿਸ ਵਿਚ ਨਿਹੱਥੇ ਕਰ ਦਿਤਾ ਹੈ।

28 ਅਗਸਤ ਨੂੰ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਮੌਕੇ ਜਸਟਿਸ ਰਣਜੀਤ ਸਿੰਘ ਜਾਂਚ ਰਿਪੋਰਟ ਉਤੇ ਬਹਿਸ ਮੌਕੇ ਬਿਨਾ ਕਿਸੇ ਠੋਸ ਕਾਰਨ ਸ਼੍ਰੋਮਣੀ ਅਕਾਲੀ ਦਲ-ਭਾਜਪਾ ਵਿਧਾਇਕਾਂ ਨੂੰ ਵਾਆਊਟ ਕਰਨਾ ਵੀ ਮਹਿੰਗਾ ਹੀ ਪਿਆ ਹੈ। ਅਕਾਲੀ ਵਿਧਾਇਕ ਬਹਿਸ ਲਈ ਮਿਲੇ ਘੱਟ ਸਮੇਂ ਨੂੰ ਮੁੱਦਾ ਬਣਾ ਕੇ ਵਿਧਾਨ ਸਭਾ 'ਚੋਂ ਬਾਹਰ ਜਾ ਕੇ ਆਪਣੇ ਟੀਵੀ ਚੈਨਲ 'ਤੇ ਸਮਾਨਅੰਤਰ ਵਿਧਾਨ ਸਭਾ ਦੀ ਗੈਲਰੀ ਚ ਮਜ਼ਮਾ ਲਾ ਕੇ ਬੈਠ ਗਏ। ਅੰਦਰ ਕਾਂਗਰਸ ਅਤੇ ਆਪ ਆਗੂਆਂ ਵੱਲੋਂ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਦੀ ਆੜ 'ਚ ਅਕਾਲੀ ਦਲ ਦੇ ਅਗਲੇ-ਪਿਛਲੇ ਪੋਤੜੇ ਫਰੋਲ ਛੱਡੇ। ਕਾਂਗਰਸੀ ਆਗੂਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀਆਂ ਦੁਨਿਆਵੀ ਅਤੇ ਪਰਿਵਾਰਕ ਤਰੱਕੀਆਂ ਦਾ ਕੱਚਾ ਚਿੱਠਾ ਖੋਲ੍ਹ ਮਾਰਿਆ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਹਸਤੀ ਅਤੇ ਪਿਛੋਕੜ ਬਾਰੇ ਵੀ ਆਮ ਲੋਕਾਂ ਨੂੰ ਜਾਣੂ ਕਰਵਾਇਆ ਗਿਆ।ਇਸ ਤੋਂ



ਇਲਾਵਾ ਕੁਝ ਬੇਬਾਕ ਜਾਣੇ ਜਾਂਦੇ ਕਾਂਗਰਸੀ ਆਗੂਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਬੰਧ ਤੋਂ ਅਕਾਲੀ ਦਲ ਦਾ ਏਕਾ-ਅਧਿਕਾਰ ਤੋੜਨ ਦੀਆਂ ਵੀ ਦਲੀਲਾਂ ਦਿੱਤੀਆਂ। ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਤਾਂ ਸਿਹਤਯਾਬ ਨਾ ਹੋਣ ਕਾਰਨ ਵਿਧਾਨ ਸਭਾ 'ਚ ਨ ਬੈਠ ਸਕੇ ਪਰ ਪਾਰਟੀ ਪ੍ਰਧਾਨ 10 ਸਾਲ ਵਿਧਾਨ ਸਭਾ ਚ ਭੋਗੀ ਬਾਦਸ਼ਾਹਤ ਦੇ ਮੁਕਾਬਲੇ ਮਿਲੀ ਮੌਜੂਦਾ ਨਿਗੂਣੀ ਪ੍ਰਤੀਨਿਧਤਾ ਨੂੰ ਲੈ ਕੇ ਸ਼ਰਮਸ਼ਾਰ ਜਿਹੇ ਹੋ ਕੇ ਆਪਣੇ 'ਬਾਹੂਬਲੀ' ਰਿਸ਼ਤੇਦਾਰ ਸਮੇਤ ਬਾਹਰ ਚਲੇ ਗਏ।

ਵਿਧਾਨ ਸਭਾ ਦੀ ਗੈਰ-ਹਾਜ਼ਰੀ ਸ਼੍ਰੋਮਣੀ ਅਕਾਲੀ ਦਲ ਲਈ ਇਕ ਤਰ੍ਹਾਂ ਨਾਲ ਵਾਟਰ-ਲੂ ਦਾ ਮੈਦਾਨ ਸਿੱਧ ਹੋਈ। ਚੌਤਰਫਾ ਸਿਆਸੀ ਵਿਰੋਧ, ਧਾਰਮਿਕ ਜਥੇਬੰਦੀਆਂ ਦੇ ਦਬਾਅ ਅਤੇ ਸਮਾਜਿਕ ਵਿਰੋਧ ਕਾਰਨ ਅਕਾਲੀ ਦਲ ਸਾਗਰ ਦੀ ਥਾਂ ਗਾਗਰ 'ਚ ਸਿਮਟ ਗਿਆ। ਪੰਜਾਬ ਅਤੇ ਪੰਜਾਬੋਂ ਬਾਹਰ ਥਾਂ-ਥਾਂ 'ਤੇ ਪ੍ਰਦਰਸ਼ਨਕਾਰੀਆਂ ਵੱਲੋਂ ਬਾਦਲ ਪਰਿਵਾਰ ਅਤੇ ਅਕਾਲ ਤਖਤ ਦੇ ਜਥੇਦਾਰ ਗੁਰਬਚਨ ਸਿੰਘ ਦੇ ਪੁਤਲੇ ਫੂਕਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਥੇ ਹੀ ਬਸ ਨਹੀਂ, ਤਰਨਤਾਰਨ ਚ ਬਾਦਲ ਪਰਿਵਾਰ ਦੇ ਜੱਦੀ ਪਿੰਡ ਮੂਸੇ ਪਹੁੰਚ ਰਹੇ ਬਿਕਰਮ ਸਿੰਘ ਮਜੀਠੀਆ ਅਤੇ ਹਰਸਿਮਰਤ ਕੌਰ ਬਾਦਲ ਨੂੰ ਸਿੱਖ ਜਥੇਬੰਦੀਆਂ ਦੇ ਵਿਰੋਧ ਕਾਰਨ ਪਿੰਡ ਦੇ ਬਾਹਰੋਂ ਹੀ ਵਾਪਸ ਮੁੜਨਾ ਪਿਆ।ਇਹਨਾਂ ਹੰਗਾਮੀ ਹਾਲਾਤ 'ਚ ਪਾਰਟੀ ਵੱਲੋਂ ਸੱਦੀ ਗਈ ਕੋਰ ਕਮੇਟੀ ਦੀ ਮੀਟਿੰਗ 'ਚ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਨੇ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਦੀ ਮੌਜੂਦਾ ਕਾਰਜਸ਼ੈਲੀ ਉਤੇ ਕਿੰਤੂ-ਪ੍ਰੰਤੂ ਕੀਤਾ। ਇਸ ਤੋਂ ਇਲਾਵਾ ਵਿਧਾਨ ਸਭਾ ਤੋਂ ਕੀਤੇ ਵਾਕਆਊਟ ਨੂੰ ਵੀ ਇਕ ਇਤਿਹਾਸਕ ਭੁੱਲ ਦੱਸਿਆ।ਇਸ ਮੀਟਿੰਗ ਵਿਚ ਬਜ਼ੁਰਗ ਆਗੂਆਂ ਨੇ ਕਿਹਾ ਕਿ ਜਿੱਥੇ ਪਾਰਟੀ ਦੇ ਮੌਜੂਦਾ ਹਾਲਾਤ ਲਈ ਨੌਜਵਾਨ ਅਤੇ ਲੋੜ ਤੋਂ ਵੱਧ ਜੋਸ਼ੀਲੇ ਆਗੂ ਕਿਤੇ ਨਾ ਕਿਤੇ ਜ਼ਿੰਮੇਵਾਰ ਹਨ, ਨਾਲ ਹੀ ਇਹਨਾਂ ਦੇ ਅਨਾੜੀਪੁਣੇ ਨੇ ਪਾਰਟੀ ਦੇ ਚੰਗੇ ਭਵਿੱਖ ਲਈ ਜੂਝਦੇ ਰਹੇ ਟਕਸਾਲੀ ਆਗੂਆਂ ਦੀ ਪ੍ਰਤੀਤ ਦੀ ਥਾਂ ਮੌਕਾਪ੍ਰਸਤ ਲੋਕਾਂ ਨੂੰ ਪਾਰਟੀ ਦਾ ਚਿਹਰਾ ਬਣਾ ਕੇ ਪੇਸ਼ ਕੀਤਾ। ਇਸ ਕਾਰਨ ਪਾਰਟੀ ਦਾ ਪੰਥਕ ਅਕਸ, ਪਾਰਟੀ ਦਾ ਜੁਝਾਰੂਪੁਣਾ ਅਤੇ ਇਤਿਹਾਸ ਵਿਚ ਅਕਾਲੀ ਦਲ ਦੀਆਂ ਪੰਜਾਬ ਲਈ ਕੀਤੀਆਂ ਕੁਰਬਾਨੀਆਂ ਉਤੇ ਵੀ ਪੋਚਾ ਫਿਰ ਗਿਆ ਹੈ।ਪਾਰਟੀ ਵੱਲੋਂ ਮੌਜੂਦਾ ਸਿਆਸੀ ਨੁਕਸਾਨ ਨੂੰ ਪੂਰਾ ਕਰਨ ਲਈ ਇਕ ਵਾਰ ਫਿਰ ਪਾਰਟੀ ਦੇ ਟਕਸਾਲੀ ਆਗੂਆਂ ਅਤੇ ਗਰੀਬ ਜੁਝਾਰੂ ਸਾਥੀਆਂ ਨੂੰ ਨਾਲ ਤੋਰਨ ਦੀ ਰਣਨੀਤੀ ਘੜੀ ਗਈ ਹੈ। ਪਾਰਟੀ ਵੱਲੋਂ ਪਹਿਲੀ ਸਤੰਬਰ ਨੂੰ ਪੰਜਾਬ ਭਰ 'ਚ ਕਾਂਗਰਸੀ ਆਗੂਆਂ ਦੇ, ਜਸਟਿਸ ਰਣਜੀਤ ਸਿੰਘ ਅਤੇ ਵਿਰੋਧੀ ਧਾਰਮਿਕ ਸਖਸ਼ੀਅਤਾਂ ਦੇ ਪੁਤਲੇ ਫੂਕਦੇ ਹੋਏ ਨੁਕਸਾਨ ਦੀ ਭਰਪਾਈ ਕਰਨ ਦੀ ਅਸਫਲ ਕੋਸ਼ਿਸ਼ ਵੀ ਕੀਤੀ। ਨੌਜਵਾਨ ਅਕਾਲੀ ਆਗੂਆਂ ਨੇ ਪਿਛਲੀਆਂ ਭੁੱਲਾਂ ਨੂੰ ਸੁਧਾਰਨ ਦੀ ਥਾਂ ਸਿੱਖ ਜਥੇਬੰਦੀਆਂ, ਸਿਆਸੀ ਆਗੂਆਂ ਅਤੇ ਅਫਸਰਸ਼ਾਹੀ ਨੂੰ ਇੱਟ ਦਾ ਜਵਾਬ ਪੱਥਰ ਨਾਲ ਦੇਣ ਦੇ ਦਮਗਜ਼ੇ ਮਾਰੇ ਹਨ। ਇਸ ਸਭ ਕੁਝ ਦਾ ਵੀ ਕੋਈ ਵਧੀਆ ਸੁਨੇਹਾ ਆਮ ਲੋਕਾਂ ਤਕ ਨਹੀਂ ਗਿਆ। ਬਰਗਾੜੀ 'ਚ ਸਿੱਖ ਜਥੇਬੰਦੀਆਂ ਅਤੇ ਸਰਬੱਤ ਖਾਲਸਾ ਧਿਰਾਂ ਵੱਲੋਂ ਤਿੰਨ ਨੁਕਾਤੀ ਮੁੱਦਿਆਂ ਉਤੇ ਚਲਾਏ ਜਾ ਰਹੇ ਸੰਘਰਸ਼ ਪ੍ਰਤੀ ਸੁਖਬੀਰ ਸਿੰਘ ਬਾਦਲ ਅਤੇ ਉਸ ਦੀ ਅੜਬ ਬਰਗੇਡ ਵੱਲੋਂ ਕੀਤੀ ਬਿਆਨਬਾਜ਼ੀ ਅਤੇ ਗਰਮ ਖਿਆਲੀ ਸਿੱਖਾਂ ਨੂੰ ਆਈਐਸਆਈ ਦੇ ਏਜੰਟ ਗਰਦਾਨ ਦੇਣ ਕਾਰਨ ਦੇਸ਼ ਵਿਦੇਸ਼ ਦੇ ਸਿੱਖਾਂ 'ਚ ਹੋਰ ਵੀ ਰੋਹ ਪੈਦਾ ਹੋ ਗਿਆ ਹੈ। ਇਸ ਦਾ ਖਮਿਆਜ਼ਾ ਪੰਜਾਬ, ਦੇਸ਼ ਅਤੇ ਵਿਦੇਸ਼ੀ ਧਰਤੀ ਉਤੇ ਸ਼੍ਰੋਮਣੀ ਅਕਾਲੀ ਦਲ, ਦਿੱਲੀ ਕਮੇਟੀ ਅਤੇ ਬਾਦਲ ਦਲ ਦੇ ਹਮਾਇਤੀ ਧਾਰਮਿਕ ਤੇ ਸਿਆਸੀ ਆਗੂਆਂ ਨੂੰ ਭੁਗਤਣਾ ਪੈ ਰਿਹਾ ਹੈ ਅਤੇ ਦਿਨੋਂ-ਦਿਨ ਹੋਰ ਵੀ ਭੁਗਤਣਾ ਪੈ ਸਕਦਾ ਹੈ। ਇਸ ਦੀ ਤਾਜ਼ਾ ਮਿਸਾਲ ਗੁਰਦਾਸਪੁਰ ਦੇ ਇਤਿਹਾਸਕ ਛਿੰਝ ਮੇਲੇ ਦੌਰਾਨ ਬਿਕਰਮ ਸਿੰਘ ਮਜੀਠੀਆ ਦੀ ਸੰਭਾਵੀ ਫੇਰੀ ਦੌਰਾਨ ਸਤਿਕਾਰ ਕਮੇਟੀਆਂ ਅਤੇ ਹੋਰ ਗਰਮ ਖਿਆਲੀ ਸਿੱਖਾਂ ਵੱਲੋਂ ਕਾਲੀਆਂ ਝੰਡੀਆਂ ਨਾਲ ਕੀਤੇ ਮੁਜ਼ਾਹਰੇ ਦੇ ਰੂਪ 'ਚ ਦੇਖਣ ਨੂੰ ਮਿਲੀ।ਜੇਕਰ ਸਮਾਂ ਰਹਿੰਦੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ, ਪੰਥਕ ਮੁੱਦਿਆਂ ਤੋਂ ਕਿਨਾਰਾ ਕਰ ਜਾਣ ਵਾਲੀ ਕਾਰਜਸ਼ੈਲੀ ਅਤੇ ਝੂਠ-ਦੰਭ ਵਾਲੀ ਰਣਨੀਤੀ 'ਚ ਫਰਕ ਨਾ ਆਇਆ ਤਾਂ ਇਸ ਪਾਰਟੀ ਵਾਸਤੇ ਪੰਜਾਬ ਦਾ ਸਿਆਸੀ, ਸਮਾਜਿਕ ਅਤੇ ਭਾਈਚਾਰਕ ਮਾਹੌਲ ਹੋਰ ਵੀ ਕੁੜੱਤਣ ਭਰਿਆ ਹੋਵੇਗਾ, ਜਿਸ ਦਾ ਖਮਿਆਜ਼ਾ ਬਾਦਲ ਦਲ ਨੂੰ ਸਿਆਸੀ ਤੇ ਧਾਰਮਿਕ ਮੁਹਾਜ਼ 'ਤੇ ਹਾਸ਼ੀਏ ਉਤੇ ਪਹੁੰਚ ਜਾਣ ਦੇ ਰੂਪ ਵਿਚ ਭੁਗਤਣਾ ਪਵੇਗਾ।

# ਪੰਜਾਬ ਦੇ ਲੋਕਾਂ ਤੇ ਸਿੱਖ ਜਗਤ ਦੇ ਕਟਹਿਰੇ ਵਿਚ ਬਾਦਲਕੇ ਦੋਸ਼ੀ ਕਰਾਰ

**ਗੁਰਬਚਨ ਸਿੰਘ**
(9815698451)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਹੋਈਆਂ ਘਟਨਾਵਾਂ ਦੀ ਪੜਤਾਲ ਕਰਨ ਵਾਸਤੇ ਬਣੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਪੇਸ਼ ਹੋਈ ਰਿਪੋਰਟ ਬਾਰੇ ਪੰਜਾਬ ਵਿਧਾਨ ਸਭਾ ਵਿਚ ਹੋਈ ਬਹਿਸ ਨੇ, ਪੰਜਾਬ ਦੇ ਲੋਕਾਂ ਤੇ ਸਿੱਖ ਜਗਤ ਦੇ ਕਟਹਿਰੇ ਵਿਚ ਪਿਉ-ਪੁਤ ਸਮੇਤ ਬਾਦਲਕਿਆਂ ਨੂੰ ਦੋਸ਼ੀ ਕਰਾਰ ਦਿਤਾ ਹੈ। ਇਸ ਦੋਸ਼ ਤੋਂ ਉਹ ਹੁਣ ਕਦੀ ਵੀ ਬਰੀ ਨਹੀਂ ਹੋ ਸਕਦੇ ਕਿਉਂਕਿ ਇਹਨਾਂ ਦੋਸ਼ਾਂ ਦੇ ਸਬੂਤ ਏਨੇ ਪੁਖਤਾ ਹਨ ਕਿ ਇਹ ਕਿਸੇ ਵੀ ਹਾਲਤ ਵਿਚ ਝੁਠਲਾਏ ਨਹੀਂ ਜਾ ਸਕਦੇ। ਇਸ ਰਿਪੋਰਟ ਵਿਚ ਦਰਜ ਤੱਥਾਂ ਨੇ ਹਰ ਉਸ ਮਨੁੱਖ ਦੇ ਰੌਂਗਟੇ ਖੜੇ ਕਰ ਦਿਤੇ ਹਨ, ਜਿਹੜਾ ਪੰਜਾਬ ਤੇ ਸਿੱਖੀ ਨੂੰ ਮਾੜਾ ਮੋਟਾ ਵੀ ਪਿਆਰ ਕਰਦਾ ਹੈ।

ਵੱਡੇ ਬਾਦਲ ਬਾਰੇ ਕੈਪਟਨ ਅਮਰਿੰਦਰ ਸਿੰਘ ਦਾ ਇਹ ਫਤਵਾ ਐਨ ਢੁੱਕਵਾਂ ਹੈ ਕਿ ਇਹ ਇਨਸਾਨ ਬਜ਼ੁਰਗ ਨਹੀਂ ਬਲਕਿ ਬੁਜ਼ਦਿਲ ਤੇ ਝੂਠਾ ਆਦਮੀ ਹੈ। ਇਸ ਕਥਨ ਦੀ ਪੁਸ਼ਟੀ ਉਸ ਤਸਵੀਰ ਤੋਂ ਵੀ ਹੁੰਦੀ ਹੈ, ਜਿਸ ਵਿਚ ਇਹ ਦੋਵੇਂ ਪਿਉ-ਪੁੱਤ ਬੜੇ ਆਜਜ਼ੀ ਢੰਗ ਨਾਲ ਹੱਥ ਜੋੜ ਕੇ ਉਸ ਸੌਦਾ ਸਾਧ ਦੇ ਦਰਬਾਰ ਵਿਚ ਖੜੇ ਹਨ ਜਿਸਨੂੰ ਬਾਅਦ ਵਿਚ ਕਾਨੂੰਨ ਨੇ ਬਲਾਤਕਾਰੀ, ਠੱਗ ਤੇ ਕਾਤਲ ਕਰਾਰ ਦੇ ਕੇ ਜੇਲ੍ਹ ਵਿਚ ਭੇਜਿਆ ਤੇ ਜਿਹੜਾ ਹੁਣ ਜੇਲ੍ਹ ਦੀ ਕਾਲ ਕੋਠੜੀ ਵਿਚ ਬੈਠਾ ਆਪਣੀਆਂ ਇਹਨਾਂ ਕਰਤੂਤਾਂ ਦੀ ਸਜ਼ਾ ਭੁਗਤ ਰਿਹਾ ਹੈ। ਇਸ ਬੁਜ਼ਦਿਲ ਤੇ ਝੂਠੇ ਬੰਦੇ ਨੇ ਪੰਜਾਬ, ਸਿਖ ਪੰਥ ਅਤੇ ਦੇਸ ਦਾ ਕਿੰਨਾ ਕੁ ਨੁਕਸਾਨ ਕੀਤਾ ਹੈ, ਇਸਦਾ ਅਜੇ ਅੰਦਾਜ਼ਾ ਵੀ ਨਹੀਂ ਲਾਇਆ ਜਾ ਸਕਦਾ। ਇਸਦਾ ਮੋਟਾ ਜਿਹਾ ਅੰਦਾਜ਼ਾ ਲਾਉਣ ਲਈ ਸ. ਮਨਪ੍ਰੀਤ ਸਿੰਘ ਬਾਦਲ ਦਾ ਵਿਧਾਨ ਸਭਾ ਵਿਚ ਉਸ ਵੇਲੇ ਦੀਆਂ ਗੁਪਤ ਪੁਲੀਸ ਰਿਪੋਰਟਾਂ ਦੇ ਆਧਾਰ ਉਤੇ ਕੀਤਾ ਗਿਆ ਇਹ ਇੰਕਸ਼ਾਫ ਹੀ ਅੱਖਾਂ ਖੋਲ੍ਹਣ ਵਾਲਾ ਹੈ ਕਿ 1978 ਵਿਚ ਵਿਸਾਖੀ ਦੇ ਮੌਕੇ ਪ੍ਰਕਾਸ਼ ਸਿੰਘ ਬਾਦਲ ਨੂੰ ਅੰਮ੍ਰਿਤਸਰ ਵਿਚ ਨਿਰੰਕਾਰੀਆਂ ਦਾ ਸਮਾਗਮ ਨਾ ਕਰਨ ਦੇਣ ਦਾ ਸੁਝਾਅ ਦਿਤਾ ਗਿਆ ਸੀ, ਪਰ ਇਸ ਸਖਸ਼ ਨੇ ਉਸ ਸੁਝਾਅ ਦੀ ਉਕਾ ਪ੍ਰਵਾਹ ਨਹੀਂ ਕੀਤੀ ਜਿਸਦਾ ਸਿੱਟਾ ਬਾਅਦ ਵਿਚ ਪੰਜਾਬ ਅਤੇ ਦੇਸ ਅੰਦਰ ਹੋਏ ਭਿਆਨਕ ਖੂਨ-ਖਰਾਬੇ ਤੇ ਸੁਮੇਧ ਸੈਣੀ ਵਰਗੇ ਬੁੱਚੜਾਂ ਵਲੋਂ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ ਤੇ ਲਾਵਾਰਿਸ ਕਰਾਰ ਦੇ ਕੇ ਸਾੜ ਦਿਤੀਆਂ ਗਈਆਂ ਹਜ਼ਾਰਾਂ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਦੇ ਰੂਪ ਵਿਚ ਨਿਕਲਿਆ ਜਿਹਨਾਂ ਲਾਵਾਰਿਸ ਲਾਸ਼ਾਂ ਵਿਚ ਮਨੁਖੀ ਹੱਕਾਂ ਦਾ ਝੰਡਾ ਬਰਦਾਰ ਭਾਈ ਜਸਵੰਤ ਸਿੰਘ ਖਾਲੜਾ ਵੀ ਸ਼ਾਮਿਲ ਸੀ। ਉਸ ਘਟਨਾ ਦੇ ਵਾਪਰਨ ਤੋਂ 40 ਸਾਲ ਬਾਅਦ ਹੋਏ ਇਸ ਇੰਕਸ਼ਾਫ ਨੂੰ ਧਿਆਨ ਵਿਚ ਰੱਖ ਕੇ ਹੁਣ ਇਹ ਸੋਚਿਆ ਦਾ ਸਕਦਾ ਹੈ ਕਿ ਜੇ ਉਸ ਦਿਨ ਨਿਰੰਕਾਰੀਆਂ ਦਾ ਇਹ ਸਮਾਗਮ ਨਾ ਹੁੰਦਾ, ਨਾ ਉਸ ਦੇ ਹਥਿਆਰ ਬੰਦ ਗ੍ਰੋਹ ਵਲੋਂ ਉਸ ਦਿਨ 13 ਸਿੰਘ ਸ਼ਹੀਦ ਹੁੰਦੇ ਤੇ ਨਾ ਇਹਨਾਂ ਸਿੰਘਾਂ ਦੇ ਕਤਲਾਂ ਦਾ ਇਨਸਾਫ ਲੈਣ ਲਈ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਸਿਰ ਉਤੇ ਕਫਨ ਬੰਨ ਕੇ ਜੂਝਣਾ ਪੈਂਦਾ। ਇਸ ਜਾਣਕਾਰੀ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ ਅੰਦਰ ਹੋਏ ਸਾਰੇ ਖੂਨ ਖਰਾਬੇ ਦਾ ਇੰਦਰਾ ਗਾਂਧੀ ਤੋਂ ਬਾਅਦ ਦੂਜਾ ਮੁੱਖ ਜ਼ਿੰਮੇਵਾਰ ਸਿਆਸੀ ਆਗੂ ਇਹੀ ਪ੍ਰਕਾਸ਼ ਸਿੰਘ ਬਾਦਲ ਹੈ। ਮਨਪ੍ਰੀਤ ਸਿੰਘ ਬਾਦਲ ਦਾ ਕੀਤਾ ਗਿਆ ਇਹ ਇੰਕਸ਼ਾਫ ਹੋਰ ਵੀ ਗੰਭੀਰ ਹੈ, ਕਿ 'ਵੱਡਾ ਬਾਦਲ ਸਿੱਖ-ਹਿੰਦੂ ਪੰਜਾਬੀਆਂ ਨੂੰ ਵੰਡ ਕੇ ਪੰਜਾਬ ਉਤੇ ਆਪਣੀ ਸਿਆਸੀ ਪਕੜ ਬਣਾਈ ਰਖਣੀ ਚਾਹੁੰਦਾ ਹੈ। ਇਹ ਜਾਣਕਾਰੀ ਪੰਜਾਬ ਦੇ ਹਿੰਦੂਆਂ ਦੀਆਂ ਅੱਖਾਂ ਖੋਲ੍ਹਣ ਲਈ ਕਾਫੀ ਹੈ। ਪੰਜਾਬ ਦੇ ਹਿੰਦੂ ਭਾਈਚਾਰੇ ਨੂੰ ਇਸ ਪਖੋਂ ਸੁਚੇਤ ਹੋਣ ਦੀ ਲੋੜ ਹੈ ਕਿ ਕਿਵੇਂ ਉਹ ਬਾਦਲੀ ਰਾਜਨੀਤੀ ਦੇ ਹੱਥਠੋਕੇ ਬਣ ਕੇ ਪੰਜਾਬ ਦੇ ਹਿੱਤਾਂ ਦੀ ਅਣਗਹਿਲੀ ਕਰ ਰਹੇ ਹਨ।

ਪ੍ਰਕਾਸ਼ ਸਿੰਘ ਬਾਦਲ ਦੀਆਂ ਦੋ ਸਿਖ ਵਿਰੋਧੀ ਕਰਤੂਤਾਂ ਦਾ ਮੈਂ ਖੁਦ ਗਵਾਹ ਹਾਂ। ਇਸਦੀ ਪਹਿਲੀ ਕਰਤੂਤ ਭਾਈ ਜਸਵੰਤ ਸਿੰਘ ਖਾਲੜਾ ਨੂੰ 6 ਸਤੰਬਰ 1995 ਨੂੰ ਘਰੋਂ ਚੁਕਣ ਵਿਰੁਧ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਵਿਚ ਨਿਖੇਧੀ ਮਤਾ ਪੇਸ਼ ਕਰਕੇ ਉਸਦੀ ਰਿਹਾਈ ਲਈ ਮੰਗ ਨਾ ਕਰਨਾ ਹੈ। 6 ਸਤੰਬਰ ਨੂੰ ਸਵੇਰੇ ਦਸ ਵਜੇ ਦੇ ਕਰੀਬ ਮੈਨੂੰ ਅੰਮ੍ਰਿਤਸਰੋਂ ਫੋਨ ਆਇਆ ਕਿ ਭਾਈ ਖਾਲੜੇ ਨੂੰ ਪੁਲਿਸ ਨੇ ਘਰੋਂ ਚੁਕ ਲਿਆ ਹੈ। ਮੈਨੂੰ 'ਰੋਜ਼ਾਨਾ ਅਜੀਤ' ਦੇ ਸਹਾਇਕ ਸੰਪਾਦਕ ਸ. ਸਤਨਾਮ ਸਿੰਘ ਮਾਣਕ ਕੋਲੋਂ ਪਤਾ ਲਗਾ ਕਿ ਅੱਜ ਜਲੰਧਰ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਹੋ ਰਹੀ ਹੈ। ਪੁੱਛਣ 'ਤੇ ਪਤਾ ਲਗਾ ਕਿ



ਇਹ ਮੀਟਿੰਗ ਸਕਾਈ ਲਾਰਕ ਹੋਟਲ ਵਿਚ ਹੈ। 'ਅਜੀਤ' ਵਲੋਂ ਸਕਾਈ ਲਾਰਕ ਹੋਟਲ ਵੱਲ ਨੂੰ ਜਾਂਦਿਆਂ ਮੈਨੂੰ ਬਾਰਾਦਰੀ ਕੋਲ ਸਕਾਈ ਲਾਰਕ ਹੋਟਲ ਵੱਲ ਨੂੰ ਪੈਦਲ ਤੁਰੇ ਜਾਂਦੇ ਜਥੇਦਾਰ ਕੁਲਦੀਪ ਸਿੰਘ ਵਡਾਲਾ ਜੀ ਮਿਲ ਗਏ। ਮੈਂ ਰੁਕ ਕੇ ਉਹਨਾਂ ਨੂੰ ਭਾਈ ਜਸਵੰਤ ਸਿੰਘ ਖਾਲੜਾ ਦੇ ਪੁਲਿਸ ਵਲੋਂ ਚੁੱਕੇ ਜਾਣ ਦੀ ਜਾਣਕਾਰੀ ਦਿੱਤੀ। ਸਕਾਈਲਾਰਕ ਹੋਟਲ ਪਹੁੰਚਣ ਦਾ ਮੈਨੂੰ ਕਹਿ ਕੇ ਉਹਨਾਂ ਨੇ ਦਸਿਆ ਕਿ ਸ. ਬਾਦਲ ਸਾਹਿਬ ਆਏ ਹੋਏ ਨੇ, ਉਹਨਾਂ ਨਾਲ ਗੱਲ ਕਰਦੇ ਹਾਂ। ਜਦੋਂ ਮੈਂ ਸਕਾਈਲਾਰਕ ਹੋਟਲ ਪਹੁੰਚਿਆ ਤੇ ਹਾਲ ਵਿਚ ਗਿਆ ਤਾਂ ਉਥੇ ਮੈਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ ਜੀ ਬੈਠੇ ਦਿਸ ਪਏ। ਮੈਂ ਫਟਾਫਟ ਉਹਨਾਂ ਕੋਲ ਪਹੁੰਚ ਕੇ ਭਾਈ ਖਾਲੜੇ ਬਾਰੇ ਜਾਣਕਾਰੀ ਦਿਤੀ ਅਤੇ ਨਾਲ ਹੀ ਕਿਹਾ ਕਿ ਜੇ ਅੱਜ ਇਥੇ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਭਾਈ ਜਸਵੰਤ ਸਿੰਘ ਖਾਲੜਾ ਨੂੰ ਰਿਹਾਅ ਕਰਨ ਬਾਰੇ ਮਤਾ ਨਾ ਪਾਇਆ ਗਿਆ ਤਾਂ ਉਹਨਾਂ ਦੀ ਜਾਨ ਨੂੰ ਖਤਰਾ ਹੈ। ਜਥੇਦਾਰ ਟੌਹੜਾ ਨੇ ਮੈਨੂੰ ਸ. ਬਾਦਲ ਨਾਲ ਗੱਲ ਕਰਨ ਲਈ ਕਿਹਾ। ਸ. ਬਾਦਲ ਸਭ ਤੋਂ ਅਗੇ ਬੈਠੇ ਹੋਏ ਸਨ। ਮੈਂ ਬਿਨਾਂ ਕਿਸੇ ਜ਼ਾਬਤੇ ਦੀ ਪ੍ਰਵਾਹ ਕੀਤੇ ਸ. ਪ੍ਰਕਾਸ਼ ਸਿੰਘ ਬਾਦਲ ਕੋਲ ਪਹੁੰਚ ਕੇ ਉਹਨਾਂ ਨੂੰ ਭਾਈ ਖਾਲੜੇ ਦੇ ਪੁਲਿਸ ਵਲੋਂ ਚੁੱਕੇ ਜਾਣ ਦੀ ਜਾਣਕਾਰੀ ਦਿੱਤੀ ਤੇ ਨਾਲ ਉਹਨਾਂ ਨੂੰ ਬੇਨਤੀ ਕੀਤੀ ਕਿ ਅੱਜ ਇਥੇ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਭਾਈ ਖਾਲੜਾ ਦੀ ਰਿਹਾਈ ਲਈ ਮਤਾ ਪਾਸ ਕੀਤੇ ਬਗੈਰ ਉਹਨਾਂ ਦੀ ਜਾਨ ਨਹੀਂ ਬਚ ਸਕਦੀ। ਸ. ਬਾਦਲ ਨੇ ਮੈਨੂੰ ਇਹ ਕਹਿ ਕੇ ਟਰਕਾ ਦਿਤਾ ਕਿ ਸ. ਮੇਜਰ ਸਿੰਘ ਨੂੰ ਮੇਰੇ ਵਲੋਂ ਕਹਿ ਸ. ਖਾਲੜਾ ਦੀ ਰਿਹਾਈ ਲਈ ਖਬਰ ਲੁਆ ਦੇ। ਮੈਂ ਕੁਝ ਤਲਖੀ ਭਰੇ ਲਹਿਜੇ ਵਿਚ ਬਾਦਲ ਸਾਹਿਬ ਨੂੰ ਇਹ ਵੀ ਕਿਹਾ ਕਿ ਏਨੀ ਕੁ ਖਬਰ ਤਾਂ ਮੈਂ ਆਪ ਵੀ ਲੁਆ ਸਕਦਾ ਸਾਂ। ਇਹ ਬੜੇ ਸਾਲਾਂ ਬਾਅਦ ਜਾ ਕੇ ਪਤਾ ਲਗਾ ਕਿ ਭਾਈ ਜਸਵੰਤ ਸਿੰਘ ਖਾਲੜਾ ਨੂੰ ਚੁੱਕ ਕੇ ਮਾਰ ਖਪਾਉਣ ਦੀ ਸ. ਬਾਦਲ ਨੇ ਸਹਿਮਤੀ ਦਿਤੀ ਸੀ।

ਦੂਜੀ ਘਟਨਾ ਸ. ਬਾਦਲ ਦੀ ਪਹਿਲੀ ਸਰਕਾਰ ਬਣਨ ਵੇਲੇ ਕਿਲਾ ਰਾਇਪੁਰ ਦੀ ਜ਼ਿਮਨੀ ਚੋਣ ਮੌਕੇ ਦੀ ਹੈ। ਇਸ ਚੋਣ ਸਮੇਂ ਸ. ਬਾਦਲ ਨੇ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਦੇ ਮੁਖੀ ਬਾਬਾ ਸਰਬਜੋਤ ਸਿੰਘ ਬੇਦੀ ਹੁਰਾਂ ਕੋਲ ਆਪਣੀ ਪਾਰਟੀ ਦੇ ਉਮੀਦਵਾਰ ਦੀ ਹਮਾਇਤ ਕਰਨ ਲਈ ਪਹੁੰਚ ਕੀਤੀ। ਬਾਬਾ ਜੀ ਨੇ ਆਪਣੇ ਲੁਧਿਆਣੇ ਵਾਲੇ ਡੇਰੇ ਜੋਧਾਂ ਮਨਸੂਰਾਂ ਵਿਖੇ ਸੰਤ ਸਮਾਜ ਦੀ ਮੀਟਿੰਗ ਬੁਲਾ ਲਈ। ਇਸ ਮੀਟਿੰਗ ਵਿਚ ਹੀ ਉਹਨਾਂ ਨੇ ਸ. ਬਾਦਲ ਨੂੰ ਸੱਦ ਲਿਆ। ਪ੍ਰੈਸ ਸਕੱਤਰ ਹੋਣ ਦੇ ਨਾਤੇ ਮੈਂ ਸੰਤ ਸਮਾਜ ਦੀ ਇਸ ਭਰਵੀਂ ਮੀਟਿੰਗ ਵਿਚ ਹੀ ਸ. ਬਾਦਲ ਨੂੰ ਪੁੱਛਿਆ ਕਿ ਤੁਸੀਂ ਨਿਰਦੋਸ਼ ਸਿਖ ਨੌਜਵਾਨਾਂ ਦੇ ਕਾਤਲ ਪੁਲਿਸ ਅਫਸਰਾਂ ਨੂੰ ਸਜ਼ਾਵਾਂ ਦਿਵਾਉਣ ਦਾ ਵਾਅਦਾ ਕਰਕੇ ਸਰਕਾਰ ਬਣਾਈ ਹੈ,

**ਬਾਕੀ ਸਫ਼ਾ 32 'ਤੇ**

# ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਸਲੇ ਲਈ ਕੌਣ ਜ਼ਿੰਮੇਵਾਰ ?

## ਖਾਲਸਾ ਪੰਥ ਨੂੰ ਬਾਦਲ ਦਲ ਨਾਲ ਟਕਰਾਅ ਤੋਂ ਬਚਣ ਦੀ ਲੋੜ ਤੇ ਜਮਹੂਰੀ ਢੰਗ ਦੇ ਨਾਲ ਪੰਜਾਬ ਹਿੱਤੂ ਸਿਆਸੀ ਲਹਿਰ ਉਸਾਰਨ ਦੀ ਜ਼ਰੂਰਤ

ਪ੍ਰੋ. ਬਲਵਿੰਦਰਪਾਲ ਸਿੰਘ

ਗੁਰੂ ਗਰੰਥ ਸਾਹਿਬ ਦੀ ਬੇਅਦਬੀ ਅਜਿਹਾ ਮਸਲਾ ਹੈ ਜਿਸ ਬਾਰੇ ਸਿਖ ਜਲਦ ਅਤਿ ਭਾਵੁਕ ਹੋ ਜਾਂਦੇ ਹਨ। ਇਸ ਬਾਰੇ ਸਾਡੇ ਤੇ ਗੁਰੂ ਗ੍ਰੰਥ ਸਾਹਿਬ ਦੇ ਦੁਸ਼ਮਣਾਂ ਨੂੰ ਚੰਗੀ ਤਰ੍ਹਾਂ ਗਿਆਨ ਹੈ। ਜਦੋ ਸਾਡਾ ਗਿਆਨ ਤੇ ਸੋਝੀ ਗਾਇਬ ਹੋ ਜਾਂਦੀ ਹੈ ਤੇ ਅਸੀਂ ਭਾਵੁਕਤਾ ਵਿਚ ਕੋਈ ਐਕਸ਼ਨ ਕਰਦੇ ਹਾਂ ਤਾਂ ਅਸੀਂ ਪੀੜਤ ਹੋ ਕੇ ਆਪਣਾ ਨੁਕਸਾਨ ਕਰ ਬੈਠਦੇ ਹਾਂ। ਜਰਾ ਅਹਿਸਾਸ ਕਰੋ ਡੂੰਘੀ ਨੀਝ ਨਾਲ ਕਿ ਬੇਅਦਬੀ ਕਰਨ ਵਾਲੀਆਂ ਤਾਕਤਾਂ ਕੌਣ ਹਨ ਤੇ ਉਹਨਾਂ ਦਾ ਅਸਲ ਮਨੋਰਥ ਕੀ ਹੈ ? ਇਹਨਾਂ ਤਾਕਤਾਂ ਨੂੰ ਕਿੰਜ ਨਿਪਟਿਆ ਜਾ ਸਕਦਾ ਹੈ। ਇਸ ਬਾਰੇ ਨੀਤੀ ਉਸਾਰਨ ਦੀ ਲੋੜ ਹੈ। ਇਹ ਗਲ ਸਮਝਣ ਦੀ ਲੋੜ ਹੈ ਕਿ ਗੁਰੂ ਗਰੰਥ ਸਾਹਿਬ ਦਾ ਟੋਟਲੀ ਫਲਸਫਾ ਨਾਗਪੁਰੀ, ਮਨੂਵਾਦੀ ਤੇ ਵਰਨ ਵੰਡ ਸਮਾਜ ਦੇ ਫਿਟ ਨਹੀਂ ਬੈਠਦਾ, ਕਿਉਕਿ ਇਹ ਬਰਾਬਰੀ, ਸਰਬਤ ਦੇ ਭਲੇ, ਗਰੀਬਾਂ, ਕਿਰਤੀਆਂ, ਲਿਤਾੜਿਆਂ ਤੇ ਦਬੇ ਕੁਚਲਿਆਂ ਦਾ ਸਿਧਾਂਤ ਹੈ। ਇਸ ਕਰਕੇ ਗੁਰੂ ਗਰੰਥ ਸਾਹਿਬ ਦੇ ਪਾਠ ਵਿਚ ਹੇਰਾ ਫੇਰੀਆਂ ਕਰਨ ਦੇ ਯਤਨ ਹੋ ਰਹੇ ਹਨ ਤੇ ਅਗਨ ਭੇਂਟ ਇਸ ਕਰਕੇ ਕੀਤੇ ਜਾਂਦੇ ਹਨ ਤਾਂ ਜੋ ਸਿਖ ਭੜਕਨ ਤੇ ਇਹਨਾਂ ਦਾ ਨੁਕਸਾਨ ਹੋਵੇ।

**ਬਾਦਲ ਸੱਚ ਤੋਂ ਨਾ ਭੱਜਣ** : ਅਸੀਂ ਸਮਝ ਨਹੀਂ ਸਕੇ ਕਿ ਸਾਡੀ ਕਥਿਤ ਸਿੱਖ ਲੀਡਰਸ਼ਿਪ ਇਨ੍ਹਾਂ ਦੀ ਕੱਠਪੁਤਲੀ ਕਿਉਂ ਬਣੀ ਹੋਈ ਹੈ। ਹੁਣ ਵੀ ਉਹੋ ਕੁਝ ਵਾਪਰਿਆ, ਜੋ ਨਿਰੰਕਾਰੀ ਕਾਂਡ ਸਮੇਂ ਵਾਪਰਿਆ ਸੀ। ਕੁਝ ਪਾਤਰ ਬਦਲੇ ਹਨ ਪਰ ਇਸ ਦਾ ਮੁੱਢ ਨਾਪਾਕ ਤਾਕਤਾਂ ਮਨੂਵਾਦੀ ਧਿਰਾਂ ਹਨ, ਜਿਹਨਾਂ ਨਿੰਰਕਾਰੀ ਡੇਰਾ ਸਿਸਟਮ ਉਤਸ਼ਾਹਿਤ ਕੀਤਾ ਤੇ ਹੁਣ ਸੌਦਾ ਸਾਧ ਡੇਰਾ ਆਪਣਾ ਕੇਦਰ ਬਣਾਇਆ ਤੇ ਬਲਵਾਨ ਕੀਤਾ। ਹੈਰਾਨੀ ਦੀ ਗਲ ਹੈ ਕਿ ਪੰਜਾਬ ਤੇ ਸਿੱਖੀ ਦੇ ਉਜਾੜੇ ਦੇ ਲਈ ਡੇਰਾ ਪ੍ਰਬੰਧ ਸਾਜ਼ਿਸ਼ ਤਹਿਤ ਪੰਜਾਬ ਵਿਚ ਵਿਕਸਤ ਕੀਤਾ ਜਾ ਰਿਹਾ ਹੈ। ਜੋ ਹੁਣ ਗੁਰੂ ਗ੍ਰੰਥ ਸਾਹਿਬ ਬੇਅਦਬੀ ਕਾਂਡ ਹੋਇਆ ਹੈ, ਉਸ ਸਮੇਂ ਵੀ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਨ, ਜਿਹਨਾਂ ਦੇ ਰਾਜ ਵਿਚ ਬਰਗਾੜੀ ਤੇ ਕੋਟਕਪੂਰਾ ਗੋਲੀ ਕਾਂਡ ਵਾਪਰਿਆ। ਜਸਟਿਸ ਕਮਿਸ਼ਨ ਦੀ ਰਿਪੋਟ ਇਸ ਗਲ ਵਲ ਇਸ਼ਾਰਾ ਕਰਦੀ ਹੈ ਇਸ ਕਾਂਡ ਦੇ ਪ੍ਰਕਾਸ਼ ਸਿੰਘ ਬਾਦਲ, ਸੌਦਾ ਸਾਧ ਤੇ ਸਾਬਕਾ ਡੀਜੀਪੀ ਸੁਮੇਧ ਸੈਣੀ ਜ਼ਿੰਮੇਵਾਰ ਹਨ। ਸਾਬਕਾ ਮੁਖ ਮੰਤਰੀ ਬਾਦਲ ਕਹਿੰਦੇ ਹਨ ਕਿ ਉਹ ਬੇਕਸੂਰ ਹਨ ਤੇ ਗੋਲੀ ਚਲਾਉਣ ਦੇ ਆਰਡਰ ਉਹਨਾਂ ਨਹੀਂ ਦਿੱਤੇ। ਫਿਰ ਕਿੰਨੇ ਦਿੱਤੇ ? ਗ੍ਰਹਿ ਮੰਤਰੀ ਤਾਂ ਸੁਖਬੀਰ ਸਿੰਘ ਬਾਦਲ ਸਨ। ਫਿਰ ਗੋਲੀਆਂ ਦੇ ਨਿਸ਼ਾਨ ਮਿਟਾਉਣ ਲਈ ਕਿੰਨੇ ਛੇੜਾਖਾਨੀ ਕੀਤੀ ?

ਬਾਦਲ ਵੱਲੋਂ ਇਸ ਸਭ ਤੋਂ ਇਨਕਾਰ ਕਰਨਾ ਬਹੁਤ ਵੱਡਾ ਝੂਠ ਹੈ, ਕਿਉਂਕਿ ਰਣਜੀਤ ਸਿੰਘ ਕਮਿਸ਼ਨ ਨੇ ਆਪਣੀ ਰਿਪੋਰਟ ਵਿੱਚ ਪ੍ਰਕਾਸ਼ ਸਿੰਘ ਬਾਦਲ 'ਤੇ ਉਂਗਲ ਚੁੱਕੀ ਹੈ। ਬਾਦਲ ਦਾ ਨਾਂ ਲੈਣ ਵਾਲਾ ਵਿਅਕਤੀ ਸੁਮੇਧ ਸੈਣੀ ਹੈ, ਜਿਸ ਨੂੰ ਬਾਦਲ ਸਰਕਾਰ ਨੇ ਖੁੱਲ੍ਹੇ ਅਧਿਕਾਰ ਤੇ ਡੀਜੀਪੀ ਦਾ ਅਹੁਦਾ ਸੌਂਪਿਆ ਸੀ। ਸੈਣੀ ਨੇ ਆਪਣੀ ਰਿਟਾਇਰਮੈਂਟ ਤੋਂ ਠੀਕ ਕੁਝ ਸਮਾਂ ਪਹਿਲਾਂ ਦਾਖ਼ਲ ਕਰਵਾਏ ਹਲਫ਼ਨਾਮੇ ਵਿੱਚ ਜ਼ਿਕਰ ਕੀਤਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਕੋਟਕਪੂਰਾ ਦੀ ਗੋਲੀਬਾਰੀ ਤੋਂ ਪਹਿਲਾਂ ਤੜਕੇ 2 ਵਜੇ ਉਸ ਨੂੰ ਫੋਨ ਕੀਤਾ ਸੀ। ਸੈਣੀ ਦੇ ਖੁਲਾਸੇ ਕਾਰਨ ਹੀ ਬਾਦਲ ਨੂੰ ਇਸ ਬਾਰੇ ਆਪਣੀ ਸਫ਼ਾਈ ਦੇਣ ਲਈ ਮਜਬੂਰ ਹੋਣਾ ਪਿਆ। ਹੁਣ, ਇਹੀ ਅਕਾਲੀ ਦਲ ਆਪਣੇ ਮੁਖੀ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਹਾਲਾਂਕਿ ਪੂਰੇ ਪੰਜਾਬ ਵਿੱਚ ਖਾਲਸਾ ਪੰਥ ਬਾਦਲਾਂ ਦੇ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰ ਰਿਹਾ ਹੈ।

ਅਸਲ ਗੱਲ ਇਹ ਹੈ ਕਿ 2015 ਤੋਂ ਜੋ ਸੌਦਾ ਸਾਧ ਨਾਲ ਸੰਬੰਧਿਤ ਤੇ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦਾ ਦੌਰ ਸ਼ੁਰੂ ਹੋਇਆ ਉਹ ਬਾਦਲਾਂ ਦੀ ਉਸੇ ਰਣਨੀਤੀ ਦਾ ਹਿੱਸਾ ਸੀ ਜਿਸ ਦੇ ਤਹਿਤ ਡੇਰਾ ਮੁਖੀ ਰਾਮ ਰਹੀਮ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਭਾਵੇਂ ਇਸ ਰਣਨੀਤੀ ਦੀ ਕੀਮਤ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਰਗੀਆਂ ਵੱਡੀਆਂ ਸੰਸਥਾਵਾਂ ਦਾ ਅਕਸ ਡਿੱਗ ਗਿਆ।

ਇਸ ਝੂਠ 'ਤੇ ਚਲ ਕੇ ਖਾਲਸਾ ਪੰਥ ਵਿਚ ਬਾਦਲ ਦਲ ਆਪਣੀ ਥਾਂ ਨਹੀਂ ਬਣਾ ਸਕਦਾ, ਜਿਸ ਦੇ ਸਿਰ ਉੱਤੇ ਉਹ ਲੰਬੇ ਸਮੇਂ ਤੱਕ ਸਿਆਸਤ ਕਰਦਾ ਰਿਹਾ ਹੈ। ਸੱਚ ਇਹ ਵੀ ਹੈ ਕਿ ਜਿਨ੍ਹਾਂ ਲੋਕਾਂ ਨੂੰ ਬੇਅਦਬੀ ਦੀਆਂ ਮੁੱਖ ਘਟਨਾਵਾਂ ਲਈ ਕੈਪਟਨ ਦੀ ਹਕੂਮਤ ਸਮੇਂ ਗ੍ਰਿਫ਼ਤਾਰ ਕੀਤਾ ਗਿਆ ਹੈ ਉਹ ਡੇਰਾ ਸੱਚਾ ਸੌਦਾ ਦੇ ਸ਼ਰਧਾਲੂ ਹਨ। ਪਰ ਇਹ ਲੋਕ ਬਾਦਲ ਸਰਕਾਰ ਵੇਲੇ ਕਿਉਂ ਨਾ ਗ੍ਰਿਫ਼ਤਾਰ ਹੋਏ। ਪੰਥਕ ਹਲਕਿਆਂ ਵਿਚ ਇਹ ਗੱਲ ਪ੍ਰਵਾਨ ਕੀਤੀ ਗਈ ਹੈ ਕਿ ਡੇਰੇ ਪ੍ਰੇਮੀਆਂ ਦੇ ਸਮਰਥਨ ਦੀ ਬਾਦਲਾਂ ਨੂੰ ਬਠਿੰਡਾ ਲੋਕ ਸਭਾ ਸੀਟ ਲਈ ਬੇਹੱਦ ਲੋੜ ਸੀ। ਇਸੇ ਸੀਟ ਤੋਂ ਹਰਸਿਮਰਤ ਕੌਰ ਬਾਦਲ ਦੋ ਵਾਰ ਚੋਣਾਂ ਜਿੱਤੇ ਹਨ। ਇਸੇ ਲਈ ਦੋਸ਼ੀ ਡੇਰਾ ਪ੍ਰੇਮੀ ਗ੍ਰਿਫ਼ਤਾਰ ਨਾ ਕੀਤੇ ਗਏ ਤੇ ਨਾ ਹੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਇਨਸਾਫ਼ ਵਲ ਕਦਮ ਵਧਾਏ ਗਏ।

**ਨਿਰੰਕਾਰੀ ਕਾਂਡ ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ** : ਯਾਦ ਰਹੇ ਕਿ ਵਿਸਾਖੀ 1978 ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਰਨ ਨਿਰੰਕਾਰੀ ਕਾਂਡ ਵਾਪਰਿਆ ਸੀ। 13 ਸ਼ਾਂਤਮਈ ਸਿੰਘ ਜੋ ਨਕਲੀ ਨਿੰਰਕਾਰੀਆਂ ਦੇ ਸਮਾਗਮ ਦਾ ਵਿਰੋਧ ਕਰ ਰਹੇ ਸਨ, ਗੋਲੀਆਂ ਮਾਰਕੇ ਸ਼ਹੀਦ ਕਰ ਦਿਤੇ। ਉਸ ਸਮੇਂ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਨ। ਨਕਲੀ ਨਿੰਰਕਾਰੀ ਮੁਖੀ ਗੁਰਬਚਨ ਸਿੰਘ ਜੋ ਇਸ ਕਾਂਡ ਦਾ ਦੋਸ਼ੀ ਸੀ ਉਸ ਨੂੰ ਸਜ਼ਾ ਦੇਣ ਦੀ ਥਾਂ ਸਰਕਾਰੀ ਤੌਰ 'ਤੇ ਸੁਰੱਖਿਅਤ ਲਾਂਘਾ ਦਿੱਤਾ। ਇਸ ਤੋ ਬਾਅਦ ਪੰਜਾਬ ਤੇ ਸਿਖਾਂ ਨੇ ਜੋ ਸੰਤਾਪ ਹੰਡਾਇਆ ਦਰਬਾਰ ਸਾਹਿਬ ਤੇ ਫੌਜੀ ਹਮਲਾ ਦਿਲੀ ਸਿੱਖ ਕਤਲੇਆਮ, ਸਿੱਖ ਨਸਲਕੁਸ਼ੀ ਉਸ ਲਈ ਜ਼ਿੰਮੇਵਾਰ ਭਗਵੇਵਾਦੀ ਤੇ ਸਿਆਸੀ ਤਾਕਤਾਂ ਤੇ ਸਾਡੇ ਕਥਿਤ ਸਿੱਖ ਲੀਡਰ ਸਨ।

ਪ੍ਰਸਿੱਧ ਸੀਨੀਅਰ ਪੱਤਰਕਾਰ ਦਲਬੀਰ ਸਿੰਘ (85) ਗੰਨਾ ਪਿੰਡ ਇਸ ਕਤਲੇਆਮ ਦਾ ਹਵਾਲਾ ਦਿੰਦੇ ਦੱਸਦੇ ਹਨ ਕਿ ਮੈਂ ਦੁਪਹਿਰ ਦੇ ਖਾਣੇ ਉਪਰੰਤ ਅਰਾਮ ਕਰਨ ਖਾਤਰ ਮੰਜੇ 'ਤੇ ਪੈਣ ਹੀ ਵਾਲਾ ਸਾਂ ਕਿ ਟੈਲੀਫੋਨ ਦੀ ਘੰਟੀ ਖੜਕੀ। ਦੂਜੇ ਪਾਸੇ ਤੋਂ ਬੋਲਣ ਵਾਲੇ ਨੇ ਕਿਹਾ ਕਿ ਪੁਤਲੀਘਰ ਦੇ ਚੌਕ 'ਚ ਬਹੁਤ ਗੋਲੀ ਚੱਲੀ ਹੈ। ਲੇਕਿਨ ਜਦੋਂ ਮੈਂ ਜਾਨਣਾ ਚਾਹਿਆ ਕਿ ਤੁਸੀਂ ਕੌਣ ਬੋਲਦੇ ਹੋ ਤਾਂ ਅੱਗੋਂ ਜਵਾਬ ਮਿਲਿਆ ਕਿ ਤੁਸੀਂ ਇਹ ਪੁੱਛ ਕੇ ਕੀ ਲੈਣਾ ਹੈ ? ਮੈਂ ਤਿਆਰ ਹੋ ਕੇ ਪੁਤਲੀਘਰ ਪੁੱਜਾ ਤੇ ਇਕ-ਦੋ ਸੱਜਣਾਂ ਤੋਂ ਪੁੱਛਣ 'ਤੇ ਪਤਾ ਲੱਗਾ ਕਿ ਇਸਲਾਮਾਬਾਦ ਦੇ ਫਾਟਕ ਵੱਲ ਰੇਲਵੇ ਕਾਲੋਨੀ 'ਚ ਗੋਲੀ ਚੱਲੀ ਹੈ। ਇਹ ਉਹ ਥਾਂ ਸੀ, ਜਿੱਥੇ ਨਿਰੰਕਾਰੀ ਸੰਪ੍ਰਦਾਇ ਨੇ ਆਪਣਾ ਸੰਮੇਲਨ ਕੀਤਾ ਸੀ। ਸਟੇਜ ਤੱਕ ਪਹੁੰਚ ਕੀਤੀ। ਉਸ ਸਮੇਂ 'ਤੇ ਨਿਰੰਕਾਰੀਆਂ ਦੇ ਮੁਖੀ ਦੀ ਪਤਨੀ ਇਕ ਵੱਡੇ ਤੇ ਆਲੀਸ਼ਾਨ ਪੀੜ੍ਹੇ 'ਤੇ ਸੁਸ਼ੋਭਿਤ ਸੀ ਤੇ ਨਿਰੰਕਾਰੀ ਮੁਖੀ ਉੱਥੋਂ ਜਾ ਚੁੱਕਾ ਸੀ। ਪੁੱਛ-ਗਿੱਛ ਕਰਨ 'ਤੇ ਉਨ੍ਹਾਂ ਦੇ ਰਿਸ਼ਤੇਦਾਰ ਗੋਬਿੰਦ ਸਿੰਘ ਨੇ ਕਿਹਾ ਕਿ ਤੁਸੀਂ ਮੇਰੇ ਨਾਲ ਆਓ ਮੈਂ ਸਾਰੀ ਗੱਲ ਤੁਹਾਨੂੰ ਦੱਸਦਾ ਹਾਂ। ਮੈਂ ਉਸ ਦੇ ਬੁਲਾਵੇ 'ਤੇ ਉਸ ਪਿੱਛੇ ਟੈਂਟ ਵਿਚ ਚਲਾ ਗਿਆ। ਉਹ ਟੈਂਟ 'ਚ ਵੜਦਿਆਂ ਹੀ ਇਕਦਮ ਘਬਰਾ ਗਿਆ ਤੇ ਮੇਰੇ ਵੱਲ ਮੂੰਹ ਕਰਕੇ ਕਹਿਣ ਲੱਗਾ ਕਿ ਅਸੀਂ ਗਲਤ ਜਗ੍ਹਾ 'ਤੇ ਆ ਗਏ ਹਾਂ। ਏਨੇ ਨੂੰ ਮੇਰੀ ਨਜ਼ਰ ਟੈਂਟ 'ਚ ਬੈਠੇ 10 ਕੁ ਬੰਦਿਆਂ 'ਤੇ ਪਈ, ਜਿਨ੍ਹਾਂ ਨੇ ਚਿੱਟੇ ਕੁੜਤੇ ਤੇ ਚਿੱਟੀਆਂ ਦਸਤਾਰਾਂ ਪਹਿਨੀਆਂ ਹੋਈਆਂ ਸਨ। ਸੋਫਿਆਂ 'ਤੇ ਆਧੁਨਿਕ ਹਥਿਆਰ ਤੇ ਗੋਲੀਆਂ ਦੇ ਲੰਮੇ-ਲੰਮੇ ਪਟੇ ਖਿਲਰੇ ਹੋਏ ਸਨ। ਜਦੋਂ ਮੈਂ ਦੂਜੇ ਟੈਂਟ 'ਚ ਆ ਕੇ ਨਿਰੰਕਾਰੀ ਸੰਪ੍ਰਦਾਇ ਦੇ ਉਸ ਬੁਲਾਰੇ ਨੂੰ ਇਨ੍ਹਾਂ ਲੋਕਾਂ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਇਹ ਲੋਕ ਸ਼ਰਧਾਲੂ ਹਨ। ਮੇਰਾ ਇਹ ਪੱਕਾ ਅਨੁਭਵ ਸੀ ਕਿ ਉਸ ਅਵਸਰ 'ਤੇ ਗੋਲੀ ਚਲਾ ਕੇ ਤੇਰਾਂ ਸਿੰਘਾਂ ਦੀ ਮੌਤ ਅਤੇ ਵੱਡੀ ਗਿਣਤੀ ਵਿਚ ਜ਼ਖ਼ਮੀ ਕਰਨ ਦੇ ਉਹ ਜ਼ਿੰਮੇਵਾਰ ਸਨ। ਥੋੜ੍ਹੀ ਹੋਰ ਜਾਣਕਾਰੀ ਲੈਣ ਪਿਛੋਂ ਮੈਂ ਬਾਹਰ ਆਇਆ ਤੇ ਤੱਕਿਆ ਕਿ ਉਸ ਸਮੇਂ ਦੇ ਅੰਮ੍ਰਿਤਸਰ ਤੇ ਡੀ ਸੀ ਕੁਲਦੀਪ ਸਿੰਘ ਜੰਜੂਆ ਅਤੇ ਹੋਰ ਉੱਚ ਪੁਲਿਸ ਅਧਿਕਾਰੀ ਗੇਟ ਵੱਲ ਅੰਦਰ ਜਾ ਰਹੇ ਸਨ। ਇਨ੍ਹਾਂ 'ਚ ਗੁਰਬਚਨ ਸਿੰਘ ਡੀ ਐੱਸ ਪੀ (ਜਿਸ ਨੂੰ ਬਾਅਦ ਵਿਚ ਖਾੜਕੂਆਂ ਨੇ ਮਾਰ ਦਿੱਤਾ ਸੀ) ਵੀ ਮੌਜੂਦ ਸੀ, ਜਿਸ ਨੂੰ ਮੈਂ ਇਹ ਜਾਣਕਾਰੀ ਦਿੱਤੀ ਕਿ ਅੱਜ ਦੇ ਗੋਲੀ ਕਾਂਡ ਦੇ ਮੁਜਰਿਮ ਆਪਣੇ ਹਥਿਆਰਾਂ ਸਮੇਤ ਉਸ ਟੈਂਟ ਦੇ ਅੰਦਰ ਬੈਠੇ ਹਨ। ਪਰ ਉਨ੍ਹਾਂ ਕੋਈ ਕਾਰਵਾਈ ਨਾ ਕੀਤੀ। ਉੱਥੇ ਖੜ੍ਹਿਆਂ-ਖੜ੍ਹਿਆਂ ਹੀ ਉਸ ਨੇ ਮੈਨੂੰ ਦੱਸਿਆ ਕਿ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਰਕਟ ਹਾਊਸ ਆਏ ਹੋਏ ਹਨ। ਮੈਂ ਕਾਹਲੀ-ਕਾਹਲੀ ਸਰਕਟ ਹਾਊਸ ਨੂੰ ਚਲਾ ਗਿਆ। ਜਦੋਂ ਮੈਂ ਪੁੱਛਿਆ ਬਾਦਲ ਸਾਹਿਬ ਅੱਜ ਦੇ ਗੋਲੀ ਕਾਂਡੀ 'ਚ ਕਿੰਨੀਆਂ ਮੌਤਾਂ ਹੋਈਆਂ ? ਬਾਦਲ ਨੇ ਸਿਰ ਹਿਲਾ ਕੇ ਕਿਹਾ ਕਿ ਜੰਜੂਆ ਜੀ ਤੋਂ ਪੁੱਛ ਲਓ। ਮੌਤਾਂ ਦੀ ਪੁਸ਼ਟੀ ਨਾ ਹੁੰਦੀ ਦੇਖ ਕੇ ਮੈਂ ਝੱਟ-ਪੱਟ ਮੈਡੀਕਲ ਕਾਲਜ ਦੇ ਮੁਰਦੇਖਾਨੇ ਵੱਲ ਦੌੜਿਆ, ਜਿੱਥੇ ਪਤਾ ਲੱਗਾ ਕਿ ਮੌਤਾਂ ਦੀ ਗਿਣਤੀ 15 ਹੈ, ਜੋ ਬਾਅਦ ਵਿਚ 16 ਨਿਕਲੀ। ਉਸੇ ਦਿਨ ਸ਼ਾਮ ਨੂੰ ਜਥਾ ਭਿੰਡਰਾਂ ਅਤੇ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਅਤੇ ਹੋਰ ਅਨੇਕਾਂ ਗੁੱਸੇ ਵਿਚ ਭੜਕੇ ਹੋਏ ਸਿੱਖਾਂ ਦਾ ਇਕ ਵੱਡਾ ਜਲੂਸ ਦਰਬਾਰ ਸਾਹਿਬ ਵੱਲੋਂ ਮੈਡੀਕਲ ਕਾਲਜ ਨੂੰ ਗਿਆ। ਅਗਲੇ ਦਿਨ 14 ਅਪ੍ਰੈਲ ਨੂੰ ਸਾਰੇ ਸ਼ਹਿਰ 'ਚ ਜਬਰਦਸਤ ਤਣਾਅ ਫੈਲ ਗਿਆ। ਨਿਰੰਕਾਰੀ ਭਵਨ ਦਾ ਚੱਕਰ ਲਾਇਆ ਤਾਂ ਦੇਖਿਆ ਕਿ ਪੁਲਿਸ ਨੇ ਕਾਫੀ ਵੱਡੀ ਗਿਣਤੀ 'ਚ ਸੀ। ਨਿਰੰਕਾਰੀ ਕਤਲ ਕਾਂਡ ਵਿਚ ਲਗਪਗ ਸੱਠ ਮੁਜਰਿਮ ਨਾਮਜ਼ਦ ਕੀਤੇ ਗਏ। ਪਰ ਅਸਲੀ ਮੁਜਰਿਮ ਜੋ ਪਹਿਲੇ ਦਿਨ ਟੈਂਟ 'ਚ ਬੈਠੇ ਸਨ, ਉਹ ਉੱਥੋਂ ਬੜੇ ਆਰਾਮ ਨਾਲ ਚਲੇ ਗਏ ਸਨ। ਨਿਰੰਕਾਰੀ ਮੁਖੀ ਨੂੰ ਬਾਇੱਜ਼ਤ ਪੰਜਾਬੋਂ ਬਾਹਰ ਭੇਜ ਦਿੱਤਾ ਗਿਆ।




ਲਾਸ਼ਾਂ ਦਾ ਪੋਸਟ-ਮਾਰਟਮ ਮਜੀਠਾ ਰੋਡ 'ਤੇ ਸਥਿਤ ਸਰਕਾਰੀ ਹਸਪਤਾਲ ਦੇ ਇਕ ਕਮਰੇ 'ਚ ਹੋ ਰਿਹਾ ਸੀ। ਬਰਫ ਦਾ ਪਾਣੀ ਖ਼ੂਨ ਵਿਚ ਘੁਲ-ਮਿਲ ਕੇ ਇਕ ਛੱਪੜ ਬਣ ਗਿਆ ਸੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਤਿਨਾਮ ਵਾਹਿਗੁਰ ਦਾ ਜਾਪ ਕਰਦੇ ਹੋਏ ਆਪਣੇ ਸਾਥੀਆਂ ਤੋਂ ਵਾਰੋ-ਵਾਰੀ ਲਾਸ਼ਾਂ ਨੂੰ ਆਪਣੇ ਟਰੱਕ 'ਚ ਰਖਵਾ ਰਹੇ ਸਨ। ਕੁਝ ਚਿਰ ਪਿੱਛੋਂ ਸਿੰਘਾਂ ਦੀਆਂ ਲਾਸ਼ਾਂ ਵਾਲਾ ਟਰੱਕ ਗੁਰੂ ਰਾਮਦਾਸ ਸਰਾਂ ਵੱਲ ਚੱਲਿਆ ਗਿਆ। ਅਗਲੇ ਦਿਨ ਸਵੇਰੇ ਸਸਕਾਰ ਦੀ ਤਿਆਰੀ ਹੋਈ। ਇਕ ਜਲੂਸ ਦੀ ਸ਼ਕਲ 'ਚ ਤੇਰਾਂ ਸਿੰਘਾਂ ਦੀਆਂ ਅਰਥੀਆਂ ਨੂੰ, ਗੁਰੂ ਰਾਮਦਾਸ ਸਰਾਂ ਤੋਂ ਲਿਆ ਕੇ ਗੁਰਦੁਆਰਾ ਸ਼ਹੀਦਾਂ ਦੇ ਬਾਹਰ ਸ਼੍ਰੋਮਣੀ ਕਮੇਟੀ ਦੀ ਜਗ੍ਹਾ 'ਤੇ ਇਕ ਸਾਂਝੇ ਅੰਗੀਠੇ 'ਚ ਸਸਕਾਰ ਕਰ ਦਿੱਤਾ ਗਿਆ। ਸੋਗੀ ਜਲੂਸ 'ਚ ਸਿੱਖ ਨੌਜਵਾਨ ਨਾਅਰੇਬਾਜ਼ੀ ਕਰ ਰਹੇ ਸਨ। ਜਿਸ ਤੋਂ ਘਬਰਾ ਕੇ ਸੁਲਤਾਨਵਿੰਡ ਗੇਟ ਦੇ ਬਾਹਰ ਪੁਲਿਸ ਨੇ ਗੋਲੀ ਚਲਾਈ, ਜਿਸ ਨਾਲ ਘੁਮਿਆਰ ਪਰਿਵਾਰ ਦਾ ਇਕ ਸਿੱਖ ਨੌਜਵਾਨ ਮਾਰਿਆ ਗਿਆ। ਭੜਕਾਹਟ ਹੋਰ ਵਧ ਗਈ। ਨੌਜਵਾਨਾਂ ਨੇ ਪਥਰਾਓ ਸ਼ੁਰੂ ਕਰ ਦਿੱਤਾ। ਸਥਿਤੀ 'ਤੇ ਕਾਬੂ ਪਾਉਣ ਲਈ ਮੌਕੇ ਦੇ ਡੀ ਆਈ ਜੀ ਡੀ ਐੱਸ ਮਾਂਗਟ ਨੇ ਅੱਥਰੂ ਗੈਸ ਛੱਡਣ ਦਾ ਹੁਕਮ ਦੇ ਦਿੱਤਾ। ਅੱਧੇ ਘੰਟੇ ਦੀ ਭਾਜੜ ਤੋਂ ਬਾਅਦ ਪੁਲਿਸ ਨੇ ਸਥਿਤੀ ਕਾਬੂ ਹੇਠ ਕਰ ਲਈ। ਸੁਲਤਾਨਵਿੰਡ ਦੀਆਂ ਬਾਹਰੀ ਬਸਤੀਆਂ ਅੱਥਰੂ ਗੈਸ ਨਾਲ ਭਰ ਗਈਆਂ।

ਇੱਥੇ ਇਕ ਸੁਆਲ ਜ਼ਿਹਨ 'ਚ ਵਾਰ-ਵਾਰ ਉੱਠਦਾ ਹੈ ਕਿ 13 ਅਪ੍ਰੈਲ ਖਾਲਸੇ ਦੇ ਜਨਮ ਦਿਹਾੜੇ 'ਤੇ, ਸਿੱਖਾਂ ਦੀ ਰਾਜਧਾਨੀ ਵਜੋਂ ਜਾਣੇ ਜਾਂਦੇ ਅੰਮ੍ਰਿਤਸਰ ਸ਼ਹਿਰ 'ਚ ਨਿਰੰਕਾਰੀ ਸੰਮੇਲਨ ਕਰਨਾ ਕਿਉਂ ਜ਼ਰੂਰੀ ਸੀ ? ਕੀ ਇਹ ਕਿਸੇ ਹੋਰ ਸ਼ਹਿਰ 'ਚ ਨਹੀਂ ਸੀ ਹੋ ਸਕਦਾ ? ਜਾਂ ਇਸ ਸੰਮੇਲਨ 'ਚ ਭਾਜਪਾ, ਤੇ ਕਾਂਗਰਸੀ ਹਿੰਦੂ ਆਗੂਆਂ ਤੋਂ ਭੜਕਾਊ ਭਾਸ਼ਣ ਦਿਵਾਉਣੇ ਕਿੰਨੇ ਕੁ ਜ਼ਰੂਰੀ ਸਨ ? ਅਸਲ ਵਿਚ ਇਹ ਇਕ ਸਿੱਖ ਵਿਰੋਧੀ ਸਾਜ਼ਿਸ਼ ਸੀ, ਜੋ ਹੁਣ ਤਾਈਂ ਪ੍ਰਤੱਖ ਰੂਪ ਵਿਚ ਸਭ ਦੇ ਸਾਹਮਣੇ ਹੈ। ਗੱਲ ਅਜੇ ਮੁਕੀ ਨਹੀਂ, ਮਾਹੌਲ ਉਹੀ ਹੈ ਤੇ ਸਿੱਖ ਪੰਥ ਤੇ ਪੰਜਾਬ ਨੂੰ ਉਬਲਦੇ ਪਾਣੀ ਵਿਚ ਇਸ਼ਨਾਨ ਕਰਾਉਣ ਦੀਆਂ ਤਿਆਰੀਆਂ ਵਰਨ ਆਸ਼ਰਮ ਵਲੋਂ ਕਸ ਲਈਆਂ ਜਾਪਦੀਆਂ। ਹਰ ਪਾਸੇ ਆਦਮ ਬੋਅ ਆਦਮ ਬੋਅ ਕਰਦਾ ਮਨੂਵਾਦੀ ਦੈਂਤ ਨਜ਼ਰ ਆ ਰਿਹਾ ਹੈ।

**ਕਾਂਗਰਸ ਤੇ ਬਾਦਲਾਂ ਦਾ ਦੋਗਲਾ ਕਿਰਦਾਰ** : ਹਾਲਾਂਕਿ ਕਾਂਗਰਸ ਦਾ ਨਾਂ ਵੀ ਪੰਜਾਬ ਵਿਚ ਸਭ ਤੋਂ ਦੁਖਾਂਤਕ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲਿਆਂ ਨਾਲ ਜੋੜਿਆ ਜਾਂਦਾ ਹੈ, ਖ਼ਾਸ ਕਰਕੇ ਮਨੁੱਖੀ ਬੰਬ ਧਮਾਕੇ ਵਿਚ ਉਡਾਏ ਗਏ ਬੇਅੰਤ ਸਿੰਘ ਦੀ ਸਰਕਾਰ ਦਾ। ਉਸ ਵੇਲੇ ਕੇਪੀਐਸ ਗਿੱਲ ਸਾਬਕਾ ਡੀਜੀਪੀ ਦੀ ਅਗਵਾਈ ਵਿਚ ਸੁਮੇਧ ਸੈਣੀ, ਇਜਹਾਰ ਆਲਮ ਰਾਹੀਂ ਬਹੁਤ ਸਾਰੇ ਸਿੱਖ ਗੱਭਰੂਆਂ ਨੂੰ ਝੂਠੇ ਪੁਲੀਸ ਮੁਕਾਬਲੇ ਵਿਚ ਮਾਰ ਦਿੱਤਾ ਗਿਆ ਤੇ ਲਾਸ਼ਾਂ ਗਾਇਬ ਕਰ ਦਿੱਤੀਆਂ ਤੇ ਪੰਜਾਬ ਵਿਚ ਨਸਲਕੁਸ਼ੀ ਕਰਾਈ ਗਈ। ਇਸ ਦੇ ਭੇਦ ਮਨੁੱਖੀ ਅਧਿਕਾਰਾਂ ਦੇ ਚੈਂਪੀਅਨ ਅਮਰ ਸ਼ਹੀਦ ਜਸਵੰਤ ਸਿੰਘ ਖਾਲੜਾ ਨੇ ਖੋਲ੍ਹੇ। ਪਰ ਉਸ ਨੂੰ ਵੀ ਖਤਮ ਕਰ ਦਿੱਤਾ ਗਿਆ। ਖਾਲੜਾ ਦੇ ਪਰਿਵਾਰ ਵਾਲੇ ਇਸ ਲਈ ਦੋਸ਼ੀ ਕੇਪੀਐਸ ਗਿੱਲ ਨੂੰ ਠਹਿਰਾਉਂਦੇ ਹਨ। ਕਾਂਗਰਸ ਵਾਲੇ ਹੁਣ ਵੀ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦਾ ਸ਼ਹੀਦ ਸ਼ਹੀਦ ਕਹਿ ਕੇ ਨਾਮ ਜਪ ਰਹੇ ਹਨ, ਪਰ ਉਸ ਸਮੇਂ ਮਨੁੱਖੀ ਅਧਿਕਾਰਾਂ ਦਾ ਬਹੁਤ ਘਾਣ ਹੋਇਆ। ਇਕ ਪਾਸੇ ਕਾਂਗਰਸ ਦੇ ਮਹਾਂਰਥੀ ਮੰਤਰੀ ਤ੍ਰਿਪਤ ਬਾਜਵਾ ਤੇ ਨਵਜੋਤ ਸਿੰਘ ਸਿੱਧੂ ਉੱਚੀਆਂ ਉੱਚੀਆਂ ਬਾਹਾਂ ਕਰਕੇ ਸੁਮੇਧ ਸੈਣੀ ਨੂੰ ਮਨੁੱਖੀ ਅਧਿਕਾਰਾਂ ਤੇ ਸਿੱਖ ਨੌਜਵਾਨਾਂ ਦੇ ਕਤਲਾਂ ਦੇ ਦੋਸ਼ੀ ਮੰਨਦੇ ਹਨ ਤੇ ਦੂਜੇ ਪਾਸੇ ਉਹ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਬਰਸੀ 'ਤੇ ਜਾ ਕੇ ਉਸ ਨੂੰ ਸ਼ਹੀਦ ਕਰਾਰ ਦੇ ਦਿੰਦੇ ਹਨ। ਇਹ ਉਹੀ ਬੇਅੰਤ ਸਿੰਘ ਹੈ, ਜਿਸ ਨੇ ਕੇਪੀਐਸ ਗਿੱਲ, ਸੁਮੇਧ ਸੈਣੀ ਵਰਗੇ ਪੁਲੀਸ ਅਫ਼ਸਰਾਂ ਨੂੰ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਖੁੱਲੀ ਛੁੱਟੀ ਦਿੱਤੀ ਸੀ।

ਇਹ ਦੋਗਲਾ ਕਿਰਦਾਰ ਤੇ ਡਰਾਮੇਬਾਜ਼ੀ ਕਿਉਂ ਖੇਡੀ ਜਾ ਰਹੀ ਹੈ ? : ਬਾਦਲ ਸਰਕਾਰ ਦੌਰਾਨ ਵੀ ਸੁਮੇਧ ਸੈਣੀ ਤੇ ਇਜਹਾਰ ਆਲਮ ਨੂੰ ਅਹਿਮ ਥਾਂਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਜਹਾਰ ਆਲਮ ਨੂੰ ਬਾਦਲ ਦਲ ਦਾ ਜਥੇਦਾਰ ਵੀ ਬਣਾ ਦਿੱਤਾ ਜਾਂਦਾ ਹੈ, ਇਜ਼ਹਾਰ ਆਲਮ ਦੀ ਪਤਨੀ ਨੂੰ ਚੋਣਾਂ ਵਿੱਚ ਅਕਾਲੀ ਦਲ ਦੀ ਟਿਕਟ ਦਿੱਤੀ ਗਈ ਜਦਕਿ ਸੁਮੇਧ ਸੈਣੀ ਨੂੰ ਸੂਬੇ ਦੇ ਪੁਲਿਸ ਮੁਖੀ ਵਜੋਂ ਡੀਜੀਪੀ ਦਾ ਅਹੁਦਾ ਸੌਂਪਿਆ ਗਿਆ ਸੀ। ਸੈਣੀ 'ਤੇ ਮਨੁੱਖੀ ਅਧਿਕਾਰ ਸੰਗਠਨਾਂ ਵਲੋਂ ਦੋਸ਼ ਇਹ ਵੀ ਹਨ ਕਿ ਉਸ ਨੇ ਕੈਟ ਸੈਨਾਵਾਂ ਵੀ ਬਣਾਈਆਂ। ਸੁਮੇਧ ਸੈਣੀ ਦੇ ਦੋਸ਼ ਇਹ ਵੀ ਹੈ ਕਿ ਉਸ ਨੇ ਨਿਹੰਗ ਪੂਹਲੇ ਨੂੰ ਪਾਲਿਆ, ਜਿਸ ਨੇ ਸਿੱਖ ਪਰਿਵਾਰ ਦੀਆਂ ਛੋਟੀਆਂ ਛੋਟੀਆਂ ਬੱਚੀਆਂ ਨਾਲ ਬਲਾਤਕਾਰ ਕੀਤੇ, ਬਾਅਦ ਵਿਚ ਉਬਾਲ ਕੇ ਉਹਨਾਂ ਦਾ ਮਾਸ ਖਾ ਲਿਆ ਗਿਆ। ਇਹ ਗੱਲਾਂ ਕਈ ਅਖ਼ਬਾਰਾਂ ਤੇ ਪੁਸਤਕਾਂ ਵਿਚ ਛੱਪ ਚੁੱਕੀਆਂ ਹਨ। ਬਾਦਲ ਦੇ ਰਾਜ ਦੌਰਾਨ ਕਈ ਵਾਰ ਮੰਗ ਕੀਤੀ ਗਈ ਕਿ ਮਨੁੱਖੀ ਅਧਿਕਾਰਾਂ ਬਾਰੇ ਕਮਿਸ਼ਨ ਸਥਾਪਤ ਕੀਤਾ ਜਾਵੇ ਤਾਂ ਜੋ ਲੋਕ ਜਾਣ ਸਕਣ ਕਿ ਪੰਜਾਬ ਵਿਚ ਕਤਲ ਕਿਵੇਂ ਹੋਏ ਤੇ ਦੋਸ਼ੀ ਕੌਣ ਹਨ ? ਸਰਕਾਰ, ਪੁਲੀਸ ਜਾਂ ਖਾੜਕੂ। ਬਾਦਲ ਸਰਕਾਰ ਇਸ ਤੋਂ ਵੀ ਭੱਜੀ, ਕਾਂਗਰਸ ਤੋਂ ਤਾਂ ਉਮੀਦ ਹੀ ਨਹੀਂ ਕੀਤੀ ਜਾ ਸਕਦੀ ਸੀ।

ਜੋ ਹੁਣ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਵਰਤਾਰਾ ਦਿਖਾਈ ਦੇ ਰਿਹਾ ਹੈ, ਉਸ ਵਿਚ ਕਾਂਗਰਸ ਸਰਕਾਰ ਦੀ ਸੁਹਿਰਦਤਾ ਕਿਤੇ ਵੀ ਦਿਖਾਈ ਨਹੀਂ ਦੇ ਰਹੀ। ਹੈਰਾਨੀ ਤਾਂ ਇਸ ਗੱਲ ਦੀ ਹੁੰਦੀ ਹੈ ਕਿ ਉਹੀ ਕਾਂਗਰਸ ਪੰਜਾਬ ਵਿਧਾਨ ਸਭਾ ਵਿੱਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਬਹਿਸ ਦੌਰਾਨ 28 ਅਗਸਤ ਦੇ ਦਿਨ ਮਨੁੱਖੀ ਅਧਿਕਾਰਾਂ ਅਤੇ ਪੰਥਕ ਕਦਰਾਂ ਕੀਮਤਾਂ ਦੇ ਰੱਖਿਅਕ ਵਜੋਂ ਉਭਰਦੀ ਪ੍ਰਤੀਤ ਹੁੰਦੀ ਹੈ। ਪਰ ਇਹ ਇਤਿਹਾਸਕ ਸੱਚ ਨਹੀਂ ਹੈ।

**ਸੁਖਬੀਰ ਦੀ ਗ਼ੈਰ ਸਿਆਸੀ ਪਹੁੰਚ** : ਸੁਖਬੀਰ ਬਾਦਲ ਨੇ ਇਸ ਤਰਕ ਦੇ ਆਧਾਰ 'ਤੇ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਬਹਿਸ ਦਾ ਬਾਈਕਾਟ ਕਰਨ ਦਾ ਫ਼ੈਸਲਾ ਇਸ ਲਈ ਕੀਤਾ ਤਾਂ ਜੋ ਇਸ ਧਰਮ ਸੰਕਟ ਵਿਚੋਂ ਨਿਕਲਿਆ ਜਾ ਸਕੇ। ਬਹਾਨਾ ਇਹ ਘੜਿਆ ਗਿਆ ਕਿ ਦੋ ਘੰਟਿਆਂ ਵਿੱਚ ਅਕਾਲੀ ਦਲ ਨੂੰ ਬੋਲਣ ਲਈ ਕੇਵਲ 14 ਮਿੰਟਾਂ ਦਾ ਸਮਾਂ ਦਿੱਤਾ ਗਿਆ। ਹਾਲਾਂਕਿ ਵਿਧਾਨ ਸਭਾ ਦੇ ਸਪੀਕਰ ਰਾਣਾ ਕੇਪੀ ਸਿੰਘ ਨੇ ਦੁਹਰਾਇਆ ਕਿ ਸਮਾਂ ਸੀਮਾ ਕੋਈ ਮੁੱਦਾ ਨਹੀਂ ਹੈ ਇਸ ਨੂੰ ਵਧਾਇਆ ਜਾ ਸਕਦਾ ਹੈ। ਪਰ ਸੁਖਬੀਰ ਇਸ ਬਹਿਸ ਤੋਂ ਬਚਣਾ ਚਾਹੁੰਦੇ ਸਨ ਤੇ ਉਹਨਾਂ ਦੀ ਇਸ ਬਾਰੇ ਘੜੀ ਇਹ ਰਣਨੀਤੀ ਬਾਦਲ ਦਲ 'ਤੇ ਹੀ ਪੁੱਠੀ ਪੈ ਗਈ। ਕਈ ਸੀਨੀਅਰ ਅਕਾਲੀ ਆਗੂਆਂ ਬਲਵਿੰਦਰ ਸਿੰਘ ਭੂੰਦੜ, ਸੁਖਦੇਵ ਸਿੰਘ ਢੀਂਡਸਾ ਨੇ ਇਸ ਬਾਈਕਾਟ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਸੁਖਬੀਰ ਬਾਦਲ ਇੱਕ ਪਾਸੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਪੰਥਕ ਸੰਕਟ ਵਿਚ ਫਸੇ ਹੋਏ ਹਨ, ਪੰਚਾਇਤੀ ਚੋਣਾਂ ਸਿਰ ਉੱਤੇ ਆ ਗਈਆਂ ਹਨ ਅਤੇ ਲੋਕ ਸਭਾ ਚੋਣਾਂ ਵੀ ਜਲਦੀ ਆ ਰਹੀਆਂ ਹਨ, ਪਰ ਹਾਲੇ ਤੱਕ ਸੁਖਬੀਰ ਪੰਥਕ ਹਲਕਿਆਂ ਨੂੰ ਸ਼ਾਂਤ ਕਰਨ ਦੇ ਲਈ ਕੋਈ ਯੋਗ ਨੀਤੀ ਨਹੀਂ ਸਿਰਜ ਸਕੇ। ਜਸਟਿਸ ਰਣਜੀਤ ਸਿੰਘ ਕਮਿਸ਼ਨ ਪੜਤਾਲੀਆ ਰਿਪੋਰਟ ਹਾਲੇ ਤੱਕ ਅਕਾਲੀ ਆਗੂਆਂ ਦੀ ਸਿਰਦਰਦੀ ਬਣੀ ਹੋਈ ਹੈ। ਪੰਥਕ ਆਗੂਆਂ ਨੂੰ ਆਈਐਸਆਈ ਦਾ ਏਜੰਟ ਕਹਿ ਕੇ ਤੇ ਪੁਤਲੇ ਫੂਕ ਕੇ ਉਹ ਬਾਦਲ ਦਲ ਦੀ ਸਥਿਤੀ ਹੋਰ ਕਮਜ਼ੋਰ ਕਰ ਰਹੇ ਹਨ। ਹੁਣ ਸੁਖਬੀਰ ਨੇ ਬੀਤੇ ਦਿਨ ਜ਼ਮੀਨੀ ਪੱਧਰ 'ਤੇ ਟਕਸਾਲੀ ਅਕਾਲੀ ਆਗੂਆਂ, ਵਰਕਰਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਰਗਰਮ ਕਰਨ ਲਈ ਇਕ 7 ਮੈਂਬਰੀ ਕਮੇਟੀ ਬਣਾਈ ਹੈ। ਕਮੇਟੀ ਦੀ ਅਗਵਾਈ ਪਾਰਟੀ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਕਰਨਗੇ। ਕਮੇਟੀ ਦੇ ਬਾਕੀ ਮੈਂਬਰਾਂ ਵਿਚ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਬਲਵਿੰਦਰ ਸਿੰਘ ਭੂੰਦੜ, ਸੇਵਾ ਸਿੰਘ ਸੇਖਵਾਂ, ਚਰਨਜੀਤ ਸਿੰਘ ਅਟਵਾਲ, ਤੋਤਾ ਸਿੰਘ ਤੇ ਬੀਬੀ ਜਗੀਰ ਕੌਰ ਸ਼ਾਮਲ ਹਨ। ਅਜਿਹਾ ਇਸ ਲਈ ਕੀਤਾ ਗਿਆ ਹੈ ਤਾਂ ਜੋ ਪਾਰਟੀ ਵਿਚ ਉਹਨਾਂ ਪ੍ਰਤੀ ਜੋ ਅਕਾਲੀਆਂ ਦੀ ਨਰਾਜ਼ਗੀ ਹੈ, ਨੂੰ ਦੂਰ ਕੀਤਾ ਜਾ ਸਕੇ।

**ਕੀ ਹੈ ਮਾਮਲਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ** : ਦੱਸਣਯੋਗ ਹੈ ਕਿ ਪਿੰਡ ਜਵਾਹਰ ਸਿੰਘ ਵਾਲਾ ਵਿਚ 1 ਜੂਨ 2015 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਗਾਇਬ ਹੋਇਆ ਸੀ। ਉਸੇ ਸਾਲ ਅਕਤੂਬਰ ਵਿਚ ਬਰਗਾੜੀ ਦੀਆਂ ਸੜਕਾਂ 'ਤੇ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿਲਰੇ ਹੋਏ ਮਿਲੇ ਸਨ। ਉਸ ਵੇਲੇ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ ਸੀ। ਘਟਨਾ ਖ਼ਿਲਾਫ਼ ਰੋਸ ਮੁਜ਼ਾਹਰੇ ਹੋਏ ਅਤੇ ਪਹਿਲਾ ਧਰਨਾ ਕੋਟਕਪੂਰਾ ਲੱਗਿਆ। ਮੁਜ਼ਾਹਰੇ ਦੇ ਦੂਜੇ ਦਿਨ ਪੁਲਿਸ ਵੱਲੋਂ ਮੁਜ਼ਾਹਰਾਕਾਰੀਆਂ ਨੂੰ ਖਦੇੜਨ ਲਈ ਫਾਇਰਿੰਗ ਕੀਤੀ ਗਈ ਸੀ। ਪ੍ਰਦਰਸ਼ਨਕਾਰੀ ਕੋਟਕਪੂਰਾ-ਬਠਿੰਡਾ ਰੋਡ 'ਤੇ ਬਰਗਾੜੀ ਨੇੜੇ ਪੈਂਦੇ ਬਹਿਬਲ ਕਲਾਂ ਪਿੰਡ ਆ ਗਏ। ਪੁਲਿਸ ਵੱਲੋਂ ਕੀਤੀ ਫਾਇਰਿੰਗ ਵਿਚ ਦੋ ਪ੍ਰਦਰਸ਼ਨਕਾਰੀਆਂ ਦੀ ਜਾਨ ਚਲੀ ਗਈ ਸੀ। ਪ੍ਰਕਾਸ਼ ਸਿੰਘ ਬਾਦਲ ਵੱਲੋਂ ਬਣਾਏ ਜ਼ੋਰਾ ਸਿੰਘ ਕਮਿਸ਼ਨ ਤੇ ਕੈਪਟਨ ਸਰਕਾਰ ਵੱਲੋਂ

ਬਾਕੀ ਸਫ਼ਾ 32 'ਤੇ

FREMONT GURDWARA SAHIB

# GURDWARA SAHIB FREMONT SPORTS ACADEMY

## PROUDLY PRESENTS



**Basketball, soccer and volleyball training and recruitment for Sikh youth**

**Participants Age Group**

Group 1 - 8-12 years

Group 2 - 12-14 years

Group 3 - 14-17 years






**Sports do not build character.**
**They reveal it.**

Registration start already from
**09/02/2108**
It's open for 4 weeks untill
**09/23/2018**





# GSF SPORTS ACADEMY

**Registration starts September 2nd, 2018**
**Registration Fees: $20**

**For more details contact:**

Kamaljit Singh Longia - 5102098652
Tejpal Singh - 5103868297
Kamaljit Singh - 5104914796
Kanwaljit Singh - 5105987345

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

ਵਿਚ ਦੁਨੀਆ ਸੇਵ ਕਮਾਈਏ, ਤਾਂ ਦਰਗਾਹ ਬੈਸਣ ਪਾਈਏ ॥

# ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਲੈਥਰੋਪ ਸਿਟੀ ਸੰਗਤ ਵੱਲੋਂ



ਆਰੰਭ ਸ੍ਰੀ ਅਖੰਡ ਪਾਠ ਸਾਹਿਬ 14 ਸਤੰਬਰ
ਦਿਨ ਸ਼ੁੱਕਰਵਾਰ ਸਵੇਰੇ 9:30 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ 16 ਸਤੰਬਰ
ਦਿਨ ਐਤਵਾਰ ਸਵੇਰੇ 9: 30 ਵਜੇ

ੴ ਸਤਿਗੁਰ ਪ੍ਰਸਾਦਿ ॥
ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ
ਗੁਰੂ ਪਿਆਰੀ ਸਾਧ ਸੰਗਤ ਜੀ,
ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਲੈਥਰੋਪ ਸ਼ਹਿਰ ਦੀ ਸੰਗਤ ਵੱਲੋਂ ਮਨੁੱਖਤਾ ਦੇ ਭਲੇ ਵਾਸਤੇ ਸ੍ਰੀ ਅਖੰਡ ਪਾਠ ਸਾਹਿਬ ਹਰ ਸਾਲ ਕਰਵਾਏ ਜਾਂਦੇ ਹਨ। ਉਹ ਇਸ ਸਤੰਬਰ ਮਹੀਨੇ ਵਿਚ ਗਦਰੀ ਬਾਬਿਆਂ ਦੇ ਇਤਿਹਾਸਕ ਸਥਾਨ ਗੁਰੂ ਘਰ ਸਟਾਕਟਨ ਵਿਖੇ ਕਰਵਾਏ ਜਾ ਰਹੇ ਹਨ, ਆਪ ਜੀ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

**Sikh Temple Stockton, 1930**
**Sikh Temple St. Stockton, CA 95206**
ਆਰੰਭਤਾ ਸ੍ਰੀ ਅਖੰਡ ਪਾਠ ਸਾਹਿਬ 14 ਸਤੰਬਰ ਦਿਨ ਸ਼ੁੱਕਰਵਾਰ ਸਵੇਰੇ 9:30 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ 16 ਸਤੰਬਰ ਦਿਨ ਐਤਵਾਰ ਸਵੇਰੇ 9:30 ਵਜੇ




## ਹੋਰ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

| | | | | |
|---|---|---|---|---|
| ਦਲਜੀਤ ਸਿੰਘ ਗੁਰਾਇਆ | ਬਲਜਿੰਦਰ ਸਿੰਘ ਮੱਲ੍ਹੀ | ਪਰਮਪ੍ਰੀਤ ਸਿੰਘ ਨਿੱਝਰ ਵਾਈਸ ਖਜ਼ਾਨਚੀ | ਸਨੀ ਧਾਲੀਵਾਲ ਮੇਅਰ ਸਿਟੀ ਆਫ਼ ਲੈਥਰੋਪ | ਕਰਨੈਲ ਸਿੰਘ ਬਰਾੜ ਮੈਂਬਰ ਗੁਰੂਘਰ ਕਮੇਟੀ |
| 408-375-0152 | 209-331-3389 | 510-377-5320 | 209-670-4053 | 209-676-9188 |

ਵਲੋਂ : ਰਣਜੀਤ ਸਿੰਘ ਮਾਂਗਟ, ਮੋਬਾਇਲ :408-355-5700


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


Nargis Fakhri
Rajkummar Rao
with Academy Award® Nominee Candy Clark
and Golden Globe Nominee Bo Derek
5 WEDDINGS
A FILM BY NAMRATA SINGH GUJRAL
The Only Journey is the One Within
IN THEATERS SEPTEMBER 21ST


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300

ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥ ਵਿਰਲੇ ਕੇਈ ਪਾਈਅਨਿ ਜਿੰਨ੍ਹਾ ਪਿਆਰੇ ਨੇਹ ॥

# ਆਗਮਨ ਪੁਰਬ ਬਾਬਾ ਸ਼ੇਖ ਫਰੀਦ ਜੀ

## 21 ਤੋਂ 23 ਸਤੰਬਰ 2018 ਤੱਕ

ਗੁਰੂ ਪਿਆਰੀ ਸਾਧ ਸੰਗਤ ਜੀਓ,
ਆਪ ਸਭ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਫਰੀਦਕੋਟ ਅਤੇ ਆਸ ਪਾਸ ਦੇ
ਇਲਕਾ ਨਿਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ
**ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫਰੀਦ ਜੀ**
ਦਾ ਆਗਮਨ ਪੁਰਬ ਹਰ ਸਾਲ ਦੀ ਤਰ੍ਹਾਂ
**ਗੁਰਦੁਆਰਾ ਸਾਹਿਬ ਫਰੀਮਾਂਟ, 300 ਗੁਰਦੁਆਰਾ ਰੋਡ,**
**ਫਰੀਮਾਂਟ (ਕੈਲੀਫੋਰਨੀਆ) 94536, ਫੋਨ (510) 790-0177**
ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।



ਬਾਬਾ ਸ਼ੇਖ ਫਰੀਦ ਉਦ-ਦੀਨ ਮਸੂਦ ਗੰਜ-ਏ-ਸ਼ੱਕਰ ਜੀ

## ਪ੍ਰੋਗਰਾਮ ਦਾ ਵੇਰਵਾ

**ਆਰੰਭ ਸ੍ਰੀ ਆਖੰਡ ਪਾਠ ਸਾਹਿਬ** : 21 ਸਤੰਬਰ 2018 ਦਿਨ ਸ਼ੁੱਕਰਵਾਰ, ਸਵੇਰੇ 10:00 ਵਜੇ
**ਭੋਗ ਸ੍ਰੀ ਆਖੰਡ ਪਾਠ ਸਾਹਿਬ** : 23 ਸਤੰਬਰ 2018 ਦਿਨ ਐਤਵਾਰ, ਸਵੇਰੇ 10.00 ਵਜੇ
ਉਪਰੰਤ ਪੰਥ ਪ੍ਰਸਿਧ ਰਾਗੀ ਜਥਿਆਂ ਵਲੋਂ ਕੀਰਤਨ ਅਤੇ ਬਾਬਾ ਫਰੀਦ ਜੀ ਦੇ ਜੀਵਨ ਅਤੇ ਮਿਸ਼ਨ ਬਾਰੇ ਦੱਸਿਆ ਜਾਵੇਗਾ।

*ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਸਨਿਮਰ ਬੇਨਤੀ ਹੈ ਕਿ ਇਸ ਮਹਾਨ ਸਮਾਗਮ ਵਿਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।*

ਵਧੇਰੇ ਜਾਣਕਾਰੀ ਲੈਣ ਲਈ ਸੰਪਰਕ ਕਰੋ : ਡਾ. ਹਰਮਿੰਦਰ ਸਿੰਘ ਗਿੱਲ ਬਰਗਾੜੀ 408-368-2143, ਸਤਪਾਲ ਸਿੰਘ ਢਿੱਲਵਾਂ ਕਲਾਂ 510-952-6702
ਤਰਸੇਮ ਭਲਵਾਨ ਫਰੀਦਕੋਟ 510-258-9266, ਜਸਵੀਰ ਸਿੰਘ ਫਰੀਦਕੋਟ 510-303-8789 ਅਤੇ ਕਮਲ ਸਿੱਧੂ ਦੌਧਰ 510-717-9555

**ਵਲੋਂ : ਫਰੀਦਕੋਟ ਇਲਾਕਾ ਨਿਵਾਸੀ ਅਤੇ ਸਮੂਹ ਸਾਧ ਸੰਗਤ**

ਵੈਬਸਾਈਟ www.babafarid.net


## Chicago's Pizza
**With a twist**

# FOR SALE

- Great business opportunity available in the Livermore area.
- Many varieties of Indian fusion pizza as well as pasta, wings, salads, etc.
- Business has been profitable for the sellers.
- Situated in a great location, off of 580.




ਲਿਵਰਮੋਰ ਸ਼ਹਿਰ ਵਿੱਚ ਸ਼ਿਕਾਗੋ ਪੀਜ਼ਾ ਸਟੋਰ ਵਿਕਾਊ ਹੈ।

Bhupinder Singh Dev
realtor92@yahoo.com
BRE# 01130627
510-459-7537

RE/MAX Active Realty



ਹੋਰ ਜਾਣਕਾਰੀ ਲਈ ਸੰਪਰਕ ਕਰੋ
ਸ. ਭੁਪਿੰਦਰ ਸਿੰਘ: 510-459-7537



## ਅਮਰੀਕਾ ਵਿਚ ਇੰਡੀਅਨ ਗਰੋਸਰੀ ਦੇ ਨੰਬਰ ਵਨ 1

MDH · SHAH · mazza · ASHOKA

# ਹੋਲਸੇਲਰ




ਅਸੀਂ ਇੰਡੀਅਨ ਸਟੋਰਸ, ਰੈਸਟੋਰੈਂਟਸ, ਹੋਟਲ ਅਤੇ ਕੇਟਰਿੰਗ ਨੂੰ
ਇੰਡੀਅਨ ਗਰੋਸਰੀ, ਬਰਤਨ, ਦਾਲਾਂ, ਰਾਈਸ,
ਸਪਾਈਸਿਜ਼ ਅਤੇ ਔਰਗੈਨਿਕ ਫੂਡ ਸਪਲਾਈ ਕਰਦੇ ਹਾਂ

Kulwant Singh (Shah)
**Punjab Trading Inc**
4710 B ST NW #103 Auburn, WA 98001
**Phone:206-778-1823**
shahbrands@gmail.com


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com


UNITED SPORTS CLUB CALIFORNIA, AMERICA
14TH WORLD KABADDI CUP
16 SEPTEMBER 2018, SUNDAY
(09:00am - 06pm)
(James Logan High School
1800 H Street, Union City, California 94587)
Amolak Singh Gakhal
Chief Patron, United Sports Club
Chief Guest
Sant Sewa Singh Ji Khadoor Sahib Wale
Makhan Singh Bains Chairman
Iqbal Singh Gakhal Vice Chairman
Balvir Singh Bhatia President
Palwinder Singh Gakhal Director
Jugraj Singh Sahota Vice President
S. Ashok Bhaura Gen. Sec & Media Incharge
Pinki Atwal Director
Sadhu Singh Khlaur Advisor
Narinder Singh Sahota Treasurer
Makhan Singh Dhaliwal Director
ਤੀਰਥ ਗਾਖਲ ਰੰਗ ਕਬੱਡੀ ਦੇ
Dalwinder Padda Director
Natha Singh Gakhal Advisor
Debi Sohal Sidhwan Dona Director
Inderjit Thind
Bakhtawar Singh Gakhal Director
Gurpreet Singh Gakhal Director
Honor With Gold Medals
Major Gakhal
Kindu Ramidi
Lakha Gazipuria
Opening
Surjit Singh Tutt
Mike Boparai
Jaspreet Singh Attorney
Major Singh Bains
Hardaman Singh (Billa Sangbera)
Sponsor of 1st Prize
Gulwinder Gakhal, Pinki Atwal & Neki Atwal of Diamond Trucking
Sponsor of 2nd Prize
Jugraj Singh Sahota & Narinder Singh Sahota of Sahota Family
(Dedicated to Sweet Memory of Late. Kashmir Singh Sahota)
Sponsor of Under-25 First Prize
Sponsored byTakhar faimly in memory of late santokh s Takhar Apna punjab& Northern California club
Guest Of Honor
Jagir Singh Sabzi Mandi
Mani Grewal
Tarlochan S Lasher (Team Owner)
Shaba Thiara (Team Owner)
Baljit S sandhu (Team Owner)
Vicky Sammipuria (Team Owner)
Tari (Team Owner)
Pamna Deol (Team Owner)
Sewa Singh Randhawa (Team Owner)
Kulwant Singh Nijjar
Kulwant Singh Khaira
Randhir Singh Nijjar
Balwinder S Virk
Rana Dhillon
Sewa S Sidhu
Amarjit Samra
Sarabjit Deol
Dr. Baljinder Singh Grewal
Balwinder walia
Jaswant singh Hothi
Gurdip Singh Gakhal
Nirmal Singh Sahota
StarKabaddi Players who will participate in World Kabaddi Cup
Mangi Bagga Pind
Pala Jalalpur
Sandip Ludhar
Sukha Bhandal
Dulla Bagga Pind
Khushi Duggan
Pehlwan Kahlwan
Kamal Nawan Pind
Yaad Kotli
Rubi Harkhowal
Jairo
Arsh Chohla
Arshi Preetam
Yadha Surkhpur
Channa Bhetan
Lakha Cheema
Pali Chhanna
Gurlal Ghanaur
Sultan
Sandeep Surkhpur
Deesha Aalowal
Gagan Jogewal
Bana Dhaliwal
Sattu Khadoor Sahib
Hasoos
Sandeep Nangal Ambian
Taja Kala Sanghian
Gurpreet Burj Hari
Johny Gill
Daljit Saunspur
Sethi Harkhowal
Jagga Randhawa
Navi Johal
Kabaddi Clubs will participate
1. Sher-E-Punjab Sports Club, Loss Bennis (Lachhar Bro)
2. Royal Kings U.S.A (Shabba Thiara)
3. Mid West Kabaddi team (Viky Samipuria & Tari)
4. Bay Area Sports Club (Baljit Sandhu)
5. Canada Kabaddi Team (Pamma Deol & Sewa Singh Randhawa)
Under-25 Teams
1. United Sports Club
2. Yuba Brothers
3 Khalsa Sports Club, Yuba City
4. Shaheed Baba Deep Singh Sports Club, SA
With Support of United Sports Club, Raja Sweets, Gurdwara Fremont, San Jose, Stockton and Singh Sabha Milpitas will served tea Pakoura and Guru Ke Langar
Media In charge World Kabaddi Cup
S. Ashok Bhaura
Phone: 510 415 3315, Email: ashokbhaura@gmail.com
COMENTATORS
* Asha Sharma *Iqbal Galib
* Makhan Ali *Surjit Kakrari
All Kabaddi Lovers openly Inivited
Spectators have to reach at James Logan High School, International Law of Kabaddi will apply., United Sports Club has reserve the right for last decisions




PER GALLON ON DIESEL






## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers
TA TravelCenters of America
Love's Travel Stops & Country Stores

# ਅੱਖੀਂ ਡਿੱਠਾ : ਪੰਜਾਬ ਵਿਧਾਨ ਸਭਾ ਦੀ ਬਹਿਸ ਵਿਚ ਬਾਦਲਾਂ ਦਾ ਕੂੜ ਬੇਪਰਦ ਹੋਇਆ

**ਸ. ਜਸਪਾਲ ਸਿੰਘ ਸਿੱਧੂ**
ਯੂਐਨਆਈ. ਦੇ ਸੇਵਾ ਮੁਕਤ ਸੀਨੀਅਰ ਪੱਤਰਕਾਰ
(991-75891-23982)



ਹਾਲ ਹੀ ਬਣੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਤੇ ਮਸ਼ਹੂਰ ਕ੍ਰਿਕਟਰ ਇਮਰਾਨ ਖਾਨ ਏਸ਼ੀਆਈ ਮੁਲਕਾਂ ਦੇ ਸਿਆਸਤਦਾਨਾਂ ਨੂੰ ਦੋ ਹਿੱਸਿਆਂ ਵਿਚ ਵੰਡਦਾ ਹੈ। ਇਕ ਤਾਂ ਉਹ ਹਨ ਜਿਨ੍ਹਾਂ ਲਈ ਸਿਆਸਤ 'ਮਿਸ਼ਨ' ਹੁੰਦੀ ਹੈ ਤੇ ਉਹ ਆਪਣੇ ਲੋਕਾਂ ਦੀ ਹਰ ਪੱਧਰ ਤੇ ਬੇਹਤਰੀ ਲੋਚਦੇ ਹੋਏ ਨਿਸ਼ਕਾਮ ਜੱਦੋਜਹਿਦ ਕਰਦੇ ਹਨ। ਦੂਜੀ ਕਿਸਮ ਸੌਦਾਗਰ ਸਿਆਸਤਦਾਨਾਂ ਦੀ ਹੈ ਜਿਨ੍ਹਾਂ ਲਈ ਰਾਜਨੀਤੀ ਇਕ ਵਪਾਰ ਹੈ ਜਿਸ ਰਾਹੀਂ ਉਹ ਆਪਣੀਆਂ ਪਰਿਵਾਰਕ ਤਿਜੋਰੀਆਂ ਭਰਦੇ ਹਨ ਅਤੇ ਲੋਕ-ਸਿਆਸਤ ਦਾ ਢੋਂਗ ਰਚਦੇ ਹੋਏ ਆਪਣੇ ਹਿਤਾਂ ਲਈ ਅੰਦਰਖਾਤੇ ਘਟੀਆ ਤੋਂ ਘਟੀਆ ਅਨੈਤਿਕ ਸਮਝੌਤੇ ਕਰਦੇ ਹਨ। ਬਾਦਲ ਦੂਜੀ ਕਿਸਮ ਦੇ ਸਿਆਸਤਦਾਨ ਹਨ।

ਲੰਘੇ ਦਿਨੀਂ ਪੰਜਾਬ ਅਸੈਂਬਲੀ ਵਿਚ ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਪੜਤਾਲ ਲਈ ਬਣੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਵਿਧਾਨ ਸਭਾ ਦੇ ਤਕਰੀਬਨ ਛੇ ਸੌ ਪੰਨਿਆਂ ਦੇ ਲੇਖੇ ਉਤੇ ਭਰਵੀਂ ਬਹਿਸ ਹੋਈ। ਅੱਠ ਘੰਟੇ ਚੱਲੀ ਬਹਿਸ ਟੀ.ਵੀ. ਉਤੇ ਨਾਲੋ-ਨਾਲ ਵਿਖਾਈ ਗਈ। ਤੀਜੇ ਦਰਜੇ ਦਾ 13 ਵਿਧਾਇਕਾਂ ਵਾਲਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਤਾਂ ਸ਼ੁਰੂ ਵਿਚ ਹੀ ਬਹਾਨਾ ਬਣਾ ਕੇ ਵਿਧਾਨ ਸਭਾ ਦੇ ਵਿਚਾਰ ਅਖਾੜੇ ਤੋਂ ਬਾਹਰ ਚਲਾ ਗਿਆ ਸੀ ਅਤੇ ਬਾਹਰ ਮਜਮਾ ਲਾ ਕੇ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਪੁਰਾਣੀ ਰਾਜ ਸੱਤਾ ਵਾਲੇ ਦਮਗਜੇ ਮਾਰਦੇ ਰਹੇ। ਪਰ ਜੋ ਕੁਝ ਆਮ ਆਦਮੀ ਪਾਰਟੀ ਅਤੇ ਕਾਂਗਰਸ ਵਾਲਿਆਂ ਨੇ ਵਿਧਾਨ ਸਭਾ ਵਿੱਚ ਬਾਦਲਾਂ ਦੀਆਂ ਕਰਤੂਤਾਂ ਦਾ ਕੱਚਾ ਚਿੱਠਾ ਨਸ਼ਰ ਕਰਕੇ ਉਨ੍ਹਾਂ ਨੂੰ ਲੋਕਾਂ ਦੀ ਪਰ੍ਹੇ ਵਿਚ ਨੰਗਾ ਕਰ ਦਿੱਤਾ, ਉਹੋ ਜਿਹਾ ਕੁਕਰਮਾਂ ਦਾ ਕੱਚਾ ਚਿੱਠਾ ਸ਼ਾਇਦ ਹੀ ਇਸ ਤੋਂ ਪਹਿਲਾਂ ਅਜਿਹੇ ਅਦਾਰੇ ਵਿਚ ਪੇਸ਼ ਕੀਤਾ ਗਿਆ ਹੋਵੇ। ਹਰ ਭਾਸ਼ਣ ਵਿਧਾਨ ਸਭਾ ਵਿਚ ਦਰਜ਼ ਹੋਇਆ ਅਤੇ ਸਪੀਕਰ ਨੇ ਬਣਦੀ ਹੋਈ ਕਾਂਟ ਛਾਂਟ ਤੋਂ ਵੀ ਗੁਰੇਜ਼ ਕੀਤਾ। ਮੁੱਖ ਤੌਰ 'ਤੇ ਬਾਦਲਾਂ ਦੀ ਸਿਆਸਤ ਵਿਸਾਖੀ 1978 ਸਿੱਖ ਨਿਰੰਕਾਰੀ ਘਟਨਾ ਤੋਂ ਸ਼ੁਰੂ ਕਰਦਿਆਂ, ਬਾਦਲ ਪਰਿਵਾਰ ਅਤੇ ਉਨ੍ਹਾਂ ਦੀ ਸਿਆਸਤ ਦੇ ਲੰਬੇ ਸਮਾ ਹਿੱਸਾ ਰਹੇ, ਮੌਜੂਦਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਉਸ ਸਮੇਂ ਦੇ ਪੁਲਿਸ ਦੇ ਗੁਪਤ ਲੇਖਿਆਂ ਨੂੰ ਨਸ਼ਰ ਕਰਦਿਆਂ ਕਿਹਾ ਕਿ ਪਤਾ ਹੋਣ ਦੇ ਬਾਵਜੂਦ ਕਿ ਅੰਮ੍ਰਿਤਸਰ ਵਿਚ ਹੋ ਰਹੇ ਨਿਰੰਕਾਰੀ ਇਕੱਠ ਕਾਰਨ ਹਿੰਸਾ ਹੋ ਸਕਦੀ ਹੈ, ਪ੍ਰਕਾਸ਼ ਸਿੰਘ ਬਾਦਲ ਨੇ ਇਸ ਇਕੱਠ ਨੂੰ ਰੋਕਿਆ ਨਹੀਂ ਜਿਸ ਨਾਲ ਪੰਜਾਬ ਵਿਚ ਤਿੰਨ ਦਹਾਕੇ ਲੰਮੇ ਖੂਨ ਖਰਾਬੇ ਦੇ ਦੌਰ ਦਾ ਮੁੱਢ ਬੱਝਿਆ। ਮਨਪ੍ਰੀਤ ਬਾਦਲ ਅਨੁਸਾਰ ਉਸਦਾ 'ਤਾਇਆ ਜੀ' ਵੱਡਾ ਬਾਦਲ ਸਿੱਖ-ਹਿੰਦੂ ਪੰਜਾਬੀਆਂ ਨੂੰ ਵੰਡ ਕੇ ਆਪਣੀ ਸਿਆਸਤ ਦੀ ਪਕੜ ਬਣਾਈ ਰੱਖਣਾ ਚਾਹੁੰਦਾ ਸੀ। ਉਂਝ ਜੋ ਗੱਲ ਮਨਪ੍ਰੀਤ ਸਿੰਘ ਬਾਦਲ ਪਰਕਾਸ਼ ਸਿੰਘ ਬਾਦਲ ਬਾਰੇ ਕਹਿ ਰਿਹਾ ਹੈ ਅਸਲ ਵਿਚ ਉਹੀ ਸਮਾਜੀ ਵੰਡ ਪਾ ਕੇ ਵੋਟ ਬੈਂਕ ਕਾਇਮ ਕਰਨ ਦੀ ਕਾਂਗਰਸ ਦੀ ਪਾਲਿਸੀ ਰਹੀ ਹੈ ਜਿਸ ਨੂੰ ਹੁਣ ਮੋਦੀ ਨੇ ਪ੍ਰਚੰਡ ਰੂਪ ਦੇ ਦਿੱਤਾ ਹੈ।

ਨਵਜੋਤ ਸਿੱਧੂ ਨੇ ਸੁਖਬੀਰ ਬਾਦਲ ਨੂੰ 'ਸਿਆਸੀ ਸੁਦਾਗਰ' ਦੀ ਉਪਾਧੀ ਦਿੰਦਿਆਂ ਕਿਹਾ ਕਿ ਉਸਦੀ ਰਾਜਨੀਤੀ ਦਾ ਸਾਰ ਤੱਤ ਹੈ ਕਿ ਉਹ ਦੁਨੀਆਂ ਦਾ ਸਭ ਤੋਂ ਅਮੀਰ ਸਿੱਖ ਬਣਨਾ ਚਾਹੁੰਦਾ ਹੈ ਅਤੇ ਮਾਇਆ ਤਾਂ ਪਾਪਾਂ ਬਾਝੋਂ ਇਕੱਠੀ ਨਹੀਂ ਹੁੰਦੀ ਜਿਸ ਕਰਕੇ ਹਰ ਇਖਲਾਕੀ ਤੇ ਸਿਆਸੀ ਕਾਰਨਾਮੇ ਉਸ ਲਈ ਗਵਾਹ ਹਨ। ਬਹੁਤੇ ਬੁਲਾਰਿਆਂ ਨੇ ਬਾਦਲ ਦਲ ਨੂੰ 'ਸੌਦਾ ਦਲ' ਕਹਿ ਕੇ ਸਰਸੇ ਦੇ ਸੌਦਾ ਸਾਧ ਦਾ ਹਮਸਫਰ ਤੇ ਹਮਜੋਲੀ ਦੱਸਿਆ। ਇਸ ਕਰਕੇ, ਬਾਦਲਾਂ ਦੇ ਨਾਲ-ਨਾਲ ਸੌਦਾ ਸਾਧ ਉਤੇ ਵੀ ਹਮਲੇ ਹੋਏ ਕਿ ਉਹਨੇ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਾ ਕੇ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਈ ਹੈ। 2015 ਵਾਲੀਆਂ ਬਰਗਾੜੀ ਬੇਅਦਬੀ ਦੀਆਂ ਘਟਨਾਵਾਂ ਸੌਦਾ ਸਾਧ ਅਤੇ 'ਸੌਦਾ ਦਲ' ਦੀਆਂ ਵੋਟ ਰਾਜਨੀਤੀ ਨੂੰ ਚਮਕਾਉਣ ਵਾਲੀਆਂ ਸਾਂਝੀਆਂ ਕਾਰਵਾਈਆਂ ਸਨ। ਹੈਰਾਨੀ ਹੈ ਕਿ ਕਮਿਸ਼ਨ ਅਨੁਸਾਰ ਬਾਦਲਾਂ ਦੇ ਰਾਜ ਕਾਲ ਵਿਚ 162 ਧਾਰਮਿਕ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਦਾ ਜ਼ਿਕਰ ਵਿਧਾਨ ਸਭਾ ਵਿਚ ਹੋਇਆ।





ਇਤਿਹਾਸ ਵਿਚ ਪਹਿਲੀ ਵਾਰ ਬਾਦਲਾਂ ਦੇ ਕਬਜ਼ੇ ਥੱਲੇ ਚਲ ਰਹੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਿਰੁੱਧ ਨਿਖੇਧੀ ਦਾ ਮਤਾ ਵਿਧਾਨ ਸਭਾ ਵਿਚ ਪਾਇਆ ਗਿਆ ਕਿ ਉਸ ਨੇ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਇਸ ਅਦਾਰੇ ਵਿਚ ਰੱਖਣ ਤੋਂ ਪਹਿਲਾਂ ਰੱਦ ਕੀਤਾ ਸੀ। ਕਿਸੇ ਵੀ ਹਿੰਦੂ ਕਾਂਗਰਸੀ ਵਿਧਾਇਕਾਂ ਨੇ ਇਸ ਬਹਿਸ ਵਿਚ ਹਿੱਸਾ ਨਹੀਂ ਲਿਆ। ਇਉਂ ਲੱਗ ਰਿਹਾ ਸੀ ਕਿ ਜਿਵੇਂ ਪੰਜਾਬ ਅਸੈਂਬਲੀ ਵਿਚ 'ਸਿੱਖ ਸ਼ੈਸਨ' ਚੱਲ ਰਿਹਾ ਹੋਵੇ। ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਬੁਲੰਦ ਜੈਕਾਰੇ ਪਹਿਲੀ ਵਾਰ ਵਿਧਾਨ ਸਭਾ ਵਿਚ ਗੂੰਜੇ। ਪਹਿਲੀ ਵਾਰ ਕਾਂਗਰਸੀ ਸਿੱਖ ਵਿਧਾਇਕਾਂ ਨੇ ਸਿੱਖਾਂ ਨੂੰ ਕੌਮ ਦੇ ਤੌਰ ਉਤੇ ਸੰਬੋਧਨ ਕਰਦਿਆਂ ਸਿੱਖ ਧਾਰਮਿਕ ਭਾਵਨਾਵਾਂ ਦੀ ਪੁਰਜ਼ੋਰ ਤਰਜਮਾਨੀ ਕੀਤੀ ਜਿਹੜੀ ਕਿ ਕੋਈ ਵੀ ਅਕਾਲੀ ਆਗੂ ਪਿਛਲੇ ਤੀਹ ਚਾਲੀ ਸਾਲਾਂ ਵਿਚ ਇਸ ਵਿਧਾਨ ਸਭਾ ਵਿਚ ਨਹੀਂ ਕਰ ਸਕਿਆ।

ਭਾਵੇਂ ਇਹ ਸਭ ਕਾਂਗਰਸੀ ਆਗੂਆਂ ਵੱਲੋਂ ਵਿਰੋਧੀ ਅਕਾਲੀ ਦਲ ਨੂੰ ਮਸਲ ਦੇਣ ਦੀ ਸਿਆਸਤ ਵਿਚ ਹੋ ਰਿਹਾ ਸੀ ਪਰ ਭਾਰਤੀ ਸੰਵਿਧਾਨ ਤਹਿਤ ਚੁਣੇ ਹੋਏ ਕਾਂਗਰਸੀ ਨੁਮਾਇੰਦਿਆਂ ਵੱਲੋਂ ਸਿੱਖ ਭਾਈਚਾਰੇ ਦੀ ਅੰਤਰੀਵ ਧਾਰਮਿਕ ਅਤੇ ਸਿਆਸੀ ਮੁਹਾਵਰੇ ਵਿਚ ਦਿੱਤੇ ਭਾਵਨਾਤਮਕ ਭਾਸ਼ਣਾਂ ਦਾ ਦਰਜ਼ ਹੋ ਕੇ ਇਤਿਹਾਸਦਾ ਹਿੱਸਾ ਬਣਨਾ 'ਉਲਟੀ ਗੰਗਾ ਵਹਿਣ' ਦੇ ਤੁਲ ਹੈ। ਇਸ ਨਾਲ ਸਿੱਖ ਸਿਆਸੀ ਮੁਹਾਵਰੇ ਦੀ ਚੜ੍ਹਤ ਹੋਈ ਹੈ ਜਿਸਨੂੰ ਅਕਾਲੀ ਦਲ ਦੇ ਭਾਜਪਾ ਨਾਲ ਹੋਏ ਰਾਜਨੀਤਕ ਰਲੇਵੇਂ ਨਾਲ ਕਾਫੀ ਠੇਸ ਲੱਗੀ ਸੀ। ਹੈਰਾਨੀ ਹੈ ਕਿ ਸਭਾ ਵਿਚ ਕਾਂਗਰਸੀ ਅਕਾਲੀ ਲੀਡਰਾਂ ਵਾਲਾ ਰੋਲ ਅਦਾ ਕਰ ਰਹੇ ਸਨ ਅਤੇ ਸਭਾ ਤੋਂ ਬਾਹਰ ਅਕਾਲੀ ਦਾਅਵੇਦਾਰ ਲੀਡਰ ਸੁਖਬੀਰ ਸਿੰਘ ਬਾਦਲ ਵਰਗੇ ਸਿੱਖਾਂ ਦੀਆਂ ਧਾਰਮਿਕ ਕਾਰਵਾਈਆਂ ਨੂੰ ਪਾਕਿਸਤਾਨ ਦੀ ਗੁਪਤ ਏਜੰਸੀ ਆਈ.ਐਸ.ਆਈ ਪ੍ਰੇਰਤ ਕਾਰਨਾਮੇ ਦੱਸ ਰਹੇ ਸਨ। ਹਰ ਸਿੱਖ ਨੂੰ ਨੇੜੇ ਦੇ ਇਤਿਹਾਸ ਦਾ ਪਤਾ ਹੈ ਕਿ ਦੇਸ਼ ਦੀ ਅਜ਼ਾਦੀ ਤੋਂ ਤੁਰੰਤ ਬਾਅਦ ਸਿੱਖਾਂ ਦੀ ਨੁਮਾਇੰਦਾ ਜਮਾਤ, ਅਕਾਲੀ ਦਲ ਦੀ ਕਾਂਗਰਸ ਨਾਲ ਲੜਾਈ ਦੀ ਲਕੀਰ ਖਿੱਚੀ ਜਾ ਚੁੱਕੀ ਸੀ, ਜਿਹੜੀ ਪੰਜਾਬੀ ਸੂਬੇ ਦੀ ਜੱਦੋਜਹਿਦ ਤੋਂ ਸ਼ੁਰੂ ਹੋ ਕੇ ਨਿਰੰਕਾਰੀ ਕਾਂਡ, ਦਰਬਾਰ ਸਾਹਿਬ 'ਤੇ ਫੌਜੀ ਹਮਲੇ, ਨਵੰਬਰ 84 ਦੀ ਸਿੱਖਾਂ ਦੀ ਨਸ਼ਲਕੁਸੀ ਅਤੇ 1990-92 ਤੱਕ ਚੱਲੇ ਸਿੱਖਾਂ ਦੇ ਕਤਲੇਆਮ ਤੱਕ ਹੋਰ ਡੂੰਘੀ ਹੁੰਦੀ ਗਈ ਅਤੇ 1998 ਵਿਚ ਬਾਦਲਾਂ ਦੀ ਸਰਕਾਰ ਨੇ ਇਸ ਵਾਇਦੇ 'ਤੇ ਸੱਤਾ ਸੰਭਾਲੀ ਕਿ ਸਿੱਖ ਨੌਜਵਾਨੀ ਦੇ ਕਤਲਾਂ ਦੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇਗੀ। ਪਰ ਕੁਰਸੀ 'ਤੇ ਬੈਠਦੇ ਹੀ ਬਾਦਲਾਂ ਦੀਆਂ ਅੱਖਾਂ ਫਿਰ ਗਈਆਂ ਸਨ।

ਪੰਜਾਬ ਅਸੈਂਬਲੀ ਵਿਚ ਜਿਥੇ ਕਥਿਤ ਅੱਤਵਾਦੀਆਂ ਵਿਰੁੱਧ ਸਿਕੰਜ਼ਾ ਕਸਣ ਅਤੇ ਪੁਲਿਸ ਦੀ ਬਹਾਦਰੀ ਦਾ ਗੁਣਗਾਨ ਹੁੰਦਾ ਰਿਹਾ ਹੈ, ਉੱਥੇ ਕੱਲ੍ਹ ਪਹਿਲੀ ਵਾਰ, ਪੁਲਿਸ ਵਧੀਕੀਆਂ ਉਤੇ ਚਰਚਾ ਹੋਈ। ਬਾਦਲਾਂ ਦੇ ਚਹੇਤੇ ਸਾਬਕਾ ਪੁਲਿਸ ਮੁਖੀ ਸੁਮੇਧ ਸੈਣੀ ਨੂੰ ਮਾਸੂਮਾਂ ਦੇ ਕਾਤਲ, ਅਣਮਨੁੱਖੀ ਤਸ਼ੱਦਦ ਅਤੇ ਗੈਰ ਇਨਸਾਨੀ ਕਾਰਵਾਈਆਂ ਦਾ ਮੁਜੱਸਮਾ ਕਿਹਾ ਗਿਆ। ਭਾਵੇਂ ਸੈਣੀ ਦਾ ਮਸਲਾ ਅਤੇ ਬਹਿਬਲ ਕਲਾਂ ਵਿਚ ਪੁਲਿਸ ਗੋਲੀ ਵਿਚ ਦੋ ਸਿੱਖ ਨੌਜਵਾਲਾਂ ਦੇ ਕਤਲ ਬਰਗਾੜੀ ਬਅਦਬੀਆਂ ਨਾਲ ਜੁੜਿਆ ਸੀ ਪਰ ਉਸਦੀਆਂ ਕਾਰਵਾਈਆਂ ਨੂੰ ਨੰਗੇ ਕਰਦਿਆਂ ਸਭਾ ਵਿਚ ਕਈ ਵਿਧਾਇਕਾਂ ਨੇ ਸਿੱਖਾਂ ਉਤੇ ਹੋਏ ਲੰਮੇ ਪੁਲਿਸ ਜਬਰ ਦੀ ਕੋਝੀ ਹੂ ਬ ਹੂ ਤਸਵੀਰ ਪੇਸ਼ ਕਰ ਦਿੱਤੀ।

ਸ਼ਾਇਦ ਪਹਿਲੀ ਵਾਰੀ ਅਕਾਲ ਤਖਤ ਦੇ ਜਥੇਦਾਰ ਦਾ ਸਦਨ ਵਿਚ ਇਉਂ ਚੀਰ ਹਰਣ ਹੋਇਆ ਜਿਵੇਂ ਉਹ ਕਿਸੇ ਧਾਰਮਿਕ ਅਸਥਾਨ ਅੰਦਰ ਵੜਨ ਦੇ ਯੋਗ ਹੀ ਨਾ ਹੋਵੇ। ਪਿਛਲੇ 15-20 ਸਾਲਾਂ ਵਿਚ ਸੇਵਾਦਾਰ ਤੋਂ ਉਠ ਕੇ ਜਥੇਦਾਰ ਬਣਨ ਕਰਕੇ, ਉਸਦੇ ਪਰਿਵਾਰ ਦਾ ਹੋਟਲਾਂ, ਵੱਡੀਆਂ ਗੱਡੀਆਂ ਤੇ ਵੱਡੇ ਵਪਾਰ ਦਾ ਮਾਲਕ ਬਣ ਜਾਣ ਦਾ ਗ੍ਰਾਫ ਬਾਦਲਾਂ ਦੀ ਸੰਪਤੀ ਦੀ ਵਾਧੇ ਨਾਲ ਮੇਲ ਖਾਂਦਾ ਹੈ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਸਲਾ : ਵਿਧਾਨ ਸਭਾ 'ਚ ਬਹਿਸ ਤੇ ਕੈਪਟਨ ਸਰਕਾਰ

**ਰਜਿੰਦਰ ਸਿੰਘ ਪੁਰੇਵਾਲ**

15ਵੀਂ ਪੰਜਾਬ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਵਿਚ ਕੈਪਟਨ ਸਰਕਾਰ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਬਾਰੇ ਭਾਵੇਂ ਠੋਸ ਫੈਸਲਾ ਨਹੀਂ ਲੈ ਸਕੀ ਪਰ ਇਹ ਸੈਸ਼ਨ ਕਈ ਪੱਖੋਂ ਇਤਿਹਾਸ ਸਿਰਜ ਗਿਆ, ਕਿਉਂਕਿ ਇਸ ਵਿਚ ਗੁਰੂ ਗ੍ਰੰਥ ਸਾਹਿਬ ਦੀ ਮਹਿਮਾ, ਖਾਲਸੇ ਦਾ ਕਰੈਕਟਰ ਤੇ ਸਿਆਸਤਦਾਨਾਂ ਦੀ ਮੁੱਦੇ 'ਤੇ ਏਕਤਾ ਪ੍ਰਗਟ ਹੋਈ। ਵਿਧਾਨ ਸਭਾ ਦੇ ਇਤਿਹਾਸ ਵਿਚ ਇਹ ਪਹਿਲੀ ਵਾਪਰਿਆ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿਆਸਤਦਾਨਾਂ ਦੇ ਨਿਸ਼ਾਨੇ 'ਤੇ ਆ ਗਏ। ਅਜਿਹਾ ਇਸ ਲਈ ਹੋਇਆ ਕਿ ਕਿਉਂਕਿ ਜਥੇਦਾਰ ਗੁਰਬਚਨ ਸਿੰਘ ਸੱਚੇ ਤਖ਼ਤ ਅਕਾਲ ਤਖ਼ਤ ਸਾਹਿਬ ਦੇ ਪਹਿਰੇਦਾਰ ਹੁੰਦਿਆਂ ਝੂਠ ਦੇ ਫੈਸਲੇ ਲਾਗੂ ਕਰਦੇ ਰਹੇ ਤੇ ਸਿੱਖ ਕੌਮ ਨੂੰ ਕੋਈ ਨਵੀਂ ਸੇਧ ਨਹੀਂ ਦੇ ਸਕੇ, ਜਿਸ ਦੀ ਉਨ੍ਹਾਂ ਤੋਂ ਖਾਲਸਾ ਪੰਥ ਆਸ ਰੱਖਦਾ ਸੀ। ਕੀ ਇਸ ਲਈ ਸਿਰਫ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਜ਼ਿੰਮੇਵਾਰ ਹਨ? ਜਥੇਦਾਰ ਅਕਾਲ ਤਖ਼ਤ ਸਾਹਿਬ ਦੇ ਕਿਰਦਾਰ ਵਿਚ ਝੂਠ ਤੇ ਭ੍ਰਿਸ਼ਟ ਨੀਤੀਆਂ ਕਿਵੇਂ ਦਾਖਲ ਹੋਈਆਂ। ਇਸ ਦਾ ਕਾਰਨ ਅਕਾਲੀ ਸਿਆਸਤਦਾਨ ਹਨ, ਜਿਨ੍ਹਾਂ ਦਾ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਤੇ ਅਕਾਲ ਤਖਤ ਸਾਹਿਬ 'ਤੇ ਕਬਜ਼ਾ ਹੈ। ਇਹ ਉਹ ਲੋਕ ਹਨ, ਜਿਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਨਾਲ, ਖਾਲਸਾ ਪੰਥ ਨਾਲ, ਸੱਚ ਨਾਲ, ਲੋਕਾਂ ਨਾਲ ਕੋਈ ਹਮਦਰਦੀ ਤੇ ਪਿਆਰ ਨਹੀਂ ਹੈ। ਉਨ੍ਹਾਂ ਲਈ ਸੱਤਾ ਹੀ ਸਭ ਕੁਝ ਹੈ। ਪਰ ਜੋ ਸੱਤਾ ਨੂੰ ਸਭ ਕੁਝ ਸਮਝਦੇ ਹਨ, ਉਹ ਢਹਿ ਢੇਰੀ ਹੋ ਜਾਂਦੇ ਹਨ ਜਿਵੇਂ ਅੱਜ ਅਸੀਂ ਬਾਦਲ ਅਕਾਲੀ ਦਲ ਦਾ ਹਸ਼ਰ ਦੇਖ ਰਹੇ ਹਾਂ। ਜੋ ਕੁਝ ਅਮਰੀਕਾ ਵਿਚ ਮਨਜੀਤ ਸਿੰਘ ਜੀਕੇ ਨਾਲ ਵਾਪਰਿਆ ਹੈ, ਉਸ ਦੇ ਲਈ ਅਕਾਲੀ ਸਿਆਸਤ ਜ਼ਿੰਮੇਵਾਰ ਹੈ। ਭਾਵੇਂ ਅਸੀਂ ਹਿੰਸਾ ਨੂੰ ਸਹੀ ਨਹੀਂ ਠਹਿਰਾ ਸਕਦੇ, ਪਰ ਇਸ ਹਿੰਸਾ ਦੀ ਜ਼ਿੰਮੇਵਾਰੀ ਸਿੱਧੇ ਤੌਰ 'ਤੇ ਬਾਦਲ ਸਿਆਸਤ 'ਤੇ ਆਉਂਦੀ ਹੈ, ਕਿਉਂਕਿ ਉਨ੍ਹਾਂ ਨੇ ਸੰਗਤਾਂ ਨੂੰ ਅਜਿਹਾ ਕਰਨ ਦੇ ਲਈ ਮਜ਼ਬੂਰ ਕਰ ਦਿੱਤਾ। ਮਨਜੀਤ ਸਿੰਘ ਜੀਕੇ ਪ੍ਰਵਾਸੀ ਖਾਲਸਾ ਜੀ ਦੀ ਮਾਨਸਿਕਤਾ ਨੂੰ ਨਾ ਸਮਝਦੇ ਹੋਏ ਭਾਰਤ ਮਾਤਾ ਦੇ ਸਿੱਖ ਵਜੋਂ ਆਪਣੇ ਪੰਥ ਨੂੰ ਚੈਲਿੰਜ ਕਰਦੇ ਰਹੇ ਕਿ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਨੇ ਸਿੱਖਾਂ ਨੂੰ ਵਿਦੇਸ਼ਾਂ ਵਿਚ ਭਜਾਇਆ ਤੇ ਇਹੀ ਡਰਾਕਲ ਲੋਕ ਮੇਰੇ ਉੱਪਰ ਹਮਲੇ ਕਰ ਰਹੇ ਹਨ। ਮੈਂ ਇਨ੍ਹਾਂ ਕੋਲੋਂ ਨਹੀਂ ਡਰਦਾ। ਮੈਂ ਇਨ੍ਹਾਂ ਦਾ ਮੁਕਾਬਲਾ ਕਰਾਂਗਾ। ਜੀਕੇ 'ਤੇ ਦੋਸ਼ ਹਨ ਕਿ ਉਨ੍ਹਾਂ ਨੇ ਖਾਲਸਾ ਕਾਲਜ ਵਿਚ ਆਰ ਐਸ ਐਸ ਦੇ ਇਕ ਆਗੂ ਸਵਰਗਵਾਸੀ ਪੰਡਿਤ ਦੀਨ ਦਿਆਲ ਦੇ ਨਾਮ 'ਤੇ ਡਿਪਾਰਟਮੈਂਡ ਖੋਲ੍ਹ ਦਿੱਤਾ ਤੇ ਇਥੋਂ ਤੱਕ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਜਪਾ ਦੀਆਂ ਚੌਧਰਾਂ ਲਈ ਫਿਰਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ 'ਤੇ ਅੱਠ ਘੰਟੇ ਤੋਂ ਵੱਧ ਸਮਾਂ ਲੰਬੀ ਬਹਿਸ ਹੋਈ। ਜਦ ਕਿ ਆਰ ਐਸ ਐਸ ਤੇ ਭਾਜਪਾਈ ਸਿੱਖ ਕੌਮ ਦੇ ਹਿੱਤ ਵਿਚ ਨਹੀਂ ਤੇ ਉਹ ਸਿੱਖ ਕੌਮ ਨੂੰ ਹਿੰਦੂ ਧਰਮ ਦੀ ਸ਼ਾਖਾ ਮੰਨਦੇ ਹਨ ਤੇ ਸਿੱਖ ਇਤਿਹਾਸ ਦਾ ਮਨੂਵਾਦੀਕਰਨ ਕਰ ਰਹੇ ਹਨ ਤੇ ਆਪਣੀਆਂ ਨੀਤੀਆਂ ਅਨੁਸਾਰ ਬਦਲ ਰਹੇ ਹਨ। ਉਨ੍ਹਾਂ ਦਾ ਸਿਧਾਂਤ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਨੇ ਹਿੰਦੂ ਧਰਮ ਦੀ ਰੱਖਿਆ ਲਈ ਸ਼ਹਾਦਤ ਦਿੱਤੀ ਜਦ ਕਿ ਇਹ ਸ਼ਹਾਦਤ ਮਨੁੱਖੀ ਅਧਿਕਾਰਾਂ ਲਈ ਸੀ। ਉਹ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਹਿੰਦੂ ਧਰਮ ਦੀ ਰੱਖਿਆ ਲਈ ਸਾਜਿਆ, ਜਦ ਕਿ ਇਹ ਲੋਕ ਰੱਖਿਆ ਤੇ ਗੁਰੂ ਨਾਨਕ ਦੇ ਸਿਧਾਂਤ ਨੂੰ ਵਿਸ਼ਵ ਵਿਚ ਫੈਲਾਉਣ ਦੇ ਲਈ ਪੈਦਾ ਹੋਇਆ ਸੀ ਤਾਂ ਜੋ ਜ਼ਾਲਮਾਂ ਨਾਲ ਟਕਰਾਅ ਕੇ ਦੱਬੇ ਕੁਚਲਿਆਂ, ਗਰੀਬਾਂ ਦੀ ਰੱਖਿਆ ਕੀਤੀ ਜਾ ਸਕੇ ਤੇ ਜ਼ਾਲਮਾਂ ਦਾ ਨਾਸ਼ ਕੀਤਾ ਜਾ ਸਕੇ। ਬਾਬਾ ਬੰਦਾ ਸਿੰਘ ਬਹਾਦਰ ਦੇ ਖਾਲਸਾ ਰਾਜ ਦੀ ਸਿਰਜਣਾ ਇਸ ਗਲ ਦੀ ਗਵਾਹ ਹੈ ਕਿ ਸਨਾਤਨ ਪੰਥ ਤੋਂ ਉਲਟ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਗੁਰੂ ਗੋਬਿੰਦ ਸਿੰਘ ਦੇ ਸਿਧਾਂਤਾਂ ਉੱਤੇ ਪਹਿਰਾ ਦਿੰਦਿਆਂ ਖਾਲਸਾ ਰਾਜ ਦੀ ਸਿਰਜਣਾ ਕੀਤੀ ਅਤੇ ਕਿਰਤੀਆਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਕੇ ਫਰਾਂਸ ਤੋਂ ਪਹਿਲਾ ਇਨਕਲਾਬ ਕੀਤਾ। 18ਵੀਂ ਸਦੀ ਦੌਰਾਨ ਸਿੱਖਾਂ ਨੇ ਸਿਰਫ਼ ਪੰਜਾਬ 'ਤੇ ਹੀ ਨਹੀਂ, ਸਗੋਂ ਦਿੱਲੀ ਉੱਪਰ ਵੀ ਖਾਲਸਾ ਪੰਥ ਦੀ ਝੰਡਾ ਲਹਿਰਾ ਦਿੱਤਾ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਖਾਲਸਾ ਪੰਥ ਨੇ ਲਾਹੌਰ 'ਤੇ ਖਾਲਸਾ ਪੰਥ ਦਾ ਝੰਡਾ ਲਹਿਰਾ ਕੇ ਪੂਰੀ ਯੋਜਨਾਬੰਦੀ ਨਾਲ ਪੰਜਾਬ ਉੱਪਰ 40 ਸਾਲ ਰਾਜ ਕੀਤਾ, ਜਿਸ ਦੀ ਗਾਥਾ ਪੰਜਾਬ ਦੇ ਲੋਕ ਗੀਤਾਂ ਵਿਚ ਵੀ ਗਾਈ ਜਾਂਦੀ ਹੈ ਤੇ ਪੰਜਾਬ ਨੂੰ ਦੇਸ ਪੰਜਾਬ ਦਾ ਨਾਮ ਦਿੱਤਾ ਜਾਂਦਾ ਹੈ। ਇਹ ਵੱਖਰੀ ਗੱਲ ਹੈ ਕਿ 1947 ਦੀ ਵੰਡ ਦੌਰਾਨ ਗਾਂਧੀ ਲੀਡਰਸ਼ਿਪ ਨੇ ਪੰਜਾਬ ਨਾਲ ਧੋਖਾ ਕੀਤਾ, ਉਸ ਤੋਂ ਬਾਅਦ ਪੰਜਾਬੀ ਸੂਬਾ ਮੋਰਚਾ, ਦਰਬਾਰ ਸਾਹਿਬ ਉਤੇ ਫ਼ੌਜੀ ਹਮਲਾ, ਦਿੱਲੀ ਸਿੱਖ ਕਤਲੇਆਮ, ਸਿੱਖ ਨਸਲਕੁਸ਼ੀ, ਨਸ਼ਿਆਂ ਰਾਹੀਂ ਨਸਲਕੁਸ਼ੀ, ਪੰਜਾਬ ਦੀ ਖੇਤੀ ਤੇ ਸਨਅਤ ਦੀ ਬਰਬਾਦੀ ਕਰਕੇ ਪੰਜਾਬ ਦੇ ਵਾਸੀਆਂ ਤੇ ਸਿੱਖਾਂ ਨੂੰ ਉਜਾੜਿਆ। ਅੱਜ ਇਹੀ ਕਾਰਨ ਹੈ ਕਿ ਪੰਜਾਬੀ ਤੇ ਸਿੱਖ ਰੋਜ਼ਗਾਰ ਦੀ ਭਾਲ ਵਿਚ ਵਿਦੇਸ਼ਾਂ ਵਲ ਰੁਖ ਕਰ ਰਹੇ ਹਨ। ਇਹ ਸਭ ਕੇਂਦਰ ਦੀ ਗੁਲਾਮੀ ਹੈ, ਜਿਸ ਨੇ ਪੰਜਾਬ ਨੂੰ ਆਪਣੀ ਬਸਤੀ ਬਣਾਇਆ ਹੋਇਆ ਹੈ ਤੇ ਪੰਜਾਬ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਇਹ ਦੁਖਾਂਤ ਸਾਡੇ ਪੱਲੇ ਹਨ, ਜਿਸ ਨੂੰ ਨਾ ਬਾਦਲ ਅਕਾਲੀ ਦਲ ਨੇ ਸਮਝਿਆ ਤੇ ਨਾ ਹੀ ਮਨਜੀਤ ਸਿੰਘ ਜੀਕੇ ਵਰਗੇ ਲੋਕਾਂ ਨੇ ਸਮਝਿਆ ਹੈ। ਉਨ੍ਹਾਂ ਨੇ ਸਿਰਫ ਭਾਰਤ ਮਾਤਾ ਦੇ ਗੀਤ ਗਾ ਕੇ ਤੇ ਪੰਥ ਦੇ ਸੁਪਨਮਈ ਝੂਠੇ ਨਾਅਰੇ ਲਗਾ ਕੇ ਸਿੱਖੀ ਨੂੰ ਨੁਕਸਾਨ ਪਹੁੰਚਾਇਆ ਹੈ।

ਜੇਕਰ ਸ਼੍ਰੋਮਣੀ ਅਕਾਲੀ ਦਲ ਸੱਚਾ ਸੁੱਚਾ ਹੁੰਦਾ ਤਾਂ ਉਸ ਨੂੰ ਸਦਨ ਵਿਚ ਭੱਜਣਾ ਨਹੀਂ ਚਾਹੀਦਾ ਸੀ। ਉਸ ਨੂੰ ਉਨ੍ਹਾਂ ਦੇ ਮੈਂਬਰਾਂ ਦੇ ਅਨੁਸਾਰ 15 ਮਿੰਟ ਮਿਲੇ ਸਨ। ਉਨ੍ਹਾਂ ਦਾ ਭੱਜਣਾ ਇਹੀ ਦਰਸਾਉਂਦਾ ਹੈ ਕਿ ਉਹ ਸੱਚ ਦਾ ਸਾਹਮਣਾ ਕਰਨਾ ਨੂੰ ਤਿਆਰ ਨਹੀਂ ਹਨ। ਇਹੀ ਕਾਰਨ ਹੈ ਕਿ ਉਹ ਸਦਨ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਜ਼ਿੰਮੇਵਾਰ ਬਣੇ, ਦੋਸ਼ੀ ਬਣੇ ਤੇ ਡੀਜੀਪੀ ਸੈਣੀ ਵੀ ਨਹੀਂ ਬਖਸ਼ਿਆ ਗਿਆ, ਜਿਸ ਨੇ ਸਿੱਖਾਂ ਉਤੇ ਗੋਲੀ ਚਲਾਉਣ ਦਾ ਆਰਡਰ ਦਿੱਤਾ, ਉਸ ਦੇ ਬਿਆਨ ਇਹੀ ਦਰਸਾਉਂਦੇ ਹਨ ਕਿ ਇਹ ਵੱਡੇ ਬਾਦਲ ਦਾ ਹੁਕਮ ਸੀ। ਇਸ ਗਲ ਦਾ ਜੁਆਬ ਬਾਦਲ ਅਕਾਲੀ ਦਲ ਦੇ ਮਹਾਂਰਥੀਆਂ ਕੋਲ ਨਹੀਂ ਹੈ। ਇਹੀ ਕਾਰਨ ਹੈ ਕਿ ਸਿੱਖ ਉਨ੍ਹਾਂ ਦੇ ਪੁਤਲੇ ਫੂਕ ਰਹੇ ਹਨ। ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਹਿਬਲ ਕਲਾਂ, ਕੋਟਕਪੁਰਾ ਗੋਲੀ ਕਾਂਡ ਮੁੱਦੇ 'ਤੇ ਦਿੱਤੀ ਗਈ ਪੜਤਾਲੀਆ ਰਿਪੋਰਟ 'ਤੇ ਬਹਿਸ ਦੀ ਸ਼ੁਰੂਆਤ ਕਰਦਿਆਂ ਕਾਂਗਰਸੀ ਵਿਧਾਇਕ ਹਰਮਿੰਦਰ ਸਿੰਘ ਗਿੱਲ ਜੋ ਕਿ ਆਲ ਇੰਡੀਆਂ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਰਹਿ ਚੁੱਕੇ ਹਨ ਤੇ ਵਧੀਆ ਬੁਲਾਰੇ ਹਨ, ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦਾ ਪਿਛੋਕੜ ਫਰੋਲ ਦਿੱਤਾ। ਭਾਈ ਗਿੱਲ ਨੇ ਕਿਹਾ ਕਿ ਬਾਦਲ ਪਰਿਵਾਰ ਵੱਲੋਂ ਜਥੇਦਾਰ ਸਾਹਿਬਾਨ ਨੂੰ ਵਾਰ-ਵਾਰ ਵਰਤਿਆ ਗਿਆ। ਉਨ੍ਹਾਂ ਸਦਨ ਨੂੰ ਦੱਸਿਆ ਕਿ ਜਥੇਦਾਰ ਮੁਕਤਸਰ ਸਾਹਿਬ ਵਿਖੇ ਬਰਛਾ ਫੜਨ ਦੀ ਡਿਊਟੀ ਕਰਦੇ ਸੀ ਅਤੇ ਇਕ ਮੰਜੇ 'ਤੇ ਕਛਹਿਰੇ ਵੇਚਣ ਦਾ ਕੰਮ ਕਰਦੇ ਸੀ। ਫਿਰ ਗ੍ਰੰਥੀ ਬਣ ਗਏ ਅਤੇ ਸਾਲ 2008 ਵਿਚ ਜਥੇਦਾਰ ਬਣ ਗਏ। ਪ੍ਰਕਾਸ਼ ਸਿੰਘ ਬਾਦਲ ਨੂੰ ਫਖ਼ਰ ਏ ਕੌਮ ਦਾ ਐਵਾਰਡ ਦੇਣ ਤੋਂ ਬਾਅਦ ਜਥੇਦਾਰ ਦੀ ਤਰੱਕੀ ਦੀ ਸ਼ੁਰੂਆਤ ਹੋਈ। ਉਨ੍ਹਾਂ ਦਾ ਪੁੱਤਰ ਮਨਜਿੰਦਰ ਸਿੰਘ ਬਿੱਟੂ 2013 ਵਿਚ ਜ਼ਿਲ੍ਹਾ ਪ੍ਰੀਸ਼ਦ ਦਾ ਮੈਂਬਰ ਬਣ ਗਿਆ। ਚਾਰ ਏਕੜ ਜ਼ਮੀਨ ਦੇ ਮਾਲਕ ਜੋ ਬਰਛੇ ਦੀ ਡਿਊਟੀ 'ਤੇ ਖੜ੍ਹਦੇ ਸੀ, ਅੱਜ ਮੁਕਤਸਰ ਵਿਖੇ ਤਿੰਨ ਤਾਰਾ ਹੋਟਲ, ਰੇਂਜ ਰੋਵਰ, ਬੀਐੱਮਡਬਲਯੂ, ਫਾਰਚੂਨਰ ਦਾ ਮਾਲਕ ਬਣ ਗਏ। ਇਥੋਂ ਤਕ ਕੋਠੀ ਦਾ ਗੇਟ ਵੀ ਰਿਮੋਟ ਨਾਲ ਖੁੱਲ੍ਹਦਾ ਹੈ। ਗਿੱਲ ਨੇ ਜਥੇਦਾਰ ਦੇ ਪੁੱਤਰ ਵੱਲੋਂ ਪਸ਼ੂਆਂ ਦੀ ਮੰਡੀ ਦਾ ਠੇਕਾ ਲੈਣ ਦੀ ਗੱਲ ਵੀ ਸਦਨ ਵਿਚ ਰੱਖੀ। ਮੁੱਖ ਮੰਤਰੀ ਬਾਦਲ ਦਿੱਲੀ ਦੰਗੇ ਤੇ ਦਰਬਾਰ ਸਾਹਿਬ 'ਤੇ ਹਮਲੇ ਦਾ ਹਵਾਲਾ ਦੇ ਕੇ ਸਿੱਖ ਕੌਮ ਨੂੰ ਗੁੰਮਰਾਹ ਕਰਦੇ ਰਹੇ ਤੇ ਸੱਤਾ ਹਾਸਲ ਕਰਦੇ ਰਹੇ। ਪਰ ਉਨ੍ਹਾਂ ਕਦੇ ਵੀ ਸਿੱਖ ਪੰਥ ਦੇ ਹੱਕਾਂ ਲਈ ਪਹਿਰਾ ਨਹੀਂ ਦਿੱਤਾ, ਸਗੋਂ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਵਰਗੀਆਂ ਮਹਾਨ ਸੰਸਥਾਵਾਂ ਨੂੰ ਬਰਬਾਦ ਕਰਕੇ ਰੱਖ ਦਿੱਤਾ। ਬਾਦਲ ਨੇ ਅਜੀਤ ਸਿੰਘ ਪੂਹਲਾ ਦੀ ਮਦਦ ਕਰਨ ਵਾਲੇ ਪੁਲੀਸ ਅਫ਼ਸਰ ਸੁਮੇਧ ਸੈਣੀ ਨੂੰ ਡੀਜੀਪੀ ਲਗਾ ਦਿੱਤਾ, ਜਿਸ ਨੇ ਸਿੱਖਾਂ ਦੀ ਨਸਲਕੁਸ਼ੀ ਕਰਵਾਈ ਤੇ ਪੂਹਲੇ ਨਿਹੰਗ ਨੂੰ ਪਾਲ




**ਬਾਕੀ ਸਫ਼ਾ 32 'ਤੇ**

WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh) 209 242 9569 (Dispatched)

209 564 8899 (Davinder Singh) 209 345 6968 (Ranthir Singh)

2101 MARTIN LUTHER KING JR WAY STOCKTON, CA 95205

# ਕਿਵੇਂ ਬੀਤ ਰਹੀ ਏ ਸੌਦਾ ਸਾਧ ਦੀ ਜੇਲ੍ਹ 'ਚ ਜ਼ਿੰਦਗੀ



- ਸਾਦੀ ਰੋਟੀ ਖਾਣ ਕਾਰਨ ਬਾਬੇ ਦਾ ਘਟਿਆ ਭਾਰ, 100 ਤੋਂ 84 ਕਿਲੋ ਹੋਇਆ
- ਜੇਲ੍ਹ 'ਚ ਕਰਦਾ ਏ ਖੇਤੀਬਾੜੀ, ਉਗਾਉਂਦਾ ਹੈ ਸਬਜ਼ੀਆਂ
- ਬਾਬੇ ਦੀ ਦਾੜ੍ਹੀ ਤੇ ਮੁੱਛਾਂ ਹੋਈਆਂ ਚਿੱਟੀਆਂ
- ਬਾਬੇ ਦੀਆਂ ਬਹੁਤ ਸਾਰੀਆਂ ਭੈਣਾਂ, ਜੇਲ੍ਹ 'ਚ ਪੁੱਜੀਆਂ ਲੱਖਾਂ ਰੱਖੜੀਆਂ, ਕੁੱਲ ਵਜ਼ਨ ਇੱਕ ਟਨ

**ਰੋਹਤਕ/ਬਿਊਰੋ ਨਿਊਜ਼ :** ਇਥੋਂ ਦੀ ਸੁਨਾਰੀਆ ਜੇਲ੍ਹ ਵਿੱਚ ਬੰਦ ਡੇਰਾ ਸਿਰਸਾ ਮੁਖੀ ਦਾ 20 ਕਿੱਲੋ ਭਾਰ ਘਟ ਗਿਆ ਹੈ। ਸੌਦਾ ਸਾਧ ਬਲਾਤਕਾਰ ਦੇ ਦੋਸ਼ਾਂ ਤਹਿਤ 20 ਸਾਲ ਦੀ ਸਜ਼ਾ ਕੱਟ ਰਿਹਾ ਹੈ। ਜੇਲ੍ਹ ਵਿੱਚ ਬਾਬੇ ਤੋਂ ਰੋਜ਼ਾਨਾ ਮਜ਼ਦੂਰੀ ਕਰਵਾਈ ਜਾ ਰਹੀ ਹੈ ਅਤੇ ਖਾਣ ਲਈ ਸਾਦੀ ਰੋਟੀ ਦਿੱਤੀ ਜਾਂਦੀ ਹੈ। ਖਾਣੇ ਵਿੱਚ ਆਮ ਤੌਰ 'ਤੇ ਦਾਲ ਹੁੰਦੀ ਹੈ ਅਤੇ ਖਾਸ ਮੌਕਿਆਂ 'ਤੇ ਹੀ ਖਾਣ ਲਈ ਮਿਠਾਈ ਦਿੱਤੀ ਜਾਂਦੀ ਹੈ। ਇਸ ਕਾਰਨ ਸੌਦਾ ਸਾਧ ਦਾ ਪਹਿਲਾਂ ਨਾਲੋਂ ਭਾਰ ਕਾਫ਼ੀ ਘੱਟ ਗਿਆ ਹੈ। ਜੇਲ੍ਹ ਦੇ ਵਿੱਚ ਜ਼ਮੀਨ ਨੂੰ ਵਾਹੁਣਾ, ਪੌਦਿਆਂ ਨੂੰ ਪਾਣੀ ਦੇਣਾ ਅਤੇ ਮੌਸਮੀ ਸਬਜ਼ੀਆਂ ਉਗਾਉਣਾ ਉਸ ਦਾ ਮੁੱਖ ਕੰਮ ਹੈ। ਸੌਦਾ ਸਾਧ ਦਾ ਭਾਰ ਹੁਣ 84 ਕਿੱਲੋ ਹੈ ਪਰ ਜਦੋਂ ਪੰਚਕੂਲਾ ਦੀ ਸੀਬੀਆਈ ਕੋਰਟ ਵੱਲੋਂ ਦੋਸ਼ੀ ਠਹਿਰਾਇਆ ਗਿਆ ਤਾਂ ਉਸ ਵੇਲੇ ਭਾਰ 104 ਕਿੱਲੋ ਸੀ। ਡੇਰਾ ਮੁਖੀ ਨੂੰ ਜੇਲ੍ਹ ਗਿਆਂ ਇੱਕ ਸਾਲ ਹੋ ਗਿਆ ਹੈ। ਬਾਬੇ ਦੀ ਲੰਬੀ ਕਾਲੀ ਦਾੜ੍ਹੀ ਅਤੇ ਮੁੱਛਾਂ ਹੁਣ ਅੱਧੀਆਂ ਚਿੱਟੀਆਂ ਹੋ ਚੁੱਕੀਆਂ ਹਨ। ਕੈਦੀਆਂ ਨੂੰ ਸ਼ਾਮ ਦੇ ਸਮੇਂ ਇੱਕ-ਦੂਜੇ ਨਾਲ ਮਿਲਣ ਦੀ ਇਜਾਜ਼ਤ ਹੁੰਦੀ ਹੈ ਪਰ ਬਾਬਾ ਉਹ ਸਮਾਂ ਕਿਤਾਬਾਂ ਪੜ੍ਹਨ ਜਾਂ ਕਵਿਤਾਵਾਂ ਲਿਖਣ ਵਿੱਚ ਬਤੀਤ ਕਰਦਾ ਹੈ।

**ਜੇਲ੍ਹ 'ਚ ਪੁੱਜੀਆਂ ਲੱਖਾਂ ਰੱਖੜੀਆਂ :**
ਹਰਿਆਣਾ, ਪੰਜਾਬ, ਦਿੱਲੀ, ਹਿਮਾਚਲ ਪ੍ਰਦੇਸ਼, ਉੱਤਰਾਖੰਡ ਸਮੇਤ ਹੋਰਨਾਂ ਸੂਬਿਆਂ ਤੋਂ ਸਪੀਡ ਪੋਸਟ, ਰਜਿਸਟਰੀ ਤੇ ਸਾਧਾਰਣ ਡਾਕ ਰਾਹੀਂ ਲੱਖਾਂ ਦੀ ਗਿਣਤੀ ਵਿੱਚ ਡੇਰਾ ਸ਼ਰਧਾਲੂਆਂ ਨੇ ਪਹਿਲਾਂ ਗ੍ਰੀਟਿੰਗ ਕਾਰਡ ਤੇ ਹੁਣ ਰੱਖੜੀਆਂ ਭੇਜੀਆਂ ਹਨ। ਉਨ੍ਹਾਂ ਦਾ ਵਜ਼ਨ ਇੱਕ ਟਨ ਦੇ ਲਗਭਗ ਹੈ।

## ਬਾਬਾ ਹਾਲਾਂ ਵੀ ਨਹੀਂ ਛੱਡਦਾ ਗੱਦੀ

ਸੌਦਾ ਸਾਧ ਪਿਛਲੇ ਇਕ ਸਾਲ ਤੋਂ ਜੇਲ੍ਹ ਵਿਚ ਬੰਦ ਹੋਣ ਦੇ ਬਾਵਜੂਦ ਅਜੇ ਤੱਕ ਆਪਣੀ ਜਗ੍ਹਾ ਦੀ ਥਾਂ ਡੇਰੇ ਦੀ ਗੱਦੀ ਕਿਸੇ ਹੋਰ ਨੂੰ ਸੌਂਪਣ ਲਈ ਤਿਆਰ ਨਹੀਂ ਹੈ। ਡੇਰਾ ਮੁਖੀ ਦੇ ਜੇਲ੍ਹ ਜਾਂਦੇ ਹੀ ਬਾਬੇ ਦੇ ਪਰਿਵਾਰਕ ਅਤੇ ਨਜ਼ਦੀਕੀ ਲੋਕ ਚਾਹੁੰਦੇ ਸਨ ਕਿ ਡੇਰਾ ਮੁਖੀ ਆਪਣੀ ਜਗ੍ਹਾ 'ਤੇ ਡੇਰੇ ਦੀ ਗੱਦੀ ਆਪਣੇ ਕਿਸੇ ਪਰਿਵਾਰਕ ਮੈਂਬਰ ਨੂੰ ਸੌਂਪ ਦੇਣ ਤਾਂ ਜੋ ਡੇਰੇ ਦੀਆਂ ਗਤੀਵਿਧੀਆਂ ਚਲਦੀਆਂ ਰਹਿਣ ਤੇ ਲੋਕਾਂ ਦਾ ਡੇਰੇ ਵਿਚ ਆਣਾ-ਜਾਣਾ ਬਣਿਆ ਰਹੇ। ਸ਼ੁਰੂ ਵਿਚ ਡੇਰਾ ਮੁਖੀ ਦੇ ਇਕਲੌਤੇ ਪੁੱਤਰ ਜਸਮੀਤ ਇੰਸਾਂ ਦਾ ਨਾਂਅ ਵੀ ਸਾਹਮਣੇ ਆਇਆ ਸੀ ਅਤੇ ਸੋਚਿਆ ਜਾ ਰਿਹਾ ਸੀ ਕਿ ਸੌਦਾ ਸਾਧ 20 ਸਾਲ ਦੀ ਸਜ਼ਾ ਹੋਣ ਤੋਂ ਬਾਅਦ ਆਪਣੇ ਇਕਲੌਤੇ ਪੁੱਤਰ ਨੂੰ ਡੇਰੇ ਦੀ ਗੱਦੀ ਦਾ ਵਾਰਿਸ ਬਣਾ ਦੇਵੇਗਾ, ਪਰ ਡੇਰਾ ਪ੍ਰਬੰਧਕਾਂ ਨੇ ਇਨ੍ਹਾਂ ਕਿਆਸ ਰਾਈਆਂ 'ਤੇ ਪੂਰੀ ਤਰ੍ਹਾਂ ਨਾਲ ਰੋਕ ਲਾ ਦਿੱਤੀ ਹੈ। ਰੋਹਤਕ ਜੇਲ੍ਹ ਵਿਚ ਬੰਦ ਸੌਦਾ ਸਾਧ ਸਭ ਤੋਂ ਜ਼ਿਆਦਾ ਗੱਲਬਾਤ ਆਪਣੀ ਵੱਡੀ ਪੁੱਤਰੀ ਚਰਨਪ੍ਰੀਤ ਨਾਲ ਕਰਦਾ ਹੈ। ਇਹ ਵੀ ਉਮੀਦ ਕੀਤੀ ਜਾ ਰਹੀ ਹੈ ਕਿ ਡੇਰਾ ਮੁਖੀ ਦਾ ਸਭ ਤੋਂ ਜ਼ਿਆਦਾ ਭਰੋਸਾ ਆਪਣੀ ਪੁੱਤਰੀ ਚਰਨਪ੍ਰੀਤ 'ਤੇ ਹੈ ਅਤੇ ਉਸ ਨੂੰ ਹੀ ਡੇਰੇ ਦੀ ਗੱਦੀ ਸੌਂਪੀ ਜਾ ਸਕਦੀ ਹੈ। ਪਰ ਡੇਰਾ ਮੁਖੀ ਉਸ ਨੂੰ ਵੀ ਗੱਦੀ ਸੌਂਪਣ ਨੂੰ ਤਿਆਰ ਨਹੀਂ ਹੈ। ਬਾਅਦ ਵਿਚ ਡੇਰਾ ਮੁਖੀ ਦੇ ਕੋਲ ਇਹ ਸੁਝਾਅ ਵੀ ਆਇਆ ਕਿ ਉਹ ਆਪਣੀ ਮਾਂ ਨਸੀਬ ਕੌਰ ਨੂੰ ਡੇਰੇ ਦੀ ਗੱਦੀ ਦਾ ਕਾਰਜ ਦੇ ਕੇ ਮੁਖੀ ਬਣਾ ਦੇਣ ਤਾਂ ਜੋ ਡੇਰੇ ਦੀਆਂ ਗਤੀਵਿਧੀਆਂ ਫਿਰ ਤੋਂ ਸ਼ੁਰੂ ਹੋ ਸਕੇ। ਡੇਰਾ ਮੁਖੀ ਇਸ ਗੱਲ 'ਤੇ ਵੀ ਰਾਜ਼ੀ ਨਹੀਂ ਹੋਇਆ ਅਤੇ ਪਿਛਲੇ 1 ਸਾਲ ਤੋਂ ਇਹ ਗੱਲ ਸਾਫ਼ ਹੋ ਗਈ ਹੈ ਕਿ ਸੌਦਾ ਸਾਧ ਕਿਸੇ ਨੂੰ ਵੀ ਆਪਣੀ ਜਗ੍ਹਾ 'ਤੇ ਗੱਦੀ ਸੌਂਪਣ ਦੇ ਮੂਡ ਵਿਚ ਨਹੀਂ ਹੈ।



ਸੌਦਾ ਸਾਧ ਨਾਲ ਜੇਲ੍ਹ ਵਿਚ ਮੁਲਾਕਾਤ ਕਰਨ ਦੇ ਲਈ ਉਸਦਾ ਪੁੱਤਰ ਜਸਮੀਤ ਇੰਸਾਂ ਅਤੇ ਪੁੱਤਰੀ ਚਰਨਪ੍ਰੀਤ ਇੰਸਾਂ ਮਹੀਨੇ ਵਿਚ ਲਗਪਗ 3-3 ਵਾਰ ਆਉਂਦੇ ਹਨ। ਡੇਰਾ ਮੁਖੀ ਦੀ ਮਾਂ ਨਸੀਬ ਕੌਰ ਅਤੇ ਪਤਨੀ ਹਰਜੀਤ ਕੌਰ, ਜਵਾਈ ਰੂਹੇਮੀਤ ਅਤੇ ਸ਼ਾਨੋਮੀਤ ਮਹੀਨੇ ਵਿਚ ਲਗਪਗ 1-1 ਵਾਰ ਅਤੇ ਪੁੱਤਰੀ ਅਮਰਪ੍ਰੀਤ ਇੰਸਾਂ ਅਤੇ ਨੂੰਹ ਹੁਸਨਮੀਤ ਇੰਸਾਂ ਕਈ ਦਫ਼ਾ ਮਹੀਨੇ ਵਿਚ 2 ਵਾਰ ਉਸ ਨਾਲ ਮੁਲਾਕਾਤ ਕਰਨ ਲਈ ਆਉਂਦੇ ਹਨ। ਡੇਰਾ ਮੁਖੀ ਨੇ ਮੁਲਾਕਾਤ ਲਈ ਜਿਨ੍ਹਾਂ 10 ਲੋਕਾਂ ਦੀ ਸੂਚੀ ਦਿੱਤੀ ਸੀ, ਉਨ੍ਹਾਂ ਵਿਚੋਂ ਉਸ ਦੀ ਮੂੰਹ ਬੋਲੀ ਪੁੱਤਰੀ ਹਨੀਪ੍ਰੀਤ ਦਾ ਨਾਂਅ ਵੀ ਸ਼ਾਮਿਲ ਸੀ, ਪਰ ਜੇਲ੍ਹ ਵਿਚ ਬੰਦ ਹੋਣ ਕਾਰਨ ਉਹ ਡੇਰਾ ਮੁਖੀ ਨਾਲ ਕਦੇ ਵੀ ਮੁਲਾਕਾਤ ਕਰਨ ਨਹੀਂ ਜਾ ਸਕੀ। ਇਸ ਤੋਂ ਇਲਾਵਾ ਮੁਲਾਕਾਤ ਕਰਨ ਵਾਲਿਆਂ ਦੀ ਸੂਚੀ ਵਿਚ ਡੇਰੇ ਦੀ ਉਪ-ਪ੍ਰਬੰਧਕ ਸ਼ੋਭਾ ਇੰਸਾਂ ਦਾ ਨਾਂਅ ਵੀ ਸ਼ਾਮਿਲ ਸੀ। ਉਹ ਹੁਣ ਤੱਕ 2 ਵਾਰ ਡੇਰਾ ਮੁਖੀ ਨਾਲ ਮੁਲਾਕਾਤ ਕਰ ਚੁੱਕੀ ਹੈ। ਕੈਦੀਆਂ ਵਲੋਂ ਦਿੱਤੀ ਗਈ ਸੂਚੀ ਵਿਚੋਂ ਗਿਣਤੀ ਦੇ 4 ਲੋਕਾਂ ਦੇ ਨਾਲ ਹਫ਼ਤੇ ਵਿਚ ਇਕ ਦਿਨ 20 ਮਿੰਟ ਲਈ ਮੁਲਾਕਾਤ ਕਰਨ ਦੀ ਇਜ਼ਾਜਤ ਹੁੰਦੀ ਹੈ ਅਤੇ ਇਹ ਮੁਲਾਕਾਤ ਸ਼ੀਸ਼ੇ ਵਾਲੇ ਕੈਬਿਨ ਜ਼ਰੀਏ ਇੰਟਰਕਾਮ 'ਤੇ ਹੁੰਦੀ ਹੈ। ਡੇਰਾ ਮੁਖੀ ਨਾਲ ਮਿਲਣ ਆਉਣ ਵਾਲੇ ਪਰਿਵਾਰਕ ਮੈਂਬਰ ਚੁੱਪ-ਚੁਪੀਤੇ ਖੜ੍ਹੇ ਸੌਦਾ ਸਾਧ ਦੀਆਂ ਹਦਾਇਤਾਂ ਸੁਣਦੇ ਰਹਿੰਦੇ ਹਨ ਤੇ ਸਿਰਫ਼ ਹਾਂ-ਨਾ ਵਿਚ ਜਵਾਬ ਦਿੰਦੇ ਹਨ। ਜ਼ਿਆਦਾਤਰ ਗੱਲ ਡੇਰਾ ਮੁਖੀ ਹੀ ਕਰਦਾ ਹੈ। ਪਰਿਵਾਰ ਵਾਲੇ ਜਦੋਂ ਡੇਰਾ ਮੁਖੀ ਨਾਲ ਮਿਲਣ ਆਉਂਦੇ ਹਨ ਤਾਂ ਬਾਕੀ ਲੋਕਾਂ ਦੀ ਸੌਦਾ ਸਾਧ ਨਾਲ ਕੇਵਲ ਇਕ ਜਾਂ ਦੋ ਮਿੰਟ ਗੱਲ ਹੁੰਦੀ ਹੈ, ਜਦੋਂ ਕਿ ਉਹ ਆਪਣੀ ਪੁੱਤਰੀ ਚਰਨਪ੍ਰੀਤ ਨਾਲ 14-15 ਮਿੰਟ ਤੱਕ ਗੱਲ ਕਰਦਾ ਹੈ ਅਤੇ ਉਸ ਨੂੰ ਸਾਰੇ ਜ਼ਰੂਰੀ ਦਿਸ਼ਾ-ਨਿਰਦੇਸ਼ ਵੀ ਦਿੰਦਾ ਹੈ।

## *ਮਾਮਲਾ ਸੌਦਾ ਸਾਧ ਨੂੰ ਅਕਾਲ ਤਖ਼ਤ ਤੋਂ ਮੁਆਫੀ ਦਿਵਾਉਣ ਦਾ* ਬਾਦਲ ਤੇ ਮਜੀਠੀਏ ਦੀ ਵੱਡੀ ਭੂਮਿਕਾ : ਬੁਲਾਰੀਆ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਅੰਮ੍ਰਿਤਸਰ ਦੇ ਹਲਕਾ ਦੱਖਣੀ ਤੋਂ ਵਿਧਾਇਕ ਇੰਦਰਬੀਰ ਸਿੰਘ ਬੁਲਾਰੀਆ ਨੇ ਬਾਦਲ ਤੇ ਮਜੀਠੀਆ ਪਰਿਵਾਰ 'ਤੇ ਦੋਸ਼ ਲਾਇਆ ਕਿ ਸੌਦਾ ਸਾਧ ਨੂੰ ਮੁਆਫੀ ਦਿਵਾਉਣ ਵਿਚ ਇਨ੍ਹਾਂ ਨੇ ਵੱਡੀ ਭੂਮਿਕਾ ਨਿਭਾਈ ਤੇ ਇਸ ਲਈ ਹਰ ਢੰਗ-ਤਰੀਕਾ ਵਰਤਿਆ ਗਿਆ। ਵਿਧਾਇਕ ਬੁਲਾਰੀਆ ਨੇ ਕਿਹਾ ਕਿ ਬਾਦਲ ਪਰਿਵਾਰ ਨੇ ਹਮੇਸ਼ਾ ਹੀ ਆਪਣੇ ਹਿੱਤਾਂ ਲਈ ਸਿੱਖ ਕੌਮ ਨੂੰ ਵਰਤ ਕੇ ਉਨ੍ਹਾਂ ਦਾ ਨੁਕਸਾਨ ਹੀ ਕੀਤਾ ਹੈ। ਬਾਦਲ ਪਰਿਵਾਰ ਪੰਥ ਵਿਰੋਧੀ ਪਰਿਵਾਰ ਹੈ। ਉਨ੍ਹਾਂ ਕਿਹਾ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਲੈ ਕੇ ਬਾਦਲ ਪਰਿਵਾਰ ਨੂੰ ਹੱਥਾਂ-ਪੈਰਾਂ ਦੀ ਪੈ ਗਈ ਹੈ। ਬਾਦਲ ਪਰਿਵਾਰ ਵੱਲੋਂ ਕਦੇ ਵੀ ਸਿਰਸਾ ਮੁਖੀ ਰਾਮ ਰਹੀਮ ਖਿਲਾਫ਼ ਕੁਝ ਨਹੀਂ ਬੋਲਿਆ ਗਿਆ ਕਿਉਂਕਿ ਵੋਟਾਂ ਦੌਰਾਨ ਬਾਦਲ ਪਰਿਵਾਰ ਨੇ ਰਾਮ ਰਹੀਮ ਦੀ ਮਦਦ ਲਈ ਸੀ। ਇਸ ਦੌਰਾਨ ਬੁਲਾਰੀਆ ਨੇ ਬਾਦਲ ਪਰਿਵਾਰ ਦੀ ਰਾਮ ਰਹੀਮ ਦੇ ਡੇਰੇ ਵਿਚ ਮੁਲਾਕਾਤ ਕਰਨ ਸਮੇਂ ਇਕ ਤਸਵੀਰ ਵੀ ਪੱਤਰਕਾਰਾਂ ਸਾਹਮਣੇ ਪੇਸ਼ ਕੀਤੀ। ਬੁਲਾਰੀਆ ਨੇ ਦੱਸਿਆ ਕਿ ਸਭ ਜਾਣਦੇ ਹਨ ਕਿ ਕਿਸ ਤਰ੍ਹਾਂ ਜਥੇਦਾਰਾਂ ਦੇ ਨਾਂ ਲਿਫ਼ਾਫਿਆਂ ਵਿਚੋਂ ਨਿਕਲਦੇ ਹਨ ਅਤੇ ਜੋ ਜਥੇਦਾਰ ਬਾਦਲ ਪਰਿਵਾਰ ਦਾ ਕਹਿਣਾ ਨਹੀਂ ਮੰਨਦੇ ਉਨ੍ਹਾਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਹਟਾ ਦਿੱਤਾ ਜਾਂਦਾ ਹੈ।



## ਵਿਦੇਸ਼ ਵਿਚ ਵੀ ਹੈ ਸੌਦਾ ਸਾਧ ਦੀ ਜਾਇਦਾਦ

ਡੇਰਾ ਸਿਰਸਾ ਵਲੋਂ ਵਿਦੇਸ਼ੀ ਜਾਇਦਾਦ ਹਾਸਲ ਕਰਨ ਦੀ ਜਾਣਕਾਰੀ ਏਜੰਸੀ ਦੇ ਸਾਹਮਣੇ ਆਈ ਹੈ। ਏਜੰਸੀ ਨੇ ਜਾਣਕਾਰੀ ਦਿੱਤੀ ਹੈ ਕਿ ਵਿਦੇਸ਼ੀ ਜਾਇਦਾਦ ਦੇ ਦਸਤਾਵੇਜ਼ਾਂ ਦੀ ਪੜਤਾਲ ਕਰਨ ਤੋਂ ਬਾਅਦ ਡੇਰਾ ਮੁਖੀ ਅਤੇ ਉਸ ਦੀ ਬੇਟੀ ਚਰਨਪ੍ਰੀਤ ਦਾ ਨਾਂ ਸਾਹਮਣੇ ਆਇਆ ਹੈ।
ਇਸ ਨੂੰ ਲੈ ਕੇ ਜਾਂਚ ਕੀਤੀ ਜਾ ਰਹੀ ਹੈ ਅਤੇ ਮਾਮਲੇ ਵਿਚ ਉਸ ਨੂੰ ਵੀ ਸੰਮਨ ਜਾਰੀ ਕੀਤੇ ਗਏ ਹਨ। ਡੇਰਾ ਆਦਿ ਦੀ ਵਿਦੇਸ਼ੀ ਜਾਇਦਾਦ ਦਾ ਮਾਲਿਕਾਨਾ ਹੱਕ ਜਾਣਨ ਲਈ ਇਗਮੋਂਟ ਗਰੁੱਪ ਆਫ ਫਾਈਨਾਂਸ਼ੀਅਲ ਯੂਨਿਟਸ ਨੂੰ ਜਾਣਕਾਰੀ ਦਿੱਤੀ ਗਈ ਹੈ।

## ਡੇਰੇ ਦੇ ਵਰਕਰ ਹੋਏ ਬੇਰੁਜ਼ਗਾਰ

ਸੌਦਾ ਸਾਧ ਨੂੰ ਜੇਲ੍ਹ ਹੋਣ ਤੋਂ ਬਾਅਦ ਡੇਰੇ ਨਾਲ ਜੁੜੀਆਂ ਕਈ ਸੰਸਥਾਵਾਂ ਇਸ ਦੇ ਅਸਰ ਹੇਠ ਆਈਆਂ ਹਨ। ਇਸੇ ਤਰ੍ਹਾਂ ਸਾਮਾਜਿਕ ਕੰਮਾਂ ਲਈ ਬਣਾਈ ਗਈ ਸੰਸਥਾ ਗਰੀਨ ਐੱਸ ਵੈਲਫੇਅਰ ਫੋਰਸ ਵਿੱਚ ਕੰਮ ਕਰਨ ਵਾਲੇ ਕਈ ਵਿਅਕਤੀਆਂ ਨੂੰ ਹਟਾ ਦਿੱਤਾ ਗਿਆ ਤੇ ਕਈ ਖੁਦ ਹੀ ਡੇਰੇ ਦੀਆਂ ਫੈਕਟਰੀਆਂ ਤੇ ਹੋਰਨਾਂ ਅਦਾਰਿਆਂ ਨੂੰ ਛੱਡ ਕੇ ਆ ਗਏ।

## 'ਸੌਦਾ ਸਾਧ ਦਾ ਅਦਿਤਿਆ ਇੰਸਾ ਅਪਣਾ ਰਿਹਾ ਹੈ ਬਚਣ ਦੇ ਤਰੀਕੇ'

ਡੇਰਾ ਸਿਰਸਾ ਦੀ ਪ੍ਰਧਾਨ ਵਿਪਾਸਨਾ ਇੰਸਾਂ ਅਜੇ ਵੀ ਹਰਿਆਣਾ ਪੁਲੀਸ ਦੇ ਹੱਥ ਨਹੀਂ ਆ ਸਕੀ ਪਰ ਈਡੀ ਉਸ ਤੋਂ ਦੋ ਵਾਰ ਪੁੱਛਗਿੱਛ ਕਰ ਚੁੱਕਾ ਹੈ। ਈਡੀ ਨੇ ਅੱਠ ਅਗਸਤ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਸੌਂਪੀ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਇਸ ਦੌਰਾਨ ਵਿਪਾਸਨਾ ਤੋਂ ਦੋ ਵਾਰ ਪੁੱਛਗਿੱਛ ਕੀਤੀ ਗਈ ਹੈ। ਏਜੰਸੀ ਡੇਰੇ ਦੀ ਵਿੱਤੀ ਜਾਇਦਾਦ ਤੇ ਵਿੱਤੀ ਗਤੀਵਿਧੀਆਂ ਵਿਚ ਕਥਿਤ ਬੇਨਿਯਮੀਆਂ ਦੀ ਜਾਂਚ ਕਰ ਰਹੀ ਹੈ। ਵਿਪਾਸਨਾ ਇਸ ਸਾਲ ਫਰਵਰੀ ਵਿਚ ਮਾਮਲੇ ਵਿਚ ਆਪਣੇ ਨਾਂ ਜੁੜਨ ਤੋਂ ਪਹਿਲਾਂ ਹਰਿਆਣਾ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ ਸਾਹਮਣੇ ਪੇਸ਼ ਹੋਈ ਸੀ। ਇਸ ਤੋਂ ਬਾਅਦ ਉਹ ਪੁਲੀਸ ਦੇ ਹੱਥ ਨਹੀਂ ਲੱਗੀ। ਪੁਲੀਸ ਨੇ ਆਦਿੱਤਿਆ ਬਾਰੇ ਸੂਚਨਾ ਦੇਣ ਵਾਲੇ ਨੂੰ ਪੰਜ ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਵੀ ਕੀਤਾ ਹੋਇਆ ਹੈ। ਪੰਚਕੂਲਾ ਹਿੰਸਾ ਵਿੱਚ ਡੇਰੇ ਨਾਲ ਸਬੰਧਿਤ ਅਦਿਤਿਆ ਇੰਸਾ ਸਣੇ ਹੋਰਨਾਂ ਨੂੰ ਦੋਸ਼ੀ ਠਹਿਰਾਇਆ ਗਿਆ। ਪੁਲਿਸ ਉਸ ਨੂੰ ਗ੍ਰਿਫ਼ਤਾਰ ਕਰਨ ਵਿੱਚ ਨਾ-ਕਾਮਯਾਬ ਰਹੀ ਹੈ।



ਅਦਿਤਿਆ ਇੰਸਾ ਉਰਫ਼ ਅਦਿਤਿਆ ਅਰੋੜਾ ਦਾ ਸਬੰਧ ਮੁਹਾਲੀ ਸ਼ਹਿਰ ਨਾਲ ਹੈ। 25 ਅਗਸਤ ਜਿਸ ਦਿਨ ਸੌਦਾ ਸਾਧ ਨੂੰ ਰੇਪ ਮਾਮਲੇ ਵਿੱਚ ਦੋਸ਼ੀ ਐਲਾਨਿਆ ਗਿਆ ਉਸ ਦਿਨ ਤੱਕ ਅਦਿਤਿਆ ਇੰਸਾ ਵੱਖ-ਵੱਖ ਟੀਵੀ ਚੈਨਲਾਂ ਉੱਤੇ ਅੰਤਿਮ ਵਾਰ ਇੰਟਰਵਿਊ ਦਿੰਦਾ ਦਿਖਾਈ ਦਿੱਤਾ। ਜਦੋਂ ਹਰਿਆਣਾ ਪੁਲਿਸ ਨੇ ਡੇਰੇ ਦੇ ਪ੍ਰਬੰਧਕਾਂ ਦੀਆਂ ਗ੍ਰਿਫ਼ਤਾਰੀਆਂ ਕਰਨੀਆਂ ਸ਼ੁਰੂ ਕੀਤੀਆਂ ਤਾਂ ਉਹ ਅਚਾਨਕ ਲਾਪਤਾ ਹੋ ਗਿਆ।
ਹਰਿਆਣਾ ਪੁਲਿਸ ਦੇ ਡਾਇਰੈਕਟਰ ਜਨਰਲ ਪੀਕੇ ਅਗਰਵਾਲ ਜੋ ਕਿ ਪੰਚਕੂਲਾ ਹਿੰਸਾ ਦੀ ਜਾਂਚ ਲਈ ਬਣਾਈ ਗਈ ਐਸਆਈਟੀ ਦੇ ਮੁਖੀ ਹਨ, ਨੇ ਕਿਹਾ ਕਿ ਅਦਿਤਿਆ ਬਚਣ ਦੇ ਤਰੀਕੇ ਅਪਣਾ ਰਿਹਾ ਹੈ ਪਰ ਫਿਰ ਵੀ ਪੁਲਿਸ ਉਸ ਦੀ ਗ੍ਰਿਫ਼ਤਾਰੀ ਦੀ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ, "ਅਦਿਤਿਆ ਦੇਸ ਵਿੱਚ ਹੀ ਹੈ ਜਾਂ ਵਿਦੇਸ਼ ਚਲਾ ਗਿਆ ਹੈ, ਇਸ ਬਾਰੇ ਪੁਲਿਸ ਨੂੰ ਕੋਈ ਜਾਣਕਾਰੀ ਨਹੀਂ ਹੈ। ਅਦਿਤਿਆ ਡੇਰਾ ਮੁਖੀ ਦਾ ਮੁੱਖ ਰਾਜ਼ਦਾਰ ਹੈ, ਇਸ ਲਈ ਉਸ ਦੀ ਭਾਲ ਲਈ ਪੁਲਿਸ ਵੱਲੋਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।"
48 ਸਾਲਾ ਅਦਿਤਿਆ ਇੰਸਾ ਨਾਲ ਇਸ ਪੱਤਰਕਾਰ ਦੀਆਂ ਕਈ ਮੀਟਿੰਗਾਂ ਹੋਈਆਂ ਸਨ। ਇਸ ਦੌਰਾਨ ਉਹ ਦੱਸਿਆ ਕਰਦਾ ਸੀ ਕਿ ਉਸ ਨੇ ਆਲ ਇੰਡੀਆ ਇੰਸਟੀਚਿਊਟ ਫ਼ਾਰ ਮੈਡੀਕਲ ਸਾਇੰਸਜ਼, ਦਿੱਲੀ ਵਿੱਚੋਂ ਮੈਡੀਕਲ ਦੀ ਪੜਾਈ ਕੀਤੀ ਅਤੇ ਫਿਰ ਨੇਤਰ ਵਿਗਿਆਨ ਵਿੱਚ ਮੁਹਾਰਤ ਹਾਸਲ ਕੀਤੀ। ਅਦਿਤਿਆ ਨੇ ਦੱਸਿਆ ਸੀ ਕਿ ਉਹ ਡੇਰਾ ਮੁਖੀ ਦੀਆਂ ਅਲੌਕਿਕ ਸ਼ਕਤੀਆਂ ਤੋਂ ਪ੍ਰਭਾਵਿਤ ਹੋ ਗਿਆ ਅਤੇ ਉਸ ਨੇ ਆਪਣਾ ਪੂਰਾ ਜੀਵਨ ਡੇਰੇ ਨੂੰ ਸਮਰਪਿਤ ਕਰਨ ਦਾ ਫ਼ੈਸਲਾ ਕੀਤਾ।

**ਡੇਰਾ ਮੁਖੀ ਦੀ ਜ਼ਮਾਨਤ ਅਰਜ਼ੀ ਰੱਦ :** ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਪੰਚਕੂਲਾ ਸਥਿਤ ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ 400 ਸਾਧੂਆਂ ਨੂੰ ਨਿਪੁੰਸਕ ਬਣਾਉਣ ਦੇ ਮਾਮਲੇ ਵਿੱਚ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਡੇਰਾ ਮੁਖੀ ਦੋ ਸਾਧਵੀਆਂ ਨਾਲ ਬਲਾਤਾਕਾਰ ਦੇ ਮਾਮਲੇ ਵਿੱਚ ਪਹਿਲਾਂ ਹੀ ਜੇਲ੍ਹ ਵਿੱਚ ਵੀਹ ਸਾਲ ਦੀ ਕੈਦ ਦੀ ਸਜ਼ਾ ਕੱਟ ਰਿਹਾ ਹੈ।

# ਆਰਐਸਐਸ ਆਗੂ ਦੀਨ ਦਿਆਲ ਉਪਾਧਿਆਇ ਦੀ ਮੌਤ ਕਿਵੇਂ ਹੋਈ ?

- **ਜਨਸੰਘ ਦੇ ਸੀਨੀਅਰ ਨੇਤਾ ਮਧੋਕ ਨੇ ਲਗਾਏ ਦੋਸ਼ ਕਿ ਵਾਜਪਾਈ, ਨਾਨਜੀ ਦੇਸ਼ਮੁਖ ਨੇ ਕਰਵਾਇਆ ਕਤਲ**
- **ਮਧੋਕ ਨੇ ਇਹ ਸਾਰੇ ਖੁਲਾਸੇ ਆਪਣੀ ਆਤਮ ਕਥਾ ਜ਼ਿੰਦਗੀ ਦਾ ਸਫਰ ਤੀਸਰੇ ਅਧਿਆਇ ਵਿਚ ਕੀਤੇ**

**ਪ੍ਰੋ. ਬਲਵਿੰਦਰਪਾਲ ਸਿੰਘ**

ਇਹ ਸੰਨ 1968 ਦੀਆਂ ਸਰਦੀਆਂ ਦੀ ਗੱਲ ਹੈ। ਸੰਸਦ ਦਾ ਬਜਟ ਸ਼ੁਰੂ ਹੋਣ ਵਾਲਾ ਸੀ। ਇਸ ਦੌਰਾਨ ਜਨਸੰਘ ਨੇ 11 ਫਰਵਰੀ ਨੂੰ ਆਪਣੇ 35 ਮੈਂਬਰਾਂ ਵਾਲੇ ਸੰਸਦੀ ਦਲ ਦੀ ਦਿੱਲੀ ਵਿਚ ਬੈਠਕ ਬੁਲਾਈ ਸੀ। ਇਕ ਦਿਨ ਪਹਿਲਾਂ ਜਨਸੰਘ ਦੇ ਰਾਸ਼ਟਰੀ ਮੁਖੀ ਪੰਡਤ ਦੀਨ ਦਿਆਲ ਉਪਾਧਿਆਇ ਲਖਨਊ ਵਿਚ ਸਨ। ਉਹ ਆਪਣੀ ਧਰਮ ਭੈਣ ਲਤਾ ਖੰਨਾ ਨੂੰ ਮਿਲਣ ਲਈ ਆਏ ਹੋਏ ਸਨ। ਅਗਲੇ ਦਿਨ ਸੰਸਦੀ ਦਲ ਦੀ ਬੈਠਕ ਦੇ ਲਈ ਦਿੱਲੀ ਜਾਣਾ ਸੀ। ਆਖਿਰ ਅਜਿਹਾ ਕੀ ਹੋਇਆ ਕਿ ਪੰਡਤ ਦੀਨ ਦਿਆਲ ਉਪਾਧਿਆਇ ਨੂੰ ਦਿੱਲੀ ਦੀ ਬਜਾਏ ਪਟਨਾ ਜਾਣਾ ਪਿਆ। ਪੰਡਤ ਜੀ ਦੇ ਆਖਰੀ ਸਫ਼ਰ ਦਾ ਵੇਰਵਾ ਸਾਨੂੰ ਹਰੀਸ਼ ਸ਼ਰਮਾ ਦੀ ਪੁਸਤਕ ਪੰਡਤ ਦੀਨ ਦਿਆਲ ਉਪਾਧਿਆਇ ਵਿਚ ਮਿਲਦਾ ਹੈ।

10 ਫਰਵਰੀ ਦੀ 8 ਵਜੇ ਸਵੇਰੇ ਲਤਾ ਖੰਨਾ ਦੇ ਘਰ ਬਿਹਾਰ ਜਨਸੰਘ ਦੇ ਮੀਤ ਪ੍ਰਧਾਨ ਅਸ਼ਵਨੀ ਕੁਮਾਰ ਦਾ ਫੋਨ ਆਉਂਦਾ ਹੈ ਤੇ ਉਹ ਉਪਾਧਿਆਇ ਨੂੰ ਬਿਹਾਰ ਕਾਰਜਕਾਰਨੀ ਦੀ ਮੀਟਿੰਗ ਵਿਚ ਸ਼ਾਮਲ ਹੋਣ ਦੀ ਅਪੀਲ ਕਰਦਾ ਹੈ। ਉਪਾਧਿਆਇ ਇਸ ਤੋਂ ਬਾਅਦ ਦਿੱਲੀ ਵਿਚ ਸੁੰਦਰ ਭੰਡਾਰੀ ਨਾਲ ਗੱਲਬਾਤ ਕਰਨ ਦੇ ਬਾਅਦ ਬਿਹਾਰ ਜਾਣ ਦਾ ਫੈਸਲਾ ਕਰ ਲੈਂਦੇ ਹਨ। ਉਹ ਪਟਨਾ ਜਾਣ ਦੇ ਲਈ ਪਠਾਨਕੋਟ ਸਿਆਸਦਾ ਐਕਸਪ੍ਰੈੱਸ ਦੀ ਫਸਟ ਸ਼੍ਰੇਣੀ ਵਿਚ ਰਿਜ਼ਰਵੇਸ਼ਨ ਕਰਵਾ ਲੈਂਦੇ ਹਨ। ਟ੍ਰੇਨ ਦੀ ਪਹਿਲੀ ਸ਼੍ਰੇਣੀ ਦੇ ਬੋਗੀ ਦੇ ਏ ਕਪਾਰਟਮੈਂਟ ਵਿਚ ਉਨ੍ਹਾਂ ਨੂੰ ਸੀਟ ਮਿਲ ਜਾਂਦੀ ਹੈ। ਸ਼ਾਮ ਦੇ 7 ਵਜੇ ਉੱਤਰ ਪ੍ਰਦੇਸ਼ ਦੇ ਉਪ ਮੁਖ ਮੰਤਰੀ ਰਾਮ ਪ੍ਰਕਾਸ਼ ਗੁਪਤ ਤੇ ਉੱਤਰ ਪ੍ਰਦੇਸ਼ ਦੇ ਵਿਧਾਨ ਪ੍ਰੀਸ਼ਦ ਦੇ ਮੈਂਬਰ ਪਿਤੰਬਰ ਦਾਸ ਉਨ੍ਹਾਂ ਨੂੰ ਸਟੇਸ਼ਨ ਤੱਕ ਛੱਡਣ ਲਈ ਆਉਂਦੇ ਹਨ। ਬੋਗੀ ਦੇ ਇਸ ਕੰਪਾਰਟਮੈਂਟ ਦੀ ਇਕ ਹੋਰ ਸੀਟ ਜਿਉਗਰਫੀਕਲ ਸਰਵੇ ਆਫ਼ ਇੰਡੀਆ ਦੇ ਐਮਪੀ ਸਿੰਘ ਦੇ ਲਈ ਰਿਜ਼ਰਵ ਸੀ, ਉਹ ਆਪਣੀ ਟ੍ਰੇਨਿੰਗ ਦੇ ਲਈ ਪਟਨਾ ਜਾ ਰਿਹਾ ਸੀ। ਇਸ ਬੋਗੀ ਦੇ ਕਪਾਰਟਮੈਂਟ -ਬੀ ਵਿਚ ਇਕ ਕਾਂਗਰਸੀ ਨੇਤਾ ਗੌਰੀ ਸ਼ੰਕਰ ਰਾਇ ਮੈਂਬਰ ਵਿਧਾਨ ਪ੍ਰੀਸ਼ਦ ਉੱਤਰ ਪ੍ਰਦੇਸ਼ ਲਖਨਊ ਤੋਂ ਸਫਰ ਕਰ ਰਿਹਾ ਸੀ। ਗੱਡੀ ਚੱਲਣ ਦੇ ਕੁਝ ਸਮੇਂ ਬਾਅਦ ਪੰਡਤ ਜੀ ਨੇ ਆਪਣੀ ਸੀਟ ਗੌਰੀ ਸ਼ੰਕਰ ਰਾਇ ਨਾਲ ਬਦਲ ਲਈ। ਟ੍ਰੇਨ ਬਾਰਾਬੰਕੀ, ਫੈਜ਼ਾਬਾਦ, ਅਕਬਰਪੁਰ ਤੇ ਸ਼ਾਹਗੰਜ ਪਾਰ ਕਰਦੇ ਹੋਏ ਜੌਨਪੁਰ ਪਹੁੰਚੀ। ਉਸ ਸਮੇਂ ਰਾਤ ਦੇ ਠੀਕ 12 ਵਜੇ ਸਨ। ਇੱਥੇ ਉਨ੍ਹਾਂ ਦੀ ਮੁਲਾਕਾਤ ਜੌਨਪੁਰ ਦੇ ਮਹਾਰਾਜ ਦੇ ਕਰਮਚਾਰੀ ਕਨਈਆ ਨਾਲ ਹੋ ਗਈ। ਕਨਈਆ ਮਹਾਰਾਜ ਵਲੋਂ ਇਕ ਖਤ ਲੈ ਕੇ ਆਇਆ ਸੀ। ਖਤ ਲੈਂਦੇ ਸਮੇਂ ਹੀ ਦੀਨ ਦਿਆਲ ਨੂੰ ਯਾਦ ਆਇਆ ਕਿ ਉਹ ਆਪਣੀ ਐਨਕ ਕੰਪਾਰਟਮੈਂਟ ਵਿਚ ਭੁਲ ਆਇਆ ਹੈ। ਉਹ ਕਨਈਆ ਨੂੰ ਲੈ ਕੇ ਕੰਪਾਰਟਮੈਂਟ ਦੇ ਅੰਦਰ ਆ ਗਿਆ। ਦੀਨ ਦਿਆਲ ਨੇ ਖਤ ਪੜ੍ਹਨ ਦੇ ਬਾਅਦ ਕਨਈਆ ਨੂੰ ਕਿਹਾ ਕਿ ਜਲਦ ਹੀ ਮਹਾਰਾਜ ਨੂੰ ਖਤ ਦੇ ਸੰਬੰਧ ਵਿਚ ਜੁਆਬ ਭੇਜੇਗਾ। ਇਸ ਦੌਰਾਨ ਰਾਤ 12:12 'ਤੇ ਟ੍ਰੇਨ ਚਲ ਪਈ। ਇਥੋਂ ਚਲ ਕੇ ਗੱਡੀ ਬਨਾਰਸ ਪਹੁੰਚੀ ਤੇ ਫਿਰ 2:15 ਮਿੰਟ ਤੱਕ ਮੁਗਲਸਰਾਇ ਜੰਕਸ਼ਨ ਦੇ ਪਲੇਟਫਾਰਮ ਨੰਬਰ 1 'ਤੇ ਆ ਕੇ ਰੁਕੀ। ਇਹ ਗੱਡੀ ਪਟਨਾ ਨਹੀਂ ਜਾਂਦੀ ਸੀ। ਇਸ ਲਈ ਇਸ ਡੱਬੇ ਨੂੰ ਦਿੱਲੀ ਹਾਵੜਾ ਐਕਸਪ੍ਰੈਸ ਨਾਲ ਜੋੜ ਦਿੱਤਾ ਜਾਣਾ ਸੀ। ਇਸ ਪ੍ਰਕਿਰਿਆ ਵਿਚ ਅੱਧੇ ਘੰਟੇ ਦਾ ਸਮਾਂ ਲਗ ਜਾਣਾ ਸੀ ਤੇ ਗੱਡੀ ਢਾਈ ਵਜੇ ਚਲਣੀ ਸੀ ਤੇ ਸਵੇਰੇ 6 ਵਜੇ ਪਟਨਾ ਜੰਕਸ਼ਨ ਪਹੁੰਚਣੀ ਸੀ। ਗੱਡੀ ਜਦ ਪਟਨਾ ਪਹੁੰਚੀ, ਉਥੇ ਪੰਡਤ ਜੀ ਨੂੰ ਲੈਣ ਦੇ ਲਈ ਕੈਲਾਸ਼ਪਤੀ ਮਿਸ਼ਰ ਸਟੇਸ਼ਨ 'ਤੇ ਮੌਜੂਦ ਸਨ। ਉਨ੍ਹਾਂ ਨੇ ਪੂਰੀ ਬੋਗੀ ਦੇਖੀ ਪਰ ਪੰਡਤ ਜੀ ਉੱਥੇ ਨਹੀਂ ਸਨ। ਕੈਲਾਸ਼ਪਤੀ ਨੇ ਸੋਚਿਆ ਕਿ ਸ਼ਾਇਦ ਪਟਨਾ ਜੀ ਪਟਨਾ ਆਉਣ ਦੀ ਬਜਾਏ ਦਿੱਲੀ ਚਲੇ ਗਏ ਤੇ ਉਹ ਵਾਪਸ ਘਰ ਆ ਗਿਆ। ਇਧਰ ਮੁਗਲਸਰਾਏ ਸਟੇਸ਼ਨ ਦੇ ਯਾਰਡ ਵਿਚ ਲਾਈਨ ਤੋਂ ਤਕਰੀਬਨ ਡੇਢ ਸੌ ਗਜ ਦੂਰ ਇਕ ਬਿਜਲੀ ਦੇ ਖੰਭੇ ਦੇ ਨੇੜੇ ਇਕ ਲਾਸ਼ ਪਈ ਸੀ। ਇਸ ਲਾਸ਼ ਨੂੰ ਸਭ ਤੋਂ ਪਹਿਲਾਂ ਰਾਤ ਤਕਰੀਬਨ ਸਾਢੇ ਤਿੰਨ ਵਜੇ ਲੀਵਰਮੈਨ ਈਸ਼ਵਰ ਦਿਆਲ ਨੇ ਦੇਖਿਆ ਤੇ ਉਸ ਨੇ ਸਹਾਇਕ ਸਟੇਸ਼ਨ ਮਾਸਟਰ ਨੂੰ ਇਸ ਦੀ ਸੂਚਨਾ ਦਿੱਤੀ। ਪੰਜ ਮਿੰਟ ਬਾਅਦ ਸਟੇਸ਼ਨ ਮਾਸਟਰ ਮੌਕੇ 'ਤੇ ਪਹੁੰਚਿਆ। ਉਨ੍ਹਾਂ ਨੇ ਕਾਰਵਾਈ ਰਜਿਸਟਰ ਵਿਚ ਪਟੜੀ ਕੋਲ ਪਏ ਇਸ ਆਦਮੀ ਦੇ ਬਾਰੇ ਦਰਜ ਕੀਤਾ ਕਿ ਇਹ ਮਰ ਚੁੱਕਾ ਹੈ। ਅਗਲੀ ਕਾਰਵਾਈ ਪੁਲੀਸ ਨੇ ਕੀਤੀ। ਇਸ ਦੇ ਬਾਅਦ ਰੇਲਵੇ ਡਾਕਟਰ ਨੂੰ ਲਾਸ਼ ਦਾ ਮੁਆਇਨਾ ਕਰਨ ਲਈ ਬੁਲਾਇਆ ਗਿਆ। ਡਾਕਟਰ ਨੇ ਲਾਸ਼ ਦਾ ਮੁਆਇਨਾ ਕਰਕੇ ਉਸ ਨੂੰ ਮਰਿਆ ਕਰਾਰ ਦੇ ਦਿੱਤਾ। ਪੁਲੀਸ ਦੇ ਵੇਰਵੇ ਅਨੁਸਾਰ ਲਾਸ਼ ਕੋਲੋਂ ਹੇਠ ਲਿਖਿਆ ਸਮਾਨ ਬਰਾਮਦ ਕੀਤਾ ਗਿਆ। ਇਕ ਫਸਟ ਕਲਾਸ ਦੀ ਟਿਕਟ, ਹੱਥ ਵਿਚ ਬੰਨੀ ਘੜੀ ਜਿਸ 'ਤੇ ਨਾਨਾ ਦੇਸ਼ਮੁਖ ਦਾ ਨਾਮ ਦਰਜ ਸੀ ਤੇ 26 ਰੁਪਏ। ਇਸ ਸਟੇਸ਼ਨ ਦਾ ਮਾਲੀ ਭੱਟਾਚਾਰੀਆ ਦੀਨ ਦਿਆਲ ਨੂੰ ਜਾਣਦਾ ਸੀ। ਉਸ ਨੇ ਲਾਸ਼ ਦੀ ਸ਼ਨਾਖਤ ਕੀਤੀ। ਪਰ ਪੁਲੀਸ ਇਸ ਨੂੰ ਮੰਨਣ ਨੂੰ ਤਿਆਰ ਨਹੀਂ ਸੀ ਕਿ ਇਹ ਦੀਨ ਦਿਆਲ ਹੈ। ਭੱਟਾਚਾਰੀ ਬਾਬੂ ਨੇ ਇਸ ਦੀ ਸੂਚਨਾ ਸਥਾਨਕ ਜਨਸੰਘ ਆਗੂਆਂ ਨੂੰ ਦੇ ਦਿੱਤੀ ਤੇ ਇਸ ਦੇ ਬਾਅਦ ਟਿਕਟ ਦੇ ਨੰਬਰ ਨੂੰ ਮਿਲਾ ਕੇ ਦੀਨ ਦਿਆਲ ਦੀ ਲਾਸ਼ ਨੂੰ ਪਛਾਣ ਲਿਆ।

**ਕਿੱਥੇ ਗਿਆ ਬਾਕੀ ਦਾ ਸਮਾਨ** : ਸਵੇਰੇ 9.30 ਵਜੇ ਦਿੱਲੀ ਹਾਵੜਾ ਐਕਸਪ੍ਰੈੱਸ ਮੁਕਾਮਾ ਰੇਲਵੇ ਸਟੇਸ਼ਨ ਪਹੁੰਚੀ, ਜਿੱਥੇ ਗੱਡੀ ਦੀ ਪਹਿਲੀ ਸ਼੍ਰੇਣੀ ਬੋਗੀ ਵਿਚ ਚੜ੍ਹੇ ਯਾਤਰੀ ਨੇ ਸੀਟ ਦੇ ਹੇਠਾਂ ਇਕ ਲਾਵਾਰਸ ਸੂਟਕੇਸ ਦੇਖਿਆ, ਉਸ ਨੇ ਇਸ ਨੂੰ ਚੁੱਕ ਕੇ ਰੇਲਵੇ ਕਰਮਚਾਰੀਆਂ ਨੂੰ ਦੇ ਦਿੱਤਾ। ਬਾਅਦ ਵਿਚ ਪਤਾ ਲੱਗਾ ਕਿ ਇਹ ਸੂਟਕੇਸ ਪੰਡਤ ਦੀਨ ਦਿਆਲ ਦਾ ਸੀ। ਪੁਲੀਸ ਨੂੰ ਇਸ ਮਾਮਲੇ ਵਿਚ ਐਮਪੀ ਸਿੰਘ ਰਾਹੀਂ ਸੁਰਾਗ ਮਿਲਿਆ। ਐਮਪੀ ਸਿੰਘ ਨੇ ਦੱਸਿਆ ਕਿ ਜਦ ਉਹ ਮੁਗਲਸਰਾਇ ਦੇ ਟਾਇਲਟ



ਇਸਤੇਮਾਲ ਕਰਨ ਗਿਆ ਸੀ ਤਾਂ ਉਸ ਨੂੰ ਪਤਾ ਲੱਗਾ ਕਿ ਇਸ ਦਾ ਦਰਵਾਜ਼ਾ ਬੰਦ ਸੀ। ਇਸ ਦੌਰਾਨ ਉਨ੍ਹਾਂ ਨੇ ਦੇਖਿਆ ਕਿ ਕੋਈ 20-22 ਸਾਲ ਦਾ ਨੌਜਵਾਨ ਉਪਾਧਿਆਇ ਦੇ ਬਿਸਤਰੇ ਨੂੰ ਚੁੱਕ ਕੇ ਬਾਹਰ ਲਿਜਾ ਰਿਹਾ ਸੀ। ਜਦ ਉਸ ਨੌਜਵਾਨ ਤੋਂ ਇਸ ਬਾਰੇ ਪੁਛਿਆ ਗਿਆ ਤਾਂ ਉਸ ਨੇ ਦਸਿਆ ਕਿ ਉਸ ਦੇ ਪਿਤਾ ਇਥੇ ਗੱਡੀ ਤੋਂ ਉਤਰ ਚੁੱਕੇ ਹਨ। ਇਸ ਲਈ ਉਹ ਬਿਸਤਰਾ ਲਿਜਾ ਰਿਹਾ ਹੈ। ਪੁਲੀਸ ਨੇ ਉਸ ਲੜਕੇ ਨੂੰ ਲਭ ਲਿਆ, ਜਿਸ ਦਾ ਨਾਮ ਲਾਲਤਾ ਸੀ। ਲਾਲਤਾ ਨੇ ਪੁਛਗਿੱਛ ਵਿਚ ਦੱਸਿਆ ਕਿ ਰਾਮ ਅਵਧ ਦੇ ਨਾਮ ਦੇ ਇਕ ਆਦਮੀ ਨੇ ਕਿਹਾ ਸੀ ਕਿ ਫਲਾਣੀ ਬਰਥ ਦੇ ਲਾਵਾਰਸ ਬਿਸਤਰਾ ਪਿਆ ਹੈ, ਉਸ ਨੂੰ ਚੁੱਕ ਕੇ ਲੈ ਆ। ਲਾਲਤਾ ਦੇ ਮੁਤਾਬਕ ਉਸ ਨੇ ਇਹ ਬਿਸਤਰਾ ਕਿਸੇ ਅਣਜਾਨ ਵਿਅਕਤੀ ਨੂੰ ਵੇਚ ਦਿੱਤਾ ਸੀ। ਇਸ ਤਰ੍ਹਾਂ ਭਰਤ ਨਾਮ ਦੇ ਸਫਾਈ ਕਰਮਚਾਰੀ ਕੋਲੋਂ ਉਪਾਧਿਆਇ ਦਾ ਜੈਕੇਟ ਤੇ ਕੁਰਤਾ ਬਰਾਮਦ ਕੀਤਾ ਗਿਆ।

**ਪੁਲੀਸ ਜਾਂਚ ਵਿਚ ਕੀ ਸਾਹਮਣੇ ਆਇਆ** : 13 ਫਰਵਰੀ 1968 ਦਿੱਲੀ ਹਾਵੜਾ ਐਕਸਪ੍ਰੈੱਸ ਦੀ ਬੋਗੀ ਨੂੰ ਰੇਲਵੇ ਡਾਇਰੈਕਟਰ ਸਬੋਧ ਮੁਕਰਜੀ ਦੀ ਨਿਗਰਾਨੀ ਵਿਚ ਹਾਵੜਾ ਤੋਂ ਤੂਫ਼ਾਨ ਐਕਸਪ੍ਰੈੱਸ ਵਿਚ ਜੋੜ ਕੇ ਮੁਗਲਸਰਾਇ ਲਿਆਂਦਾ ਗਿਆ। ਇਸ ਬੋਗੀ ਦੀ ਜਾਂਚ ਦੇ ਲਈ ਦਿੱਲੀ ਤੋਂ ਦੋ ਤੇ ਕਲਕੱਤਾ ਤੋਂ ਤਿੰਨ ਮਾਹਿਰ ਬੁਲਾਏ ਗਏ। ਜਾਂਚ ਵਿਚ ਟਾਇਲਟ ਵਿਚ ਮਿੱਟੀ ਦੇ ਕੁਲੜ ਵਿਚ ਪਏ ਫਿਨਾਇਲ ਤੋਂ ਇਲਾਵਾ ਕੁਝ ਵੀ ਅਜਿਹਾ ਨਹੀਂ ਪ੍ਰਾਪਤ ਹੋਇਆ, ਜਿਸ ਨੂੰ ਸਬੂਤ ਦੇ ਤੌਰ 'ਤੇ ਪੇਸ਼ ਕੀਤਾ ਜਾਵੇ। ਮਾਮਲਾ ਸੀਬੀਆਈ ਨੂੰ ਦੇ ਦਿੱਤਾ ਗਿਆ। ਹਾਲਾਂਕਿ ਬੋਗੀ ਦੇ ਕੰਡਕਟਰ ਨੇ ਬਿਆਨ ਵਿਚ ਦੱਸਿਆ ਸੀ ਕਿ ਬੋਗੀ ਦੇ ਸਵਾਰ ਕਿਸੇ ਮੇਜਰ ਸ਼ਰਮਾ ਨੇ ਉਸ ਨੂੰ ਬਨਾਰਸ ਸਟੇਸ਼ਨ ਆਉਣ 'ਤੇ ਉਠਾਉਣ ਦੇ ਲਈ ਕਿਹਾ ਸੀ। ਜਦ ਬਨਾਰਸ ਆਇਆ ਤਾਂ ਉਹ ਉਸ ਨੂੰ ਉਠਾਉਣ ਲੱਗਾ ਤਾਂ ਉਸ ਨੂੰ ਰਸਤੇ ਵਿਚ ਇਕ ਆਦਮੀ ਮਿਲਿਆ, ਜਿਸ ਨੇ ਉਪਾਧਿਆਇ ਦੀ ਲੋਈ ਲਪੇਟੀ ਹੋਈ ਸੀ। ਉਸ ਨੇ ਦੱਸਿਆ ਕਿ ਮੇਜਰ ਸ਼ਰਮਾ ਉਤਰ ਚੁੱਕੇ ਹਨ ਤੇ ਡੱਬੇ ਵਿਚ ਕੋਈ ਨਹੀਂ ਹੈ। ਪਟਨਾ ਸਟੇਸ਼ਨ ਦੇ ਜਮਾਦਾਰ ਭੋਲਾ ਦਾ ਖੁਲਾਸਾ ਵੀ ਕਹਾਣੀ ਦੇ ਕਈ ਅਲੱਗ ਪੱਖ ਉਜਾਗਰ ਕਰਦਾ ਹੈ। ਭੋਲਾ ਨੇ



ਪੁਲੀਸ ਨੂੰ ਦੱਸਿਆ ਕਿ ਉਸ ਨੂੰ ਇਕ ਆਦਮੀ ਨੇ ਬੋਗੀ ਸਾਫ਼ ਕਰਨ ਦੇ ਲਈ ਕਿਹਾ। ਭੋਲਾ ਨੇ ਅਜਿਹਾ ਹੀ ਕੀਤਾ ਪਰ ਉਸ ਨੂੰ ਹੁਕਮ ਦੇਣ ਵਾਲਾ ਆਦਮੀ ਬੋਗੀ ਵਿਚ ਨਹੀਂ ਚੜ੍ਹਿਆ। ਇਸ ਤੋਂ ਇਲਾਵਾ ਮੁਗਲਸਰਾਇ ਸਟੇਸ਼ਨ 'ਤੇ ਕੰਮ ਕਰਨ ਵਾਲੇ ਇਕ ਕਰਮਚਾਰੀ ਨੇ ਪੁਲੀਸ ਨੂੰ ਦਿੱਤੇ ਬਿਆਨ ਵਿਚ ਦੱਸਿਆ ਕਿ ਉਸ ਨੂੰ ਉਸ ਰਾਤ ਦੌਰਾਨ ਇਕ ਆਦਮੀ ਨੇ ਬੋਗੀ ਨੂੰ ਯਾਰਡ ਵਿਚ ਅੱਧਾ ਘੰਟਾ ਖੜ੍ਹਾ ਰੱਖਣ ਦੇ ਲਈ 400 ਰੁਪਏ ਦੇਣ ਦਾ ਵਾਅਦਾ ਕੀਤਾ ਸੀ। ਇਸ ਜਾਂਚ ਦੇ ਬਾਰੇ ਸੀਬੀਆਈ ਨੇ ਆਪਣੀ ਵੈਬਸਾਈਟ 'ਤੇ ਜੋ ਵੇਰਵਾ ਦਿੱਤਾ ਹੈ, ਉਸ ਦੇ ਮੁਤਾਬਕ ਸੀਬੀਆਈ ਨੂੰ 5 ਦਿਨਾਂ ਦੇ ਅੰਦਰ ਹੀ ਸੁਰਾਗ ਮਿਲ ਗਿਆ ਸੀ। ਦੋ ਹਫਤੇ ਦੇ ਅੰਦਰ ਕੇਸ ਸੁਲਝਾ ਲਿਆ ਗਿਆ। ਸੀਬੀਆਈ ਦੇ ਕੋਲ ਸਿਰਫ ਦੋ ਨਾਮ ਸਨ, ਜਿਸ ਦਾ ਕਿਸੇ ਨਾ ਕਿਸੇ ਕਿਸਮ ਦੇ ਸੰਬੰਧ ਇਸ ਕੇਸ ਦੇ ਨਾਲ ਜੋੜਿਆ ਜਾ ਸਕਦਾ ਹੈ। ਰਾਮ ਅਵਧ ਤੇ ਭਰਤ ਲਾਲ ਦੋਨਾਂ ਨੂੰ ਦੋਸ਼ੀ ਬਣਾ ਕੇ ਅਦਾਲਤ ਵਿਚ ਪੇਸ਼ ਕੀਤਾ ਗਿਆ।

ਦੀਨ ਦਿਆਲ ਦੀ ਮੌਤ ਦਾ ਮੁਕੱਦਮਾ ਵਾਰਾਣਸੀ ਦੇ ਵਿਸ਼ੇਸ਼ ਜ਼ਿਲ੍ਹਾ ਅਦਾਲਤ ਵਿਚ ਚੱਲਿਆ। ਘਟਨਾ ਦੇ ਤਕਰੀਬਨ 1 ਸਾਲ ਚਾਰ ਮਹੀਨੇ ਬਾਅਦ 9 ਜੂਨ 1969 ਨੂੰ ਇਸ ਮਾਮਲੇ ਵਿਚ ਸ਼ੈਸ਼ਨ ਕੋਰਟ ਦੇ ਜੱਜ ਮੁਰਲੀਧਰ ਨੇ ਆਪਣਾ ਫੈਸਲਾ ਸੁਣਾਇਆ। ਇਸ ਫੈਸਲੇ ਵਿਚ ਉਨ੍ਹਾਂ ਨੇ ਕਿਹਾ ਕਿ ਸੀਬੀਆਈ ਜਾਂਚ ਦੇ ਬਾਵਜੂਦ ਕਈ ਸਾਰੀਆਂ ਚੀਜ਼ਾਂ ਅਜਿਹੀਆਂ ਹਨ, ਜਿਸ ਦੇ ਕਾਰਨ ਸਪੱਸ਼ਟ ਨਹੀਂ। ਉਦਾਹਰਣ ਵਜੋਂ ਉਪਾਧਿਆਇ ਦੀ ਲਾਸ਼ ਦੀ ਮੁੱਠੀ ਵਿਚ ਇਕ ਪੰਜ ਰੁਪਏ ਦਾ ਨੋਟ ਮਿਲਿਆ, ਜਿਸ ਦਾ ਕੋਈ ਕਾਰਣ ਸਾਫ਼ ਨਹੀਂ ਹੋ ਸਕਿਆ। ਉਸ ਦੀ ਲਾਸ਼ ਯਾਰਡ ਵਿਚ ਬਰਾਮਦ ਹੋਈ, ਜਦ ਕਿ ਲਾਲਤਾ ਨਾਮ ਦੇ ਨੌਜਵਾਨ ਨੇ ਜਿਸ ਸਮੇਂ ਬਿਸਤਰਾ ਚੋਰੀ ਕੀਤਾ ਸੀ, ਗੱਡੀ ਤਦ ਪਲੇਟਫਾਰਮ 'ਤੇ ਖੜ੍ਹੀ ਸੀ। ਹਾਲਾਂ ਕਿ ਸੀਬੀਆਈ ਨੇ ਦੋਨਾਂ ਦੋਸ਼ੀਆਂ ਦੇ ਇਕਬਾਲੀਆ ਬਿਆਨ ਕੋਰਟ ਵਿਚ ਪੇਸ਼ ਕੀਤੇ। ਇਨ੍ਹਾਂ ਬਿਆਨਾਂ ਵਿਚ ਉਨ੍ਹਾਂ ਨੇ ਸਵੀਕਾਰ ਕੀਤਾ ਸੀ ਕਿ ਚੋਰੀ ਦਾ ਵਿਰੋਧ ਕਰ ਰਹੇ ਦੀਨ ਦਿਆਲ ਉਪਾਧਿਆਇ ਨੂੰ ਚਲਦੀ ਗੱਡੀ ਹੇਠਾਂ ਸੁੱਟ ਦਿੱਤਾ ਸੀ, ਪਰ ਦੀਨ ਦਿਆਲ ਨਾਲ ਸਫਰ ਕਰਨ ਰਹੇ ਐਮ ਪੀ ਸਿੰਘ ਦੇ ਬਿਆਨ ਵਿਚ ਇਸ ਤਰ੍ਹਾਂ ਦੀ ਘਟਨਾ ਦਾ ਜ਼ਿਕਰ ਨਹੀਂ ਹੈ। ਕੋਰਟ ਵਿਚ ਇਸ ਫੈਸਲੇ ਰਾਹੀਂ ਕਿਹਾ ਕਿ ਦੋਵੇਂ ਪੱਖ ਕੋਈ ਮਜ਼ਬੂਤ ਬਿਆਨ ਨਹੀਂ ਪੇਸ਼ ਕਰ ਸਕੇ, ਜਿਸ ਕਾਰਨ ਕੋਰਟ ਨਿਆਂਪੂਰਨ ਨਤੀਜੇ ਉੱਤੇ ਨਹੀਂ ਪਹੁੰਚ ਸਕੀ। ਸਬੂਤਾਂ ਦੀ ਘਾਟ ਕਾਰਨ ਦੋਨਾਂ ਦੋਸ਼ੀਆਂ ਨੂੰ ਕਤਲ ਦੇ ਦੋਸ਼ ਵਿਚੋਂ ਬਰੀ ਕਰ ਦਿੱਤਾ ਗਿਆ। ਹਾਲਾਂਕਿ ਭਰਤ ਲਾਲ ਜੋ ਕਿ ਚੋਰੀ ਕਰਨ ਦੇ ਦੋਸ਼ ਵਿਚ ਇਕ ਤੋਂ ਜ਼ਿਆਦਾ ਵਾਰ ਜੇਲ੍ਹ ਵਿਚ ਜਾ ਚੁੱਕਾ ਸੀ, ਉਸ ਨੂੰ ਚੋਰੀ ਦੇ ਦੋਸ਼ ਵਿਚ ਚਾਰ ਸਾਲ ਦੀ ਸਜ਼ਾ ਦਿੱਤੀ ਗਈ।

**ਕਤਲ ਦਾ ਰਹੱਸ ਖੁੱਲ੍ਹ ਨਾ ਸਕਿਆ** : ਦੀਨ ਦਿਆਲ ਉਪਾਧਿਆਇ ਦੇ ਮਰਨ ਦੇ ਬਾਅਦ ਜਨਸੰਘ ਦੀ ਕਮਾਂਡ ਵਾਜਪਾਈ ਦੇ ਹੱਥ ਆ ਗਈ ਸੀ। ਤਕਰੀਬਨ ਚਾਰ ਸਾਲ ਮੁਖੀ ਰਹਿਣ ਦੇ ਬਾਅਦ ਵਾਜਪਾਈ ਨੇ ਪਾਰਟੀ ਦੀ ਕਮਾਂਡ ਆਪਣੇ ਮਿੱਤਰ ਅਡਵਾਨੀ ਨੂੰ ਸੌਂਪ ਦਿੱਤੀ। ਉਸ ਸਮੇਂ ਤੱਕ ਜਨਸੰਘ ਵਿਚ ਧੜੇਬਾਜ਼ੀ ਕਾਫੀ ਤੇਜ਼ ਹੋ ਗਈ। 1973 ਦੌਰਾਨ ਕਾਨਪੁਰ ਵਿਚ ਜਨਸੰਘ ਦਾ ਸਮਾਗਮ ਹੋਇਆ। ਬਲਰਾਜ ਮਧੋਕ ਨੇ ਇਕ ਨੋਟ ਪੇਸ਼ ਕੀਤਾ, ਇਸ ਨੋਟ ਵਿਚ ਜਨਸੰਘ ਦੇ ਦ੍ਰਿਸ਼ਟੀਕੋਣ ਤੋਂ ਉਲਟ ਗੱਲਾਂ ਕਹੀਆਂ ਗਈਆਂ। ਇਸ ਤੋਂ ਇਲਾਵਾ ਜਨਸੰਘ ਉਪਰ ਆਰ ਐਸ ਐਸ ਦੇ ਵਧਦੇ ਪ੍ਰਭਾਵ ਨੂੰ ਲੈ ਕੇ ਅਲੋਚਨਾ ਕੀਤੀ ਗਈ। ਅਡਵਾਨੀ ਉਸ ਸਮੇਂ ਜਨਸੰਘ ਦੇ ਮੁਖੀ ਬਣ ਚੁੱਕੇ ਸਨ। ਉਨ੍ਹਾਂ ਨੇ ਬਲਰਾਜ ਮਧੋਕ ਨੂੰ ਅਨੁਸ਼ਾਸ਼ਨ ਤੋੜਨ ਦੇ ਦੋਸ਼ ਕਾਰਨ ਪਾਰਟੀ ਵਿਚੋਂ ਬਾਹਰ ਕੱਢ ਦਿੱਤਾ। ਜਿਸ ਪਾਰਟੀ ਦਾ ਸੰਵਿਧਾਨ ਖੁਦ ਮਧੋਕ ਨੇ ਲਿਖਿਆ ਸੀ, ਉਹ ਪਾਰਟੀ ਤੋਂ ਬਾਹਰ ਨਿਕਲਦੇ ਹੀ ਬਗਾਵਤ 'ਤੇ ਉਤਰ ਆਇਆ। ਉਸ ਨੇ ਦੀਨ ਦਿਆਲ ਉਪਾਧਿਆਇ ਨੂੰ ਰਾਜਨੀਤਕ ਕਤਲ ਦੱਸਿਆ। ਉਸ ਨੇ ਇਸ ਕਤਲ ਦੇ ਲਈ ਨਾਨਾ ਜੀ ਦੇਸ਼ਮੁਖ ਤੇ ਅਟਲ ਬਿਹਾਰੀ ਵਾਜਪਾਈ ਨੂੰ ਜ਼ਿੰਮੇਵਾਰ ਦੱਸਿਆ। ਮਧੋਕ ਇਸ ਹੱਤਿਆ ਦੇ ਪਿੱਛੇ ਜਨਸੰਘ ਵਿਚ ਚਲ ਰਹੇ ਧੜੇਬਾਜ਼ੀ ਨੂੰ ਜ਼ਿੰਮੇਵਾਰ ਮੰਨਦੇ ਹਨ। 1967 ਵਿਚ ਲੋਕ ਸਭਾ ਚੋਣ ਵਿਚ ਭਾਜਪਾ ਨੇ 9.4 ਫੀਸਦੀ ਵੋਟ ਹਾਸਲ ਕਰਕੇ ਪੈਂਤੀ ਸੀਟਾਂ 'ਤੇ ਆਪਣਾ ਕਬਜ਼ਾ ਕੀਤਾ ਸੀ, ਉਹ ਸਦਨ ਵਿਚ ਕਾਂਗਰਸ ਤੇ ਸੁਤੰਤਰ ਪਾਰਟੀ ਦੇ ਬਾਅਦ ਤੀਸਰੀ ਵੱਡੀ ਪਾਰਟੀ ਸੀ। ਮਧੋਕ ਕਹਿੰਦੇ ਹਨ ਕਿ ਦੀਨ ਦਿਆਲ ਉਪਾਧਿਆਇ ਨੇ ਵਾਜਪਾਈ ਤੇ ਨਾਨਾ ਦੇਸ਼ਮੁੱਖ ਨੂੰ ਅਹਿਮ ਅਹੁਦਿਆਂ ਤੋਂ ਦੂਰ ਰੱਖਿਆ ਇਸ ਕਾਰਨ ਨਾਨਾ ਦੇਸ਼ਮੁਖ ਨੇ ਉਪਾਧਿਆਇ ਦਾ ਕਤਲ ਕਰਵਾ ਦਿੱਤਾ। ਮਧੋਕ ਨੇ ਇਹ ਸਾਰੇ ਖੁਲਾਸੇ ਆਪਣੀ ਆਤਮ ਕਥਾ ਜ਼ਿੰਦਗੀ ਦਾ ਸਫਰ ਤੀਸਰੇ ਅਧਿਆਇ ਵਿਚ ਕੀਤੇ ਹਨ। ਉਹ ਕਹਿੰਦਾ ਹੈ ਕਿ 77 ਦੀ ਜਨਤਾ ਪਾਰਟੀ ਸਰਕਾਰ ਦੇ ਦੌਰ ਵਿਚ ਮੁੰਬਈ ਨਾਰਥ ਈਸਟ ਤੋਂ ਜਨਤਾ ਪਾਰਟੀ ਦੀ ਟਿਕਟ 'ਤੇ ਚੁਣ ਕੇ ਆਏ ਸੁਬਰਾਮਨੀਅਮ ਸੁਆਮੀ ਨੇ ਤਤਕਾਲੀਨ ਗ੍ਰਹਿ ਮੰਤਰੀ ਚੌਧਰੀ ਚਰਨ ਸਿੰਘ ਤੋਂ ਇਸ ਦੀ ਜਾਂਚ ਬਾਰੇ ਮੰਗ ਕੀਤੀ ਸੀ। ਮੁਰਾਰਜੀ ਦੇਸਾਈ ਦੇ ਮੰਤਰੀ ਮੰਡਲ ਵਿਚ ਸ਼ਾਮਲ ਵਿਦੇਸ਼ ਮੰਤਰੀ ਵਾਜਪਾਈ ਨੇ ਇਹ ਜਾਂਚ ਰੁਕਵਾ ਦਿੱਤੀ ਸੀ। ਇਹ ਕਮਾਲ ਦੀ ਗੱਲ ਹੈ ਕਿ ਜਿਸ ਨਾਨਾ ਜੀ ਦੇਸ਼ਮੁਖ 'ਤੇ ਮਧੋਕ ਕਤਲ ਦਾ ਇਲਜ਼ਾਮ ਲਗਾ ਰਹੇ ਹਨ, ਉਹ ਦੀਨ ਦਿਆਲ ਦੇ ਕਤਲ ਨੂੰ ਰਾਜਨੀਤਕ ਹੱਤਿਆ ਦਸ ਰਿਹਾ ਸੀ। ਦੇਸ਼ਮੁਖ ਦਾ ਕਹਿਣਾ ਹੈ ਕਿ ਉਪਾਧਿਆਇ ਕੋਲ ਕੁਝ ਗੁਪਤ ਦਸਤਾਵੇਜ਼ ਸਨ। ਉਸ ਨੂੰ ਹਾਸਲ ਕਰਨ ਲਈ ਕਿਸੇ ਨੇ ਕਤਲ ਕਰਵਾਇਆ। ਇਸ ਕੇਸ ਵਿਚ ਗ੍ਰਿਫ਼ਤਾਰ ਕੀਤੇ ਦੋ ਚੋਰ ਇਸ ਹੱਤਿਆ ਨੂੰ ਅੰਜ਼ਾਮ ਨਹੀਂ ਦੇ ਸਕਦੇ। ਦੇਸ਼ਮੁਖ ਤੋਂ ਇਲਾਵਾ ਵਾਜਪਾਈ ਵੀ ਮਧੋਕ ਦੇ ਨਿਸ਼ਾਨੇ 'ਤੇ ਸਨ। ਉਪਾਧਿਆਇ ਉਹ ਆਦਮੀ ਸੀ ਜੋ ਵਾਜਪਾਈ ਨੂੰ ਰਾਜਨੀਤੀ ਵਿਚ ਲੈ ਕੇ ਆਇਆ ਸੀ। ਆਪਣੇ ਸ਼ੁਰੂਆਤੀ ਦੌਰ ਵਿਚ ਵਾਜਪਾਈ ਉਪਾਧਿਆਇ ਸੈਕਟਰੀ ਦੇ ਤੌਰ 'ਤੇ ਕੰਮ ਕਰਦਾ ਰਿਹਾ ਸੀ। ਜਦ ਕਿ ਵਾਜਪਾਈ ਦੇ ਘਰ ਵਿਖੇ ਉਪਾਧਿਆਇ ਦੀ ਮੌਤ ਦੀ ਸੂਚਨਾ ਦੇਣ ਦੇ ਲਈ ਫੋਨ ਕੀਤਾ ਗਿਆ ਤਦ ਵਾਜਪਾਈ ਸੰਸਦੀ ਦਲ ਦੀ ਮੀਟਿੰਗ ਵਿਚ ਹਿੱਸਾ ਲੈਣ ਦੇ ਲਈ ਘਰੋਂ ਚਲਾ ਗਿਆ ਸੀ। ਅਦਾਲਤੀ ਫੈਸਲੇ ਤੋਂ ਬਾਅਦ 23 ਅਕਤੂਬਰ 1979 ਨੂੰ ਵੱਖ ਵੱਖ ਦਲਾਂ ਨੇ 70 ਸੰਸਦਾਂ ਦੀ ਮੰਗ 'ਤੇ ਸਰਕਾਰ ਨੇ ਇਸ ਮਾਮਲੇ ਦੀ ਜਾਂਚ ਦੇ ਲਈ ਜਸਟਿਸ ਵਾਈ ਵੀ ਚੰਦਰਚੂੜ ਦਾ ਇਕ ਮੈਂਬਰੀ ਆਯੋਗ ਬਣਾਇਆ। ਇਸ ਆਯੋਗ ਨੇ ਵੀ ਸੀਬੀਆਈ ਦੇ ਨਤੀਜਿਆਂ ਨੂੰ ਆਪਣੀ ਜਾਂਚ ਦੌਰਾਨ ਸਹੀ ਠਹਿਰਾਇਆ। ਹਾਲਾਂ ਕਿ ਉਸ ਸਮੇਂ ਜਨਸੰਘ ਦੇ ਇਕ ਧੜੇ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ। ਇਸ ਦੇ ਬਾਅਦ ਵੀ ਕਈ ਵਾਰ ਪੰਡਤ ਜੀ ਦੀ ਮੌਤ ਦੀ ਜਾਂਚ ਬਾਰੇ ਮੰਗ ਹੁੰਦੀ ਰਹੀ, ਪਰ ਪੰਡਤ ਜੀ ਦੀ ਮੌਤ ਹੁਣ ਤੱਕ ਇਕ ਰਹੱਸ ਬਣੀ ਹੋਈ ਹੈ।

# ਸ਼ਹੀਦ ਦਿਲਾਵਰ ਸਿੰਘ ਮਾਂ-ਬਾਪ ਦੀਆਂ ਯਾਦਾਂ ਦੇ ਝਰੋਖੇ ਵਿਚੋਂ

**ਇਹ ਲਿਖਤ ਸਾਲ 2009 ਵਿੱਚ ਭਾਈ ਦਿਲਾਵਰ ਸਿੰਘ ਦੇ ਪਰਿਵਾਰ ਨਾਲ ਮੁਲਾਕਾਤ ਤੋਂ ਬਾਅਦ ਲਿਖੀ ਗਈ ਸੀ, ਜੋ ਕਿ ਮਾਸਿਕ ਰਸਾਲੇ 'ਸਿੱਖ ਸ਼ਹਾਦਤ' ਦੇ ਅਗਸਤ 2009 ਅੰਕ ਵਿਚ ਛਪੀ ਸੀ। ਉਨ੍ਹਾਂ ਦੀਆਂ ਗੱਲਾਂ ਦੇ ਮਤਲਬ ਐਨੇ ਸਿੱਧੇ ਨਹੀਂ ਸਨ। 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਲਈ ਪੇਸ਼ ਹੈ ਭਾਈ ਦਿਲਾਵਰ ਸਿੰਘ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਇਹ ਲੇਖ - ਸੰਪਾਦਕ।**

ਗੁਰੂ ਪਾਤਿਸ਼ਾਹ ਨੇ ਧਰਤ ਪੰਜਾਬ ਦੇ ਜਾਇਆਂ ਵਿਚ ਅਣਖ ਦੇ ਅਜਿਹੇ ਬੀਜ ਬੀਜੇ ਹਨ ਜੋ ਸਾਲਾਂ-ਸਦੀਆਂ ਬੱਧੀ ਵੀ ਧਰਤੀ ਦੀ ਕੁੱਖ ਵਿਚ ਪਏ ਗਰਕ ਨਹੀਂ ਹੁੰਦੇ ਤੇ ਜਦੋਂ ਮਿਹਰ ਦੀ ਅੰਮ੍ਰਿਤ ਰੂਪੀ ਬੂੰਦ ਇਨ੍ਹਾਂ ਤਕ ਪਹੁੰਚਦੀ ਹੈ ਤਾਂ ਸਿੱਖੀ ਦਾ ਬੂਟਾ ਧਰਤੀ ਦੀ ਹਿੱਕ ਚੀਰ ਕੇ ਬੜੇ ਜ਼ੋਰਾਵਰ ਤਰੀਕੇ ਨਾਲ ਪਰਗਟ ਹੋ ਜਾਂਦਾ ਹੈ ਤੇ ਵਧਦਾ ਫੁੱਲਦਾ ਤੇ ਭਰਪੂਰ ਫਲਦਾ ਹੈ। ਭਾਈ ਦਿਲਾਵਰ ਸਿੰਘ ਜਿਸ ਮਾਹੌਲ ਵਿੱਚ ਜੰਮਿਆ-ਪਲਿਆ ਤੇ ਜੋ ਕਾਰਜ ਉਸ ਨੇ ਨੇਪਰੇ ਚਾੜ੍ਹਿਆ, ਉਹ ਇਸੇ ਦੀ ਹੀ ਦੱਸ ਪਾਉਂਦਾ ਹੈ ਕਿ ਮਾਹੌਲ ਚਾਹੇ ਜਿਸ ਤਰ੍ਹਾਂ ਦਾ ਮਰਜ਼ੀ ਹੋਵੇ, ਜਦੋਂ ਗੁਰੂ ਦੀ ਨਦਰਿ ਹੋ ਜਾਵੇ ਤਾਂ ਕੋਈ ਵੀ ਸਧਾਰਨ ਸਿੱਖ ਇਤਿਹਾਸ ਵਿਚ ਵੱਡੇ ਕਰਿਸ਼ਮੇ ਦਰਜ ਕਰਵਾ ਜਾਂਦਾ ਹੈ।

ਭਾਈ ਦਿਲਾਵਰ ਸਿੰਘ ਦਾ ਜਨਮ ਪੰਜਾਬ ਦੇ ਮੱਧ ਵਰਗੀ ਸਿੱਖ ਪਰਿਵਾਰ ਵਿਚ ਅਗਸਤ 1970 ਵਿਚ ਪਿਤਾ ਸ਼ ਹਰਨੇਕ ਸਿੰਘ ਅਤੇ ਮਾਤਾ ਸੁਰਜੀਤ ਕੌਰ ਦੇ ਘਰ ਹੋਇਆ। ਦਿਲਾਵਰ ਸਿੰਘ ਹੁਰੀਂ ਤਿੰਨ ਭਰਾ ਸਨ। ਵੱਡੇ ਵੀਰ ਦਾ ਨਾਂ ਚਮਕੌਰ ਸਿੰਘ ਅਤੇ ਛੋਟੇ ਦਾ ਨਾਂ ਹਰਵਿੰਦਰ ਸਿੰਘ ਹੈ। ਦਿਲਾਵਰ ਸਿੰਘ ਦੇ ਜਨਮ ਤੋਂ ਕੁਝ ਸਮਾਂ ਬਾਅਦ ਹੀ ਸ਼ ਹਰਨੇਕ ਸਿੰਘ ਆਪਣੀ ਪਤਨੀ ਤੇ ਬੱਚਿਆਂ ਨੂੰ ਲੈ ਕੇ ਆਪਣੇ ਪਿੰਡ ਜੈ ਸਿੰਘ ਵਾਲਾ (ਬਠਿੰਡਾ) ਤੋਂ ਪਟਿਆਲੇ ਸ਼ਹਿਰ ਆ ਕੇ ਰਹਿਣ ਲੱਗ ਪਏ ਕਿਉਂਕਿ ਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਨੌਕਰੀ ਮਿਲ ਗਈ ਸੀ। ਇਸ ਤਰ੍ਹਾਂ ਦਿਲਾਵਰ ਸਿੰਘ ਬਹੁਤਾ ਸਮਾਂ ਸ਼ਹਿਰ ਵਿਚ ਹੀ ਰਿਹਾ ਅਤੇ ਸ਼ਹਿਰ ਦੇ ਮਾਹੌਲ ਵਿਚ ਹੀ ਪਲਿਆ ਅਤੇ ਪੜ੍ਹਿਆ। ਉਸ ਦੇ ਮਾਤਾ ਪਿਤਾ ਅੱਜ ਵੀ ਦੱਸਦੇ ਹਨ ਕਿ ਦਿਲਾਵਰ ਸਿੰਘ ਉੱਪਰ ਆਮ ਤੌਰ ਉੱਤੇ ਸੰਕੋਚਵੇਂ ਤੇ ਤੰਗਦਿਲੀ ਵਾਲੇ ਸ਼ਹਿਰੀ ਸੁਭਾਅ ਦੀ ਕੋਈ ਛਾਪ ਨਹੀਂ ਸੀ। ਪਰਿਵਾਰ ਰਹਿੰਦਾ ਭਾਵੇਂ ਪਟਿਆਲੇ ਸ਼ਹਿਰ ਵਿਚ ਹੀ ਸੀ ਪਰ ਜਦੋਂ ਵੀ ਜ਼ਿੰਦਗੀ ਦੇ ਰੁਝੇਵਿਆਂ ਵਿਚੋਂ ਸਬੱਬ ਬਣਦਾ, ਉਹ ਆਪਣੇ ਪਿੰਡ ਬੱਚਿਆਂ ਸਮੇਤ ਜਾ ਆਉਂਦੇ। ਬਚਪਨ ਵਿਚ ਜਦੋਂ ਉਹ ਆਪਣੇ ਦਾਦਾ ਜੀ ਨਾਲ ਖੇਡਦਾ ਤਾਂ ਉਨ੍ਹਾਂ ਦੇ ਢਿੱਡ ਉਪਰ ਲੇਟ ਜਾਂਦਾ ਤੇ ਕਹਿੰਦਾ ਕਿ 'ਬਾ ਜੀ ਜਦੋਂ ਮੈਂ ਵੱਡਾ ਹੋ ਗਿਆ ਤਾਂ ਵੱਡਾ ਡਾਕਟਰ ਬਣੂੰਗਾ'। ਉਸ ਦਾ ਸੁਭਾਅ ਬਹੁਤ ਮਿਲਾਪੜਾ ਤੇ ਹਸਮੁਖ ਸੀ ਜੋ ਕਿਸੇ ਨੂੰ ਆਪਣੀ ਅਪਣੱਤ ਨਾਲ ਮੋਹ ਸਕਦਾ ਸੀ। ਉਸ ਦੀਆਂ ਗੱਲਾਂ ਸਿਆਣੀਆਂ ਅਤੇ ਖੁਸ਼ ਕਰਨ ਵਾਲੀਆਂ ਹੁੰਦੀਆਂ ਸਨ। ਮਾਤਾ ਸੁਰਜੀਤ ਕੌਰ ਜਦੋਂ ਉਸ ਦੀਆਂ ਗੱਲਾਂ ਨੂੰ ਯਾਦ ਕਰਦੀ ਹੈ ਤਾਂ ਉਸ ਦੀਆਂ ਅੱਖਾਂ ਵਿਚ ਕੋਈ ਖਾਸ ਤਰ੍ਹਾਂ ਦੀ ਚਮਕ ਸਾਫ ਦੇਖੀ ਜਾ ਸਕਦੀ ਹੈ। ਉਹ ਯਾਦ ਕਰਦੇ ਹਨ ਕਿ ਇਥੇ (ਪਟਿਆਲੇ) ਮੁਹੱਲੇ ਵਿਚ ਉਸ ਦਾ ਬਹੁਤ ਸਤਿਕਾਰ ਸੀ। ਕੁੜੀਆਂ ਦਿਲਾਵਰ ਸਿੰਘ ਦੀ ਬਹੁਤ ਇੱਜ਼ਤ ਕਰਦੀਆਂ ਸਨ ਤੇ ਉਸ ਨੂੰ ਆਉਂਦਾ ਵੇਖ ਕੇ ਇੱਕ ਦੂਜੀ ਨੂੰ ਕਹਿੰਦੀਆਂ ਕਿ 'ਨੀ ਵੀਰ ਆ ਗਿਆ ਹੈ, ਹੁਣ ਗਲੀ ਵਿਚ ਜਾਂ ਗੇਟ ਵਿਚ ਨਾ ਖੜ੍ਹੋ'। ਮਾਤਾ ਜੀ ਦੱਸਦੇ ਹਨ ਕਿ "ਅਸਲ ਵਿਚ ਦਿਲਾਵਰ ਸਿੰਘ ਦਾ ਰੋਅਬ ਹੀ ਬਹੁਤ ਸੀ, ਕੋਈ ਵੀ ਉਸ ਸਾਹਮਣੇ ਗਲਤੀ ਕਰਨੋਂ ਝਕਦਾ ਸੀ। ਅੱਜ ਤਾਂ ਜ਼ਮਾਨਾ ਬਹੁਤ ਖਰਾਬ ਹੋ ਗਿਆ ਹੈ।"

ਉਨ੍ਹਾਂ ਦੱਸਿਆ ਕਿ ਜਿਸ ਸਾਲ (ਸੰਨ 1993 ਵਿਚ) ਪਟਿਆਲੇ ਪਾਣੀ (ਹੜ੍ਹ ਦਾ) ਆਇਆ ਤਾਂ ਉਨ੍ਹਾਂ ਦੇ ਮੁੱਹੱਲੇ ਅਤੇ ਆਸ ਪਾਸ ਦੇ ਇਲਾਕੇ ਵਿਚ ਕਾਫੀ ਜ਼ਿਆਦਾ ਪਾਣੀ ਭਰ ਗਿਆ। ਲੋਕ ਪਾਣੀ ਵਿਚ ਫਸ ਗਏ, ਘਰਾਂ ਦਾ ਜ਼ਰੂਰੀ ਸਮਾਨ ਵੀ ਉਨ੍ਹਾਂ ਕੋਲ ਨਹੀਂ ਸੀ। ਉਸ ਸਮੇਂ ਦਿਲਾਵਰ ਸਿੰਘ ਨੂੰ, ਜਿਸ ਨੇ ਵੀ ਆਵਾਜ਼ ਦਿੱਤੀ, ਉਸ ਨੇ ਉਨ੍ਹਾਂ ਦੀ ਖੂਬ ਮਦਦ ਕੀਤੀ। ਪਾਣੀ ਵਿਚ ਫਸੇ ਲੋਕਾਂ ਨੂੰ ਬਚਾਇਆ, ਉਨ੍ਹਾਂ ਦਾ ਜ਼ਰੂਰੀ ਸਮਾਨ ਕੱਢ ਕੇ ਲਿਆਂਦਾ। ਉਸ ਨੇ ਕਿਸੇ ਦਾ ਵੀ ਕਿਹਾ ਖਾਲੀ ਨਾ ਮੋੜਿਆ, ਮਦਦ ਕਰਨਾ ਤਾਂ ਜਿਵੇਂ ਉਸ ਦੇ ਸੁਭਾਅ ਵਿਚ ਹੀ ਸੀ।

ਪਿਤਾ ਸ਼ ਹਰਨੇਕ ਸਿੰਘ ਦੱਸਦੇ ਕਿ ਜਦੋਂ ਦਿਲਾਵਰ ਸਿੰਘ ਨੇ ਬਾਰ੍ਹਵੀਂ ਜਮਾਤ ਪਾਸ ਕਰਕੇ ਸੰਨ 1989 ਵਿਚ ਪਟਿਆਲੇ ਵਿਕਰਮ ਕਾਲਜ ਵਿਚ ਦਾਖਲਾ ਲਿਆਂ ਤਾਂ ਓਥੇ ਮੁੰਡਿਆਂ ਦੀ ਆਪੋ-ਵਿਚ ਲੜਾਈ ਹੋ ਗਈ। ਦੋ ਵਿਰੋਧੀ ਧੜੇ ਬਣ ਗਏ ਤਾਂ ਅਸੀਂ ਉਸ ਨੂੰ ਇਸ ਮਾਹੌਲ ਤੋਂ ਦੂਰ ਰੱਖਣ ਲਈ ਨਾਨਕੇ ਪਿੰਡ ਪੰਜਗਰਾਂਈ ਕਲਾਂ ਭੇਜ ਦਿੱਤਾ ਜਿੱਥੇ ਉਹ ਤਕਰੀਬਨ ਪੁਲਿਸ ਵਿਚ ਭਰਤੀ ਹੋਣ ਤਕ ਆਪਣੇ ਮਾਮਾ ਜੀ ਸ਼ ਹਰਨੇਕ ਸਿੰਘ ਕੋਲ ਰਿਹਾ। ਜਦੋਂ ਸੰਨ 1992 ਵਿਚ ਅਖਬਾਰ 'ਚ ਪੁਲਿਸ ਦੀ ਭਰਤੀ ਬਾਰੇ ਇਸ਼ਤਿਹਾਰ ਆਇਆ ਤਾਂ ਘਰ ਵਾਲਿਆਂ ਦੇ ਕਹਿਣ ਉੱਤੇ ਦਿਲਾਵਰ ਸਿੰਘ ਪੁਲਿਸ ਵਿਚ ਭਰਤੀ ਹੋ ਗਿਆ। ਪੁਲਿਸ ਦੀ ਸਿਖਲਾਈ ਵਗੈਰਾ ਤੋਂ ਬਾਅਦ ਉਸ ਦੀ ਪਹਿਲੀ 'ਪੋਸਟਿੰਗ' ਸ਼ਹੀਦਾਂ ਦੀ ਧਰਤੀ ਫਤਿਹਗੜ੍ਹ ਸਾਹਿਬ ਵਿਖੇ ਹੋਈ ਅਤੇ ਦਿਲਾਵਰ ਸਿੰਘ ਆਪਣੀ ਸ਼ਹੀਦੀ ਤੱਕ ਉੱਥੇ ਹੀ ਤਾਇਨਾਤ ਰਿਹਾ। ਇਸ ਧਰਤੀ ਅੱਗੇ ਹਰ ਸਿੱਖ ਦਾ ਸਿਰ ਆਪਣੇ ਲਾਸਾਨੀ ਸ਼ਹੀਦਾਂ, ਛੋਟੇ ਸਾਹਿਬਜ਼ਾਦਿਆ - ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ, ਦੀ ਸ਼ਹਾਦਤ ਅੱਗੇ ਸਤਿਕਾਰ ਨਾਲ ਝੁਕਦਾ ਹੈ। ਇਹ ਉਹੀ ਧਰਤੀ ਹੈ ਜਿੱਥੇ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਜ਼ਾਲਮ ਵਜ਼ੀਰ ਖਾਨ ਦਾ ਨਾਸ਼ ਕਰਨ ਦੀ ਸਾਖੀ ਅੱਜ ਵੀ ਸਿੱਖਾਂ ਨੂੰ ਜ਼ੁਲਮ ਦਾ ਟਾਕਰਾ ਕਰਨ ਤੇ ਗੁਰੂ ਸਾਹਿਬ ਦਾ ਓਟ-ਆਸਰਾ ਤੱਕਣ ਵੱਲ ਪ੍ਰੇਰਦੀ ਹੈ। ਪਰਿਵਾਰ ਨੂੰ ਇਸ ਗੱਲ ਦੀ ਕੋਈ ਹੈਰਾਨੀ ਨਹੀਂ ਲਗਦੀ ਕਿ ਜਿਸ ਪੁੱਤ ਨੂੰ ਕਾਲਜ ਦੀ ਲੜਾਈ ਤੋਂ ਬਚਾਉਣ ਲਈ ਨਾਨਕੇ ਭੇਜ ਦਿੱਤਾ ਸੀ ਉਸ ਨੂੰ ਸੰਨ 1992 ਵਿੱਚ ਜਦੋਂ ਪੰਜਾਬ ਵਿਚ ਗਹਿ-ਗੱਚਵੀਂ ਹਥਿਆਰਬੰਦ ਲੜਾਈ ਦਾ ਮਾਹੌਲ ਸੀ, ਉਦੋਂ ਪੁਲਿਸ ਵਿਚ ਭਰਤੀ ਹੋ ਜਾਣ ਦੀ ਆਪ ਸਲਾਹ ਦਿੱਤੀ। ਉਨ੍ਹਾਂ ਨੂੰ ਇਹ ਤਾਂ ਬਿਲਕੁਲ ਨਹੀਂ ਸੀ ਪਤਾ ਕਿ ਇਹ ਬਿਧ ਗੁਰੂ ਦੇ ਕਿਸ ਕੌਤਕ ਦਾ ਹਿੱਸਾ ਹੈ ਪਰ ਉਨ੍ਹਾਂ ਦੇ ਮਨ ਵਿਚ ਤਾਂ ਇਸ ਨੌਕਰੀ ਕਾਰਨ ਪੁੱਤ ਨੂੰ ਆਉਣ ਵਾਲੇ ਸੰਭਾਵੀ ਜਿਹੇ ਖਤਰੇ ਦਾ ਖਿਆਲ ਵੀ ਨਾ ਆਇਆ।



ਭਾਈ ਦਿਲਾਵਰ ਸਿੰਘ ਦੀ ਤਸਵੀਰ ਨਾਲ ਉਨ੍ਹਾਂ ਦੇ ਪਿਤਾ ਸ. ਹਰਨੇਕ ਸਿੰਘ ਅਤੇ ਮਾਤਾ ਸੁਰਜੀਤ ਕੌਰ।

ਇਸੇ ਦੌਰਾਨ ਦਿਲਾਵਰ ਸਿੰਘ ਦੀ ਜਾਣ-ਪਛਾਣ ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਹੁੰਦੀ ਹੈ। ਬਾਪੂ ਜੀ (ਸ਼ ਹਰਨੇਕ ਸਿੰਘ) ਦੱਸਦੇ ਨੇ ਕਿ "ਬਲਵੰਤ ਤੇ ਦਿਲਾਵਰ ਇਕੱਠੇ ਖੇਡਣ ਜਾਂਦੇ ਸਨ ਤੇ ਇਸੇ ਕਰਕੇ ਹੀ ਇਨ੍ਹਾਂ ਦੀ ਮੁਢਲੀ ਜਾਣ-ਪਛਾਣ ਹੋਈ। ਫਿਰ ਬਲਵੰਤ ਸਿੰਘ ਦਾ ਤਾਂ ਸਾਡੇ ਪਰਿਵਾਰ ਨਾਲ ਮੋਹ ਪੈ ਗਿਆ ਸੀ। ਬਲਵੰਤ ਮੈਨੂੰ 'ਡੈਡੀ' (ਬਾਪੂ ਜੀ) ਹੀ ਕਹਿੰਦਾ ਸੀ।" ਉਨ੍ਹਾਂ ਦੱਸਿਆ ਕਿ "ਸਾਡੇ ਘਰ ਦਿਲਾਵਰ ਸਿੰਘ ਨਾਲ ਬਹੁਤਾ ਬਲਵੰਤ ਸਿੰਘ ਦਾ ਹੀ ਆਉਣਾ ਜਾਣਾ ਸੀ ਤੇ ਕਦੇ-ਕਦਾਈਂ ਉਨ੍ਹਾਂ ਨਾਲ ਲਖਵਿੰਦਰ ਸਿੰਘ ਵੀ ਹੁੰਦਾ ਸੀ ਜੋ ਉਨ੍ਹਾਂ ਵਾਂਗ ਹੀ ਪੁਲਿਸ ਮਹਿਕਮੇਂ ਵਿਚ ਸੀ ਤੇ ਸਾਡੇ ਮੁਹੱਲੇ ਦਾ ਹੀ ਹੋਣ ਕਰਕੇ ਦਿਲਾਵਰ ਸਿੰਘ ਦਾ ਪੁਰਾਣਾ ਜਾਣੂੰ ਸੀ।"

ਮਾਤਾ-ਪਿਤਾ ਦੱਸਦੇ ਨੇ ਕਿ ਉਨ੍ਹਾਂ ਦੇ ਪਰਿਵਾਰ ਦਾ ਮਾਹੌਲ ਉਸ ਸਮੇਂ ਦੇ ਮਾਹੌਲ ਨਾਲੋਂ ਤਕਰੀਬਨ ਬੇਲਾਗ ਸੀ ਇਸ ਕਰਕੇ ਉਨ੍ਹਾਂ ਨੂੰ ਇਸ ਗੱਲ ਦਾ ਭੋਰਾ ਵੀ ਪਤਾ ਨਾ ਲੱਗਾ ਕਿ ਦਿਲਾਵਰ ਸਿੰਘ ਇਹ ਕੰਮ ਕਰਨ ਜਾ ਰਿਹਾ ਹੈ (ਭਾਵ ਕਿ ਪੰਜਾਬ ਦੇ ਮੁੱਖ ਮੰਤਰੀ ਨੂੰ ਸੋਧਾ ਲਾਉਣ ਜਾ ਰਿਹਾ ਹੈ)। ਉਹ ਯਾਦ ਕਰਦੇ ਨੇ ਕਿ ਉਂਝ ਕਈ ਨਿੱਕੀਆਂ ਨਿੱਕੀਆਂ ਗੱਲਾਂ ਸਨ ਜੋ ਸਾਨੂੰ ਅੱਜ ਲੱਗਦੀਆਂ ਨੇ ਕਿ ਇਨ੍ਹਾਂ ਦੇ ਮਤਲਬ ਇੰਨੇ ਸਿੱਧੇ ਨਹੀਂ ਸਨ ਜਿੰਨੇ ਅਸੀਂ ਉਦੋਂ ਸਮਝੇ ਸਨ। ਉਹ ਕਹਿੰਦੇ ਨੇ ਕਿ ਅਸਲ ਵਿਚ ਦਿਲਾਵਰ ਸਿੰਘ ਦਾ ਸੁਭਾਅ ਇੰਨਾ ਮਖੌਲੀ ਸੀ ਕਿ ਉਸ ਵੱਲੋਂ ਕਹੀ ਸੱਚੀ ਗੱਲ ਸੁਣ ਕੇ ਵੀ ਅਸੀਂ ਹੱਸ ਪੈਂਦੇ ਤੇ ਬਹੁਤੀ ਵਾਰ ਅਣਗੌਲੀ ਕਰ ਦੇਂਦੇ। ਬਾਪੂ ਜੀ ਯਾਦ ਕਰਦੇ ਨੇ ਕਿ ਇਕ ਵਾਰ ਬਲਵੰਤ ਸਿੰਘ ਇਹ ਨੂੰ (ਭਾਈ ਦਿਲਾਵਰ ਸਿੰਘ ਨੂੰ) ਘਰ ਛੱਡਣ ਆਇਆ। ਜੋਦੋਂ ਉਹ ਜਾਣ ਲੱਗਾ ਤਾਂ ਮੈਂ ਕਿਹਾ ਕਿ ਤੂੰ ਦਿਲਾਵਰ ਨੂੰ ਸਮਝਾ ਕਿ ਇਹ ਹੁਣ ਵਿਆਹ ਕਰਵਾ ਲਵੇ ਸਾਡੇ ਕੋਲ ਇੱਕ ਬਹੁਤ ਵਧੀਆ ਰਿਸ਼ਤਾ ਆ ਰਿਹਾ ਏ। ਤਾਂ ਬਲਵੰਤ ਸਿੰਘ ਅੱਗੋਂ ਕਹਿਣ ਲੱਗਾ ਕਿ ਡੈਡੀ ਤੁਸੀਂ ਦੋ ਕੁ ਮਹੀਨੇ ਠਹਿਰ ਜਾਓ ਫਿਰ ਸਾਡਾ ਦੋਹਾਂ ਦਾ ਇਕੱਠਿਆਂ ਹੀ ਰਿਸ਼ਤਾ ਕਰ ਦਿਓ। ਉਦੋਂ ਸਾਨੂੰ ਇਹ ਨਾ ਪਤਾ ਲੱਗਾ ਕਿ ਇਹ ਕਿੱਥੋਂ ਬੋਲਦੇ ਨੇ। ਮਾਤਾ ਜੀ ਨੇ ਦੱਸਿਆ ਕਿ ਦਿਲਾਵਰ ਸਿੰਘ ਦੀ ਸ਼ਹਾਦਤ ਤੋਂ ਕੁਝ ਦਿਨ ਪਹਿਲਾਂ ਜਦੋਂ ਮੈਂ ਘਰ ਵਿੱਚ ਕੁਝ ਕੰਮ ਕਰ ਰਹੀ ਸੀ ਤਾਂ ਦਿਲਾਵਰ ਸਿੰਘ ਮੰਜੇ ਉਤੇ ਬੈਠਾ ਸੀ। ਮੈਂ ਉਸ ਦੀਆਂ ਅਡੀਆਂ 'ਤੇ ਹੱਥ ਲਾ ਕਿ ਕਿਹਾ ਕਿ ਤੇਰੇ ਪੈਰ ਤਾਂ ਬਹੁਤ ਕੂਲੇ ਨੇ ਤੇ ਉਹ ਅੱਗੋਂ ਕਹਿਣ ਲੱਗਾ ਫਿਕਰ ਨਾ ਕਰੋਂ ਹੁਣ ਜਲਦ ਹੀ ਇਨ੍ਹਾਂ ਨੂੰ ਖੁਰੀਆਂ ਲੱਗ ਜਾਣੀਆਂ ਹਨ।

ਪਰਿਵਾਰ ਨੇ ਦੱਸਿਆ ਕਿ ਦਿਲਾਵਰ ਸਿੰਘ ਤਕਰੀਬਨ ਅੱਠ ਕੁ ਦਿਨ (31 ਅਗਸਤ 1995 ਵਾਲੇ ਦਿਨ ਤੋਂ) ਪਹਿਲਾਂ ਘਰੋਂ ਚਲਾ ਗਿਆ। ਮਾਤਾ-ਪਿਤਾ ਨੂੰ ਕਿਹਾ ਕਿ ਮੈਂ ਚੰਡੀਗੜ੍ਹ ਜਾਣਾ ਹੈ ਤੇ ਛੋਟੇ ਭਰਾ ਹਰਵਿੰਦਰ ਸਿੰਘ ਨੂੰ ਕਿਹਾ ਕਿ ਮੈਨੂੰ ਬੱਸ ਚੜ੍ਹਾ ਆ। ਪਰ ਘਰੋਂ ਜਾਣ ਤੋਂ ਬਾਅਦ ਹਰਵਿੰਦਰ ਨੂੰ ਆਪਣਾ ਬਟੂਆ ਸਾਰੇ ਸਮਾਨ ਸਮੇਤ ਫੜਾ ਦਿੱਤਾ ਤੇ ਕਿਹਾ ਕਿ ਉਹ ਉਸ ਨੂੰ ਬਲਵੰਤ ਸਿੰਘ ਕੋਲ ਛੱਡ ਆਵੇ ਤੇ ਇਸ ਬਾਰੇ ਘਰ ਕਿਸੇ ਨੂੰ ਨਾ ਦੱਸੇ। ਉਸ ਦਿਨ ਤੋਂ ਬਾਅਦ ਮੁੜ ਦਿਲਾਵਰ ਸਿੰਘ ਕਦੇ ਘਰ ਨਾ ਆਇਆ। 30 ਅਗਸਤ 1992 ਦੀ ਰਾਤ ਨੂੰ ਦਿਲਾਵਰ ਸਿੰਘ, ਬਲਵੰਤ ਸਿੰਘ ਨੂੰ ਨਾਲ ਲੈ ਕੇ ਆਪਣੇ ਵੱਡੇ ਵੀਰ ਚਮਕੌਰ ਸਿੰਘ ਕੋਲ ਚੰਡੀਗੜ੍ਹ ਰਿਹਾ ਜੋ ਓਥੇ ਕਿਸੇ ਸਰਕਾਰੀ ਮਹਿਕਮੇਂ ਵਿਚ ਨੌਕਰੀ ਕਰਦੇ ਸਨ ਤੇ ਆਪਣੇ ਬਾਲ-ਬੱਚੇ ਸਮੇਤ ਓਥੇ ਹੀ ਰਹਿੰਦੇ ਸਨ। ਉਨ੍ਹਾਂ (ਦਿਲਾਵਰ ਸਿੰਘ ਹੁਰਾਂ) ਕੋਲ ਉਹ ਅੰਬੈਸਡਰ ਕਾਰ ਵੀ ਸੀ ਜੋ ਉਨ੍ਹਾਂ ਪੰਜਾਬ ਦੇ ਜ਼ਾਲਮ ਮੁੱਖ ਮੰਤਰੀ ਨੂੰ ਸੋਧਾ ਲਾਉਣ ਦੇ ਕਾਰਜ ਵਿਚ ਵਰਤਣੀ ਸੀ। ਜਦੋਂ ਭਰਾ-ਭਰਜਾਈ ਨੇ ਪੁੱਛਿਆ ਕਿ ਇਹ ਕਾਰ ਕਿਵੇਂ ਲਈ ਹੈ ਤਾਂ ਦੋਵੇਂ ਅੱਗੋਂ ਹੱਸ ਕੇ ਕਹਿਣ ਲੱਗੇ ਕਿ ਅਸੀਂ ਇਹ ਟੈਕਸੀ ਪਾਉਣੀ ਹੈ। 31 ਅਗਸਤ 1995 ਦੇ ਦਿਨ ਸਵੇਰੇ ਦਿਲਾਵਰ ਸਿੰਘ ਆਪਣੇ ਭਤੀਜੇ ਨੂੰ ਉਸੇ ਕਾਰ ਵਿਚ ਸਕੂਲ ਛੱਡ ਕੇ ਆਇਆ। ਮੁੜ ਪਰਿਵਾਰ ਦੇ ਕਿਸੇ ਜੀਅ ਨੇ ਉਸ ਦੀ ਮਨ ਨੂੰ ਖੇੜਾ ਦੇਣ ਵਾਲੀ ਆਵਾਜ਼ ਨਾ ਸੁਣੀ। ਉਹ ਜੋ ਕੁਝ ਕਰ ਗਿਆ ਉਸ ਨਾਲ ਉਸ ਨੇ ਆਪਣਾ ਨਾਂਅ ਇਤਿਹਾਸ ਵਿਚ ਸਦਾ ਲਈ ਦਰਜ ਕਰਾ ਦਿੱਤਾ।

31 ਅਗਸਤ 1995 ਨੂੰ ਸ਼ਹੀਦ ਦਿਲਾਵਰ ਸਿੰਘ ਨੇ ਆਪਣਾ ਆਪ ਵਾਰ ਕੇ ਪੰਜਾਬ ਵਿਚ ਹਜ਼ਾਰਾਂ ਸਿੱਖ ਨੌਜਵਾਨਾਂ ਦੇ ਕਤਲਾਂ ਲਈ ਜ਼ਿੰਮੇਵਾਰ ਪੰਜਾਬ ਦੇ ਮੁੱਖ ਮੰਤਰੀ ਦੀ ਬੋਝ ਭਰੀ ਹੋਂਦ ਤੋਂ ਇਸ ਪਵਿੱਤਰ ਧਰਤੀ ਨੂੰ ਮੁਕਤ ਕਰਾ ਦਿੱਤਾ। ਉਸ ਦਿਨ ਸ਼ਾਮ ਦੇ ਸਵਾ ਪੰਜ ਵਜੇ ਦਿਲਾਵਰ ਸਿੰਘ ਉਸ ਲਾੜੀ ਨੂੰ ਵਰ ਗਿਆ ਜਿਸ ਨੂੰ ਕਦੇ ਚਮਕੌਰ ਦੀ ਜੰਗ ਦੇ ਮੈਦਾਨ ਵਿਚ ਵੱਡੇ ਸਾਹਿਬਜ਼ਾਦਿਆਂ ਤੇ ਸਰਹੰਦ ਦੀਆਂ ਨੀਹਾਂ ਵਿਚ ਛੋਟੇ ਸਾਹਿਬਜ਼ਾਦਿਆਂ ਤੇ 9 ਅਕਤੂਬਰ 1992 ਨੂੰ ਪੂਨੇ ਦੀ ਯੇਰਵੜਾ ਜੇਲ੍ਹ ਵਿੱਚ ਸ਼ਹੀਦ ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ ਵਰ ਗਏ ਸਨ।

ਭਾਵੇਂ ਦਿਲਾਵਰ ਸਿੰਘ ਦੀ ਮਾਤਾ ਮਮਤਾ ਦੀ ਬੱਝੀ ਅੱਜ ਵੀ ਕਈ ਵਾਰ ਕਹਿ ਦੇਂਦੀ ਹੈ ਕਿ ਕੋਈ ਮਾਂ ਇਹ ਨਹੀਂ ਚਾਹੇਗੀ ਕਿ ਉਸ ਦਾ ਪੁੱਤਰ ਉਸ ਦੀਆਂ ਅੱਖਾਂ ਤੋਂ ਦੂਰ ਹੋ ਜਾਵੇ ਪਰ ਇਹ ਅਹਿਸਾਸ ਮਾਤਾ ਦੇ ਮਨ ਵਿਚ ਵੀ ਜ਼ਰੂਰ ਹੋਵੇਗਾ ਕਿ ਸੱਚ ਖਾਤਿਰ ਨਿਰਛਲ ਤੌਰ 'ਤੇ ਆਪਾ ਕੁਰਬਾਨ ਕਰਨ ਵਾਲੇ, ਸਦਾ ਆਪਣੇ ਚਾਹੁਣ ਵਾਲਿਆਂ ਦੇ ਹੀ ਨਹੀਂ ਬਲਿਕ ਉਸ 'ਸੱਚੇ ਮਾਰਗਿ' ਦੇ ਸਭਨਾ ਪਾਂਧੀਆਂ ਦੇ ਸਦਾ ਅੰਗ-ਸੰਗ ਰਹਿੰਦੇ ਹਨ।

ਭਾਈ ਦਿਲਾਵਰ ਸਿੰਘ ਨੇ ਜਦੋਂ ਇਹ ਭਾਣਾ ਵਰਤਾ ਦਿੱਤਾ ਤਾਂ ਇਸ ਦਾ ਪਰਿਵਾਰ ਨੂੰ ਤਕਰੀਬਨ ਹਫਤੇ ਬਾਅਦ ਪਤਾ ਲੱਗਾ, ਵੈਸੇ ਜਦੋਂ ਉਨ੍ਹਾਂ ਨੂੰ ਇਹ ਪਤਾ ਲੱਗ ਗਿਆ ਕਿ ਕਿਸੇ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਬੰਬ ਨਾਲ ਉਡਾ ਦਿੱਤਾ ਹੈ ਤਾਂ ਉਨ੍ਹਾਂ ਦਿਲਾਵਰ ਸਿੰਘ ਦਾ ਥਹੁ ਪਤਾ ਕਰਨ ਦੇ ਯਤਨ ਸ਼ੁਰੂ ਕਰ ਦਿੱਤੇ। ਬਾਪੂ ਜੀ ਦੱਸਦੇ ਹਨ ਕਿ ਅਸੀਂ ਬਲਵੰਤ ਸਿੰਘ ਨੂੰ ਮਿਲਣ ਗਏ ਪਰ ਉਸ ਦਾ ਵੀ ਕੁਝ ਪਤਾ ਨਾ ਲੱਗਾ, ਕੋਈ ਕਹੇ ਉਹ ਛੁੱਟੀ 'ਤੇ ਗਿਆ ਹੈ ਤੇ ਕੋਈ ਕਹੇ ਪਤਾ ਨਹੀਂ ਕਿੱਥੇ ਹੈ, ਉਸ ਦਾ ਕੋਈ ਸੁਨੇਹਾਂ ਨਹੀਂ ਆਇਆ। ਫਿਰ 4-5 ਸਤੰਬਰ ਦੇ ਕਰੀਬ ਭਾਈ ਦਿਲਾਵਰ ਸਿੰਘ ਦੇ ਪਿਤਾ ਜੀ, ਮਾਮਾ ਜੀ ਅਤੇ ਵੱਡਾ ਭਰਾ ਜਦੋਂ ਦਿਲਾਵਰ ਸਿੰਘ ਦਾ ਪਤਾ ਕਰਨ ਚੰਡੀਗੜ੍ਹ ਗਏ ਸਨ ਤਾਂ ਉਨ੍ਹਾਂ ਨੂੰ ਪੁਲਿਸ ਵਾਲਿਆਂ ਤੋਂ ਪਤਾ ਲੱਗਾ ਕਿ ਇਹ ਕਾਰਜ ਨੇਪਰੇ ਚਾੜ੍ਹਦਿਆਂ ਦਿਲਾਵਰ ਸਿੰਘ ਆਪਾ ਵਾਰ ਗਿਆ ਹੈ। ਪੁਲਿਸ ਵਾਲਿਆਂ ਨੇ ਉਨ੍ਹਾਂ ਤਿੰਨਾਂ ਨੂੰ ਗ੍ਰਿਫਤਾਰ ਕਰ ਲਿਆ ਤੇ ਘਰੋਂ ਮਾਤਾ ਜੀ ਨੂੰ ਤੇ ਵੱਡੀ ਭਰਜਾਈ ਨੂੰ ਵੀ ਗ੍ਰਿਫਤਾਰ ਕਰਕੇ ਲੈ ਗਏ। ਪੁਲਿਸ ਹਿਰਾਸਤ ਵਿਚ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਸਵਾਲ ਪੁੱਛੇ ਜਾਂਦੇ। ਬੜੀ ਸਖਤ ਪੁੱਛ-ਗਿੱਛ ਸੀ। ਤਕਰੀਬਨ ਹਫਤੇ ਕੁ ਪਿੱਛੋਂ ਪਰਿਵਾਰ ਦੀਆਂ ਔਰਤਾਂ ਨੂੰ ਚੰਡੀਗੜ੍ਹੋਂ ਹੀ ਛੱਡ ਦਿੱਤਾ ਤੇ ਬਾਕੀਆਂ ਨੂੰ ਸੀਬੀਆਈ. (ਭਾਰਤ ਦੀ ਕੇਂਦਰੀ ਜਾਂਚ ਏਜੰਸੀ) ਦਿੱਲੀ ਲੈ ਗਈ। ਉਥੇ ਉਨ੍ਹਾਂ ਤੋਂ ਤਕਰੀਬਨ ਦੋ ਹਫਤੇ ਹੋਰ ਪੁੱਛ-ਗਿੱਛ ਹੁੰਦੀ ਰਹੀ। ਫਿਰ ਉਨ੍ਹਾਂ ਨੂੰ ਛੱਡ ਦਿੱਤਾ ਪਰ ਸਰਕਾਰੀ ਤੰਤਰ ਲਗਾਤਾਰ ਉਨ੍ਹਾਂ ਉੱਤੇ ਨਿਗਰਾਨੀ ਰੱਖਦਾ ਰਿਹਾ ਹੈ ਜੋ ਅੱਜ ਵੀ ਜਾਰੀ ਹੈ। ਭਾਵੇਂ ਕਿ ਇਹ ਪਹਿਲਾਂ ਜਿੰਨੀ ਸਖ਼ਤ ਨਹੀਂ ਦਿਸਦੀ ਤੇ ਹੁਣ ਉਹ (ਸੂਹੀਆ ਏਜੰਸੀਆਂ ਤੇ ਪੁਲਿਸ ਵਾਲੇ) ਕਦੇ ਕਦਾਈਂ ਹੀ ਆਉਂਦੇ ਹਨ। ਇਸ ਘਟਨਾ ਤੋਂ ਬਾਅਦ ਆਲੇ-ਦੁਆਲੇ ਵਾਲੇ ਸ਼ਹਿਰੀਆਂ ਨੇ ਪਰਿਵਾਰ ਨਾਲੋਂ ਨਾਤਾ ਹੀ ਤੋੜ ਲਿਆ।

ਸ਼ ਹਰਨੇਕ ਸਿੰਘ ਅੱਜ ਵੀ ਉਹ ਸਮਾਂ ਯਾਦ ਕਰਦੇ ਦੱਸਦੇ ਨੇ ਕਿ ਇਹ ਉਹ ਸਮਾਂ ਸੀ ਜਦੋਂ ਸਾਨੂੰ ਕੋਈ ਮੁਹੱਲੇ ਵਿੱਚ ਪਾਣੀ ਵੀ ਨਹੀਂ ਸੀ ਪੁੱਛਦਾ। ਲੋਕ ਸਾਨੂੰ ਦੇਖ ਕੇ ਪਿੱਠ ਭੁਆਂ ਲੈਂਦੇ ਸਨ। ਜੋ ਚੰਗੇ ਸਨੇਹੀ ਸਨ, ਅਣਜਾਣਾਂ ਵਰਗਾ ਵਿਹਾਰ ਕਰਨ ਲੱਗ ਪਏ। ਉਂਝ ਇੰਨੀ ਗੱਲ ਜ਼ਰੂਰ ਹੈ ਪਿੰਡ ਵਾਲਿਆਂ ਨੇ ਮੋਹ-ਸਨੇਹ ਵਿਚ ਕਿਸੇ ਤਰ੍ਹਾਂ ਦਾ ਕੋਈ ਫਰਕ ਨਾ ਪਾਇਆ। ਜਦੋਂ ਪਰਿਵਾਰ ਨੇ ਸੰਨ 1996 ਵਿੱਚ ਭਾਈ ਸਾਹਿਬ ਦੀ ਸ਼ਹਾਦਤ ਦੀ ਪਹਿਲੀ ਯਾਦ ਮਨਾਈ ਤਾਂ ਸਰਕਾਰੀ ਦਬਾਅ ਪੈਣ ਲੱਗਾ ਕਿ ਬਰਸੀ ਗੁਰਦੁਆਰੇ ਦੀ ਜਗ੍ਹਾ ਘਰ ਵਿਚ ਮਨਾਈ ਜਾਵੇ।

**('ਸਿੱਖ ਸਿਆਸਤ' 'ਚੋਂ ਧੰਨਵਾਦ ਸਹਿਤ)**

## ਐਮ ਟਰੈਕ ਬੀਟ ਕੰਪਨੀ ਵਲੋਂ ਮੱਖਣ ਲੋਹਾਰ ਦਾ ਗੀਤ ਰਿਲੀਜ਼



**ਨੌਰਥ ਹਾਈਲੈਂਡ/ਬਿਊਰੋ ਨਿਊਜ਼ :**
ਬੀਤੇ ਦਿਨੀਂ ਫਲੇਮਿੰਗੋ ਪੈਲੇਸ ਬੈਂਕੁਇਟ ਹਾਲ 5715 ਵਾਟ ਐਵੀਨਿਊ ਨੌਰਥ ਹਾਈਲੈਂਡ ਕੈਲੀਫੋਰਨੀਆ ਵਿਚ ਉਘੇ ਗੀਤਕਾਰ ਤੇ ਐਮ ਟਰੈਕ ਬੀਟ ਕੰਪਨੀ ਦੇ ਮਾਲਕ ਮੱਖਣ ਲੋਹਾਰ ਦਾ ਸਾਹਿਤਕ ਤੇ ਸਮਾਜਿਕ ਗੀਤ ਵਿਦਵਾਨਾਂ ਤੇ ਸਰੋਤਿਆਂ ਦੀ ਭਰਵੀਂ ਹਾਜ਼ਰੀ ਵਿਚ ਲੋਕ ਅਰਪਣ ਕੀਤਾ ਗਿਆ। ਫਰਿਜਨੋ ਵਸਦੇ ਉਘੇ ਸਾਹਿਤ ਪ੍ਰੇਮੀ ਸ੍ਰੀ ਰਾਜਗੁਰੂ ਇਸ ਗੀਤ ਦੇ ਪ੍ਰੋਡਿਊਸਰ ਹਨ। ਇਹ ਗੀਤ ਧੀਆਂ ਦੀ ਭਰੂਣ ਹੱਤਿਆ ਅਤੇ ਪੰਜਾਬ ਦੀ ਧਰਤੀ ਹੇਠੋਂ ਮੁੱਕਦੇ ਜਾ ਰਹੇ ਪਾਣੀ ਨੂੰ ਠੱਲ੍ਹ ਪਾਉਣ ਲਈ ਲੋਕ ਜਾਗ੍ਰਤੀ ਪੈਦਾ ਕਰਨ ਵਾਸਤੇ ਗੀਤਕਾਰ ਦਾ ਸੰਜੀਦਾ ਹੰਭਲਾ ਹੈ। ਇਸ ਨੂੰ ਮਕਬੂਲ ਗਾਇਕ ਦਿਲਜਾਨ ਵਲੋਂ ਧਰਤੀ ਟਾਇਟਲ ਤਹਿਤ ਗਾਇਆ ਹੈ। ਇਸ ਮੌਕੇ ਸ੍ਰੀ ਦੀਪਕ ਸਰੋਏ ਨੇ ਸਟੇਜ ਸੰਚਾਲਨ ਦੀ ਸੇਵਾ ਨਿਭਾਈ ਅਤੇ ਯੂਬਾ ਸਿਟੀ ਤੋਂ ਆਏ ਸ੍ਰੀ ਰਣਜੀਤ ਕੰਦੋਲਾ ਨੇ ਸਮਾਗਮ ਦੀ ਵੀਡੀਓ ਬਣਾ ਕੇ ਆਪਣਾ ਯੋਗਦਾਨ ਪਾਇਆ। 'ਗੌਰਵ ਪੰਜਾਬ ਦਾ' ਟੀਵੀ ਦੇ ਪ੍ਰਤੀਨਿਧ ਜਗਦੇਵ ਸਿੰਘ ਭੰਡਾਲ ਆਪਣੇ ਚੈਨਲ ਲਈ ਪ੍ਰੋਗਰਾਮ ਦੀ ਕਵਰੇਜ ਕਰਦੇ ਰਹੇ। ਉਘੇ ਸਮਾਜ ਸੇਵੀ ਪਲਵਿੰਦਰ ਮਾਹੀ ਤੇ ਅਮਰ ਦੜੌਚ ਨੇ ਕਿਹਾ ਕਿ ਮੱਖਣ ਲੋਹਾਰ ਦਾ ਇਹ 'ਧਰਤੀ' ਨਾਂ ਦਾ ਗੀਤ, ਧਰਤੀ ਜਿੰਨੀ ਲੰਮੇਰੀ ਉਮਰ ਦਾ ਹੋਵੇਗਾ। ਉਘੇ ਗੀਤਕਾਰ ਮੱਖਣ ਲੋਹਾਰ ਨੇ ਸ਼ਾਇਰਾਂ, ਲੇਖਕਾਂ, ਕਲਾਕਾਰਾਂ ਤੇ ਸਰੋਤਿਆਂ ਦੀ ਭਰਵੀਂ ਹਾਜ਼ਰੀ ਤੇ ਪ੍ਰਸੰਨਤਾ ਜ਼ਾਹਰ ਕੀਤੀ ਤੇ ਸਭ ਨੂੰ ਜੀ ਆਇਆਂ ਕਿਹਾ। ਪੰਜਾਬੀ ਗੀਤਕਾਰੀ ਮੰਚ ਕੈਲੀਫੋਰਨੀਆ ਦੇ ਜਨਰਲ ਸਕੱਤਰ ਬਿੱਕਰ ਐਸ਼ੀ ਕੰਮੇਆਣਾ ਨੇ ਕਿਹਾ ਕਿ ਇਹ ਗੀਤ ਲੋਕ ਬੋਲੀਆਂ ਤੇ ਮੁਹਾਵਰਿਆਂ ਵਾਂਗ ਲੋਕਾਂ ਦੇ ਬੁੱਲ੍ਹਾਂ 'ਤੇ ਚੜ੍ਹਨ ਦੀ ਹੈਸੀਅਤ ਰੱਖਦਾ ਹੈ। ਸਮਾਜ ਸੇਵੀ ਤੇ ਗੀਤਕਾਰ ਜੱਸੀ ਬੰਗਾ ਨੇ ਇਸ ਚੰਗੇ ਗੀਤ ਲਈ ਮੱਖਣ ਲੋਹਾਰ ਨੂੰ ਹਾਰਦਿਕ ਵਧਾਈ ਦਿੱਤੀ। ਸ਼ਾਇਰ ਤਾਰਾ ਸਾਗਰ, ਹਰਜਿੰਦਰ ਪੰਧੇਰ, ਰਾਠੇਸ਼ਵਰ ਸਿੰਘ ਸੂਰਾਪੁਰੀ ਤੇ ਗੁਰਬਚਨ ਚੋਪੜਾ ਆਦਿ ਨੇ ਵੀ ਮੱਖਣ ਲੋਹਾਰ ਦੇ ਇਸ ਗੀਤ ਨੂੰ ਸਰਾਹਿਆ। ਕਵਿਤਰੀਆਂ ਨੀਲਮ ਸੈਣੀ ਅਤੇ ਮਨਜੀਤ ਸੇਖੋਂ ਤੇ ਗਾਇਕਾ ਸੁਖਵੰਤ ਕੌਰ ਸੁੱਖੀ ਦਾ ਵਿਚਾਰ ਸੀ ਕਿ ਸਮਾਜ ਨੂੰ ਸੇਧ ਦੇਣ ਲਈ ਇਹੋ ਜਿਹੇ ਗੀਤਾਂ ਦੀ ਅਤਿਅੰਤ ਲੋੜ ਹੈ। ਉਘੇ ਗਾਇਕ ਤਰਲੋਕ ਸਿੰਘ ਅਤੇ ਸਮਾਜਿਕ ਸ਼ਖਸੀਅਤ ਸੰਗੀਤਕਾਰ ਕੁਲਦੀਪ ਸਿੰਘ ਵੋਹਰਾ, ਸ੍ਰੀ ਪ੍ਰੇਮ ਨਾਥ ਸਰੋਏ, ਇਕਵਿੰਦਰ ਸਿੰਘ ਧੱਤ, ਰਣਜੀਤ ਰੱਲ੍ਹ, ਚਰਨ ਸਿੰਘ ਮੱਲ੍ਹਣ, ਗੈਰੀ ਭੰਗੂ, ਗਾਇਕ ਜੀਵਨ ਰੱਤੂ, ਸਮਾਜ ਸੇਵੀ ਸੁੱਚਾ ਰਾਮ ਭਾਰਟਾ, ਬਲਵੀਰ ਸ਼ੀਮਾਰ, ਧਰਮਪਾਲ ਝੰਮਟ, ਚੰਦਰ ਮੋਹਣ, ਪਿਰਥੀ ਸਿੰਘ, ਰਜਿੰਦਰ ਗਾਂਧੀ, ਸੁਭਾਸ਼ ਬੰਗਾ, ਪਰਮਜੀਤ ਭੱਟਾ, ਕੇਵਲ ਬੋਲੀਨਾ ਤੇ ਮਨਿੰਦਰ ਪਵਾਰ ਆਦਿ ਮੱਖਣ ਲੋਹਾਰ ਨੂੰ ਵਧਾਈ ਦੇਣ ਵਾਲਿਆਂ ਵਿਚ ਸ਼ੁਮਾਰ ਸਨ। ਰਿਲੀਜ਼ ਹੋਏ ਗੀਤ ਲਈ ਕੇਕ ਕੱਟਣ ਦੀ ਰਸਮ ਵੀ ਅਦਾ ਕੀਤੀ ਗਈ।

# ਸਿੱਖ ਆਗੂਆਂ ਨੇ ਪੰਜਾਬ ਸਰਕਾਰ ਤੋਂ ਬੇਅਦਬੀ ਦੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਮੰਗੀ



ਟਰਾਂਟੋ (ਕੈਨੇਡਾ)/ਬਿਊਰੋ ਨਿਊਜ਼ : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕੈਨੇਡਾ ਈਸਟ ਦੇ ਪ੍ਰਧਾਨ ਸੁਖਮਿੰਦਰ ਸਿੰਘ ਹੰਸਰਾ ਅਤੇ ਪਰਮਿੰਦਰ ਸਿੰਘ ਪਾਂਗਲੀ ਨੇ ਸਾਂਝੇ ਤੌਰ 'ਤੇ ਬਿਆਨ ਜਾਰੀ ਕਰਦਿਆਂ ਕਿਹਾ ਕਿ, "ਰਾਜ ਬਿਨਾ ਨਹੀਂ ਧਰਮ ਚਲੇ ਹੈਂ" ਦੇ ਮਹਾਂਵਾਕ ਅਨੁਸਾਰ ਰਾਜ-ਹੀਣ ਕੌਮਾਂ ਦਾ ਧਰਮ ਸੁਰੱਖਿਅਤ ਨਹੀਂ ਰਹਿੰਦਾ। ਇਹ ਆਲਮ ਗੁਲਾਮੀ ਦੀ ਚੱਕੀ ਵਿੱਚ ਪਿਸ ਰਹੀ ਸਿੱਖ ਕੌਮ ਦਾ ਬਣਿਆ ਹੋਇਆ ਹੈ ਕਿ ਸਾਡੇ ਧਾਰਮਿਕ ਅਸਥਾਨਾਂ ਤੋਂ ਬਾਅਦ ਹੁਣ ਧਾਰਮਿਕ ਗ੍ਰੰਥ ਵੀ ਬੇਅਦਬੀ ਦਾ ਸ਼ਿਕਾਰ ਹੋ ਰਹੇ ਹਨ। ਉਹ ਵੀ ਸਰਕਾਰਾਂ ਆਪ ਕਰਵਾ ਰਹੀਆਂ ਹਨ। ਬੀਤੇ ਦਿਨੀਂ ਪੰਜਾਬ ਵਿਧਾਨ ਸਭਾ ਵਿੱਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨੇ ਸੱਚ ਉਘਾੜ ਕੇ ਸੰਸਾਰ ਦੇ ਸਾਹਮਣੇ ਰੱਖ ਦਿੱਤਾ ਹੈ ਕਿ ਵੋਟ ਰਾਜਨੀਤੀ ਕਰਦਿਆਂ ਸੂਬੇ ਦੇ ਮੁੱਖ ਮੰਤਰੀ ਪ੍ਰਕਾਸ਼ ਬਾਦਲ, ਗ੍ਰਹਿ ਮੰਤਰੀ ਸੁਖਬੀਰ ਬਾਦਲ, ਪੁਲੀਸ ਮੁਖੀ ਸੁਮੇਧ ਸੈਣੀ, ਆਈਜੀ ਪਰਮਜੀਤ ਸਿੰਘ ਉਮਰਾਨੰਗਲ, ਡੀਆਈਜੀ ਅਮਰ ਸਿੰਘ ਚਾਹਲ ਅਤੇ ਤਿੰਨ ਐਸਐਸਪੀ, ਐਸਐਸ ਮਾਨ, ਚਰਨਜੀਤ ਸ਼ਰਮਾ ਅਤੇ ਰਘਬੀਰ ਸਿੰਘ ਸਮੇਤ ਵੋਟ ਬੈਂਕ ਦੇ ਮਾਲਕ ਡੇਰੇਦਾਰ ਗੁਰਮੀਤ ਰਾਮ ਰਹੀਮ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਰਹਿਮੀ ਨਾਲ ਬੇਅਦਬੀ ਕੀਤੀ ਹੈ। ਉਨ੍ਹਾਂ ਕਿਹਾ ਕਿ ਹੈਰਾਨੀ ਉਸ ਵੇਲੇ ਹੋਈ ਜਦੋਂ ਪੰਜਾਬ ਦੇ ਮੌਜੂਦਾ ਮੁਖੀ ਕੈਪਟਨ ਅਮਰਿੰਦਰ ਸਿੰਘ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਅੱਗੇ ਜਾਂਚ ਕਰਨ ਲਈ ਸਪੈਸ਼ਲ ਟੀਮ ਦਾ ਗਠਨ ਕਰਨ ਦਾ ਮਤਾ ਪੇਸ਼ ਕਰਕੇ ਪੰਜਾਬ ਅਤੇ ਵਿਦੇਸ਼ਾਂ ਦੇ ਟੈਲੀਵਿਜਨ ਨਾਲ ਜੁੜੇ ਸਿੱਖਾਂ ਦੇ ਹਿਰਦੇ ਇਕ ਵਾਰ ਫੇਰ ਵਲੂੰਧਰ ਦਿੱਤੇ। ਪੰਥਕ ਆਗੂਆਂ ਨੇ ਮੰਗ ਕੀਤੀ ਕਿ ਬਰਗਾੜੀ ਇਨਸਾਫ ਮੋਰਚੇ ਦੀ ਮੁੱਖ ਮੰਗ ਉਤੇ ਅਮਲ ਕਰਦਿਆਂ ਪੰਜਾਬ ਸਰਕਾਰ ਨੂੰ ਤੁਰੰਤ ਪ੍ਰਕਾਸ਼ ਬਾਦਲ, ਸੁਖਬੀਰ ਬਾਦਲ, ਸੁਮੇਧ ਸੈਣੀ, ਉਮਰਾਨੰਗਲ ਅਤੇ ਗੁਰਮੀਤ ਰਾਮ ਰਹੀਮ ਖਿਲਾਫ ਕੇਸ ਦਰਜ ਕਰਕੇ ਗ੍ਰਿਫਤਾਰੀਆਂ ਕਰਨੀਆਂ ਚਾਹੀਦੀਆਂ ਹਨ।

ਉਕਤ ਆਗੂਆਂ ਨੇ ਕਿਹਾ ਕਿ ਲੋਕਤੰਤਰਤ ਵਿੱਚ ਜਦੋਂ ਨਿਆਂਪ੍ਰਣਾਲੀ ਦੇ ਕਿਸੇ ਸੀਨੀਅਰ ਮੈਂਬਰ ਨੇ ਪੜਤਾਲੀਆ ਰਿਪੋਰਟ ਤਿਆਰ ਕਰਕੇ ਸਰਕਾਰ ਨੂੰ ਪੇਸ਼ ਕਰ ਦਿੱਤੀ ਹੈ ਤਾਂ ਸਰਕਾਰ ਕੋਲ ਉਸ ਉਪਰ ਅਮਲ ਕਰਨ ਤੋਂ ਬਿਨਾ ਹੋਰ ਕੋਈ ਰਾਹ ਨਹੀਂ ਹੁੰਦਾ ਜਦਕਿ ਪੰਜਾਬ ਸਰਕਾਰ ਇਹ ਫਾਇਲ ਕਦੇ ਸੀਬੀਆਈ ਨੂੰ ਮੁੜ ਪੜਤਾਲ ਕਰਨ ਲਈ ਸੌਂਪਣ ਦੀ ਗੱਲ ਕਰਦੀ ਹੈ ਅਤੇ ਕਦੇ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਬਣਾ ਕੇ ਵਕਤ ਟਪਾਉਣ ਦੀ ਰਾਜਨੀਤੀ ਕਰ ਰਹੀ ਹੈ। ਭਾਈ ਹੰਸਰਾ ਨੇ ਕਿਹਾ ਕਿ ਜੇਕਰ ਕੈਪਟਨ ਸਰਕਾਰ ਤੁਰੰਤ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿੱਚ ਪਾਏ ਗਏ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕਰਦੀ ਤਾਂ ਦੇਸ਼ ਵਿਦੇਸ਼ ਵਿੱਚ ਬਾਦਲ ਦੇ ਪੁਤਲਿਆਂ ਦੇ ਨਾਲ-ਨਾਲ ਕੈਪਟਨ ਅਮਰਿੰਦਰ ਸਿੰਘ ਦੇ ਪੁਤਲੇ ਫੂਕਣੇ ਵੀ ਸ਼ੁਰੂ ਹੋ ਜਾਣਗੇ।

# ਸਾਊਦੀ ਅਰਬ ਦੀ ਜੇਲ੍ਹ 'ਚ ਬੰਦ 5 ਨੌਜਵਾਨਾਂ ਦੀ ਸੋਸ਼ਲ ਮੀਡੀਆ ਰਾਹੀਂ ਪੁਕਾਰ



ਗੁਰਦਾਸਪੁਰ/ਬਿਊਰੋ ਨਿਊਜ਼ : ਖਾੜੀ ਮੁਲਕ ਸਾਊਦੀ ਅਰਬ ਦੀ ਸਾਬਰ ਜੇਲ੍ਹ ਵਿੱਚ ਪਿਛਲੇ ਸਮੇਂ ਤੋਂ ਬੰਦ ਪੰਜ ਭਾਰਤੀ ਨੌਜਵਾਨਾਂ ਨੇ ਇਕ ਵੀਡੀਓ ਰਾਹੀਂ ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਅਤੇ ਸਾਂਸਦ ਭਗਵੰਤ ਮਾਨ ਤੋਂ ਰਿਹਾਈ ਲਈ ਮਦਦ ਮੰਗੀ ਹੈ। ਇਨ੍ਹਾਂ ਪੰਜ ਨੌਜਵਾਨਾਂ ਵਿਚੋਂ ਤਿੰਨ ਨੌਜਵਾਨ ਪੰਜਾਬ ਦੇ ਹਨ ਜਦਕਿ ਦੋ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਹਨ। ਰੋਜ਼ੀ ਰੋਟੀ ਦੀ ਤਲਾਸ਼ ਲਈ ਸਾਊਦੀ ਅਰਬ ਗਏ ਪੰਜਾਬੀਆਂ ਵਿੱਚ ਗੁਰਦਾਸਪੁਰ ਦੇ ਸੰਤ ਨਗਰ ਦਾ ਰਹਿਣ ਵਾਲਾ ਕਮਲ ਮਨਜਿੰਦਰ ਸਿੰਘ ਹੈ ਅਤੇ ਦੂਸਰਾ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਡੱਲਾ ਦਾ ਨਿਵਾਸੀ ਹਰਦੀਪ ਸਿੰਘ ਚਾਹਲ ਹੈ। ਤੀਜੇ ਪੰਜਾਬੀ ਦਾ ਨਾਮ-ਪਤਾ ਵੀਡਿਓ ਵਿਚ ਨਹੀਂ ਦੱਸਿਆ ਗਿਆ। ਇਸੇ ਤਰ੍ਹਾਂ ਉੱਤਰ ਪ੍ਰਦੇਸ਼ ਦੇ ਮਥੁਰਾ ਦਾ ਨਿਵਾਸੀ ਨਸੀਮ ਅਤੇ ਇਲਾਹਾਬਾਦ ਦਾ ਵਿਵੇਕ ਕੁਮਾਰ ਵੀ ਉਨ੍ਹਾਂ ਦੇ ਨਾਲ ਹੀ ਆਪਣੀ ਰਿਹਾਈ ਲਈ ਤਰਲੇ ਮਾਰ ਰਿਹਾ ਹੈ। ਜ਼ਿਕਰਯੋਗ ਹੈ ਕਿ ਪਹਿਲਾਂ ਵੀ ਕਈ ਵਾਰ ਪੰਜਾਬੀ ਨੌਜਵਾਨਾਂ ਦੀਆਂ ਅਕਸਰ ਉਥੋਂ ਦੀਆਂ ਜੇਲ੍ਹਾਂ ਵਿੱਚ ਬੰਦ ਹੋਣ ਦੀਆਂ ਖ਼ਬਰਾਂ ਪੜ੍ਹਨ-ਸੁਣਨ ਨੂੰ ਮਿਲਦੀਆਂ ਹਨ। ਵੀਡਿਓ ਰਿਕਾਰਡਿੰਗ ਵਿਚ ਹਰਦੀਪ ਸਿੰਘ ਨੇ ਦੱਸਿਆ ਕਿ ਉਹ ਬਿਨਾਂ ਕਿਸੇ ਕਸੂਰ ਦੇ 6 ਮਹੀਨੇ ਤੋਂ

ਬਾਕੀ ਸਫ਼ਾ 32 'ਤੇ

## ਸੈਕਰਾਮੈਂਟੋ 'ਚ ਕੱਵਾਲ ਰਾਹਤ ਫਤਿਹ ਅਲੀ ਖਾਂ ਬਿਖੇਰੇਗਾ ਸੂਫ਼ੀ ਰੰਗ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ : ਪੰਜਾਬੀ ਤੇ ਉਰਦੂ ਜ਼ੁਬਾਨ ਦੇ ਸੁਰੀਲੇ ਤੇ ਸੂਫ਼ੀ ਗਾਇਕ ਰਾਹਤ ਫਤਿਹ ਅਲੀ ਖਾਂ ਦੀ ਮਹਿਫ਼ਲ ਸਤੰਬਰ 7 ਨੂੰ ਸ਼ਾਮ 8 ਵਜੇ ਸੈਕਰਾਮੈਂਟੋ ਦੇ ਕਮਿਊਨਿਟੀ



ਸੈਂਟਰ ਥੀਏਟਰ ਵਿਚ ਕਰਵਾਈ ਜਾ ਰਹੀ ਹੈ। ਇਸ ਸ਼ੋਅ ਦੀਆਂ ਟਿਕਟਾਂ ਪਹਿਲਾਂ ਹੀ ਭਾਰੀ ਗਿਣਤੀ ਵਿਚ ਉਨ੍ਹਾਂ ਦੇ ਚਾਹੁਣ ਵਾਲੇ ਖਰੀਦ ਚੁੱਕੇ ਹਨ। ਲਹਿੰਦੇ ਅਤੇ ਚੜ੍ਹਦੇ ਪੰਜਾਬਾਂ ਦੇ ਲੋਕ ਇਸ ਸੂਫ਼ੀ ਗਾਇਕ ਤੇ ਕੱਵਾਲ ਨੂੰ ਸੁਣਨ ਲਈ ਉਤਾਵਲੇ ਹਨ। ਇਥੇ ਬਹੁਤ ਅਰਸੇ ਬਾਅਦ ਸੂਫ਼ੀ ਸੁਹਜ ਦੇ ਰਸੀਆਂ ਨੂੰ ਇਸ ਵੰਨਗੀ ਦਾ ਕੋਈ ਗਾਇਕ ਸੁਣਨ ਨੂੰ ਮਿਲੇਗਾ। ਸ਼ੋਅ ਦੇ ਪ੍ਰਬੰਧਕ ਸੰਜੀਤ ਮਸੀਹ, ਜਤਿੰਦਰ ਮਾਨ, ਜਤਿੰਦਰ ਜੋਸ਼ੀ ਅਤੇ ਰਾਜ ਨੇ ਦੱਸਿਆ ਕਿ ਇਸ ਸ਼ੋਅ ਪ੍ਰਤੀ ਪੰਜਾਬੀਆਂ ਵਿਚ ਕਾਫ਼ੀ ਉਤਸ਼ਾਹ ਹੈ ਤੇ ਸਾਰੇ ਯੋਗ ਪ੍ਰਬੰਧ ਕਰ ਲਏ ਗਏ ਹਨ। ਇਸ ਕਲਾਕਾਰ ਨੂੰ ਸੁਣਨ ਲਈ ਪੰਜਾਬੀ ਦਰਸ਼ਕ ਰੀਨੋ, ਯੂਬਾ ਸਿਟੀ, ਸਟਾਕਟਨ ਤੇ ਬੇ-ਏਰੀਆ ਤੋਂ ਪਹੁੰਚ ਰਹੇ ਹਨ। ਪ੍ਰਬੰਧਕਾਂ ਨੇ ਕਿਹਾ ਕਿ ਪਹਿਲਾਂ ਕਰਵਾਏ ਗਏ ਸ਼ੋਆਂ ਤੋਂ ਕਿਤੇ ਵੱਧ ਪੰਜਾਬੀ ਦਰਸ਼ਕਾਂ ਵਿਚ ਇਸ ਸ਼ੋਅ ਲਈ ਉਤਸ਼ਾਹ ਹੈ।

## 'ਦੀ ਸਿੱਖ ਅਮਰੀਕਨ ਚੈਂਬਰ ਆਫ਼ ਕਾਮਰਸ' ਵੱਲੋਂ 7ਵਾਂ ਸਾਲਾਨਾ ਪ੍ਰੋਗਰਾਮ ਕਰਵਾਉਣ ਦਾ ਐਲਾਨ

ਨਿਊਜਰਸੀ/ਬਿਊਰੋ ਨਿਊਜ਼ : 'ਦੀ ਸਿੱਖ ਅਮਰੀਕਨ ਚੈਂਬਰ ਆਫ਼ ਕਾਮਰਸ' ਵੱਲੋਂ ਵਪਾਰ ਨਾਲ ਸਬੰਧਤ 7ਵਾਂ ਸਾਲਾਨਾ ਪ੍ਰੋਗਰਾਮ 'ਗਾਲਾ' ਦਿਨ ਸ਼ਨੀਵਾਰ, 13 ਅਕਤੂਬਰ, 2018 ਨੂੰ ਕਰਵਾਇਆ ਜਾ ਰਿਹਾ ਹੈ। ਇਹ ਪ੍ਰੋਗਰਾਮ ਲਿਬਰਟੀ ਸਾਇੰਸ ਸੈਂਟਰ 222, ਜਰਸੀ ਸਿਟੀ ਬੁਲੇਵਰਡ, ਨਿਊਜਰਸੀ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿਚ ਗੁਰਬੀਰ ਸਿੰਘ ਗਰੇਵਾਲ, ਜੈਦੀਪ ਬਜਾਜ, ਰਵੀ ਭੱਲਾ ਮੁੱਖ ਬੁਲਾਰੇ ਹੋਣਗੇ। ਨਵਨੀਤ ਚੁੱਘ ਅਤੇ ਗੁਰਮੀਤ ਸੋਢੀ ਦੀ ਦੇਖ-ਰੇਖ ਵਿਚ ਹੋ ਰਿਹਾ ਇਹ ਪ੍ਰੋਗਰਾਮ ਦੱਖਣੀ ਏਸ਼ੀਆਈ ਵਪਾਰਕ ਭਾਈਚਾਰੇ ਲਈ ਇਕ ਚੰਗਾ ਉਪਰਾਲਾ ਹੋਵੇਗਾ। ਇਸ ਵਿਚ 350 ਤੋਂ ਵੱਧ ਉਦਯੋਗਪਤੀ ਭਾਗ ਲੈ ਰਹੇ ਹਨ। 'ਦੀ ਸਿੱਖ ਅਮਰੀਕਨ ਚੈਂਬਰ ਆਫ਼ ਕਾਮਰਸ' ਵੱਲੋਂ ਸਭ ਨੂੰ ਇਸ ਪ੍ਰੋਗਰਾਮ ਵਿਚ ਆਪਣੇ ਪਰਿਵਾਰ, ਦੋਸਤਾਂ-ਮਿੱਤਰਾਂ ਸਮੇਤ ਆਉਣ ਦਾ ਸੱਦਾ ਹੈ।

# ਅਮਰੀਕਾ ਦੇ ਗਾਇਕਾਂ ਨੇ 'ਫਰਿਜ਼ਨੋ ਡਰੀਮਜ਼' ਦੇ ਬੈਨਰ ਹੇਠ ਸਾਂਝਾ ਮੰਚ ਬਣਾਇਆ

### 'ਫਰਿਜ਼ਨੋ ਮੈਮੋਰੀਅਲ ਆਡੀਟੋਰੀਅਮ' ਵਿਚ ਹੋਵੇਗਾ ਪਲੇਠਾ ਪ੍ਰੋਗਰਾਮ



ਫਰਿਜ਼ਨੋ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ : ਪੰਜਾਬੀ ਸੱਭਿਆਚਾਰ ਤੇ ਵਿਰਸਾ ਬਹੁਤ ਅਮੀਰ ਹੈ। ਇਸ ਦੇ ਗੰਭੀਰ ਸਰੋਤਿਆਂ ਨੂੰ ਹਮੇਸ਼ਾ ਤਾਂਘ ਰਹਿੰਦੀ ਹੈ ਕਿ ਚੰਗੇ ਸਾਹਿਤਕ ਅਤੇ ਪਰਿਵਾਰਕ ਵੰਨਗੀ ਦੇ ਗੀਤਾਂ ਨੂੰ ਸੁਣਿਆ ਜਾਵੇ। ਆਮ ਤੌਰ 'ਤੇ ਗਾਇਕ ਕਲਾਕਾਰਾਂ ਨੂੰ ਭਾਰਤ ਤੋਂ ਕਾਫੀ ਪੈਸੇ ਖਰਚ ਕਰ ਕੇ ਬੁਲਾਇਆ ਜਾਂਦਾ ਹੈ ਪਰ ਉਹ ਆਪਣੀ ਪੇਸ਼ਕਾਰੀ ਵਿਚ ਪੱਛਮੀ ਪ੍ਰਭਾਵ, ਲੜਾਈਆਂ, ਨਸ਼ੇ ਅਤੇ ਲੱਚਰਤਾ ਵਰਗੇ ਗੀਤ ਪੇਸ਼ ਕਰਦੇ ਹਨ, ਜੋ ਸੰਜੀਦਾ ਸਰੋਤਿਆਂ ਦੀ ਕਸੌਟੀ 'ਤੇ ਖਰੇ ਨਹੀਂ ਉਤਰਦੇ। ਇਸ ਲਈ ਫਰਿਜ਼ਨੋ ਏਰੀਏ ਵਿਚ ਰਹਿੰਦੇ ਏਸ਼ੀਆਨਾ ਟਰੈਵਲ ਦੇ ਸੰਸਥਾਪਕ ਤਰਨਜੀਤ ਸਿੰਘ ਅਤੇ ਜਸਵੰਤ ਸਿੰਘ ਮਹਿੰਮੀ ਨੇ ਨਾਮਵਰ ਸਥਾਨਕ ਗਾਇਕ ਕਲਾਕਾਰਾਂ ਨੂੰ 'ਫਰਿਜ਼ਨੋ ਡਰੀਮਜ਼' ਨਾਂ ਦੇ ਇਕ ਮੰਚ 'ਤੇ ਇਕੱਤਰ ਕਰਨ ਦਾ ਉਪਰਾਲਾ ਕੀਤਾ ਹੈ। ਇਨ੍ਹਾਂ ਵਿਚ ਧਰਮਵੀਰ ਥਾਂਦੀ, ਰਾਜੇਸ਼ ਰਾਜੂ, ਦਿਲਦਾਰ ਗਰੁੱਪ ਦਾ ਅਵਤਾਰ ਗਰੇਵਾਲ, ਫਿਲਮ ਡਾਇਰੈਕਟਰ ਅਤੇ ਗੀਤਕਾਰ ਮਲਕੀਤ ਮੀਤ, ਕਵੀਸ਼ਰੀ ਜਗਤ ਦੀ ਗੋਲਡ ਮੈਡਲ ਪ੍ਰਾਪਤ ਆਵਾਜ਼ ਬੀਬੀ ਜੋਤ ਰਣਜੀਤ ਤੋਂ ਇਲਾਵਾ ਫਿਲਮੀ ਅਦਾਕਾਰ ਅਤੇ ਗਾਇਕ ਬੱਲੂ ਸਿੰਘ ਅਤੇ ਸੁਰਜੀਤ ਮਾਛੀਵਾੜਾ ਸ਼ਾਮਲ ਹਨ। ਇਸ ਮੰਚ ਦੇ ਮੁੱਢਲੇ ਮੈਂਬਰਾਂ ਦੀ ਵਿਸ਼ੇਸ਼ ਮੀਟਿੰਗ ਦੀ ਸ਼ੁਰੂਆਤ ਕੇਕ ਕੱਟਣ ਦੀ ਰਸਮ ਨਾਲ ਹੋਈ। ਉਪਰੰਤ ਗੀਤ-ਸੰਗੀਤ ਅਤੇ ਗੰਭੀਰ ਵਿਚਾਰਾਂ ਹੋਈਆਂ। ਇਸ ਮੌਕੇ ਦੇਰ ਤੋਂ ਲੋਕਾਂ ਦੀ ਚਲੀ ਆ ਰਹੀ ਮੰਗ ਨੂੰ ਦੇਖਦੇ ਹੋਏ ਤੈਅ ਕੀਤਾ ਗਿਆ ਕਿ ਇਨ੍ਹਾਂ ਕਲਾਕਾਰਾਂ ਦਾ ਸਾਂਝੇ ਤੌਰ 'ਤੇ ਪਲੇਠਾ ਪ੍ਰੋਗਰਾਮ 10 ਨਵੰਬਰ ਨੂੰ 'ਫਰਿਜ਼ਨੋ ਮੈਮੋਰੀਅਲ ਆਡੀਟੋਰੀਅਮ' ਵਿਚ ਕਰਵਾਇਆ ਜਾਵੇਗਾ। ਇਸ ਸਮੇਂ ਸਟੇਜ ਸੰਚਾਲਨ ਬੀਬੀ ਆਸ਼ਾ ਸ਼ਰਮਾ ਅਤੇ ਟੀਵੀ. ਹੋਸਟ ਗਿੱਲ ਹਰਦੀਪ ਕਰਨਗੇ। ਦਾਖਲਾ ਟਿਕਟ ਬਹੁਤ ਘੱਟ ਕੀਮਤ ਦੀ ਹੋਵੇਗੀ। ਇਸ ਵਿਚ ਗੀਤ-ਸੰਗੀਤ ਤੋਂ ਇਲਾਵਾ ਸਰੋਤਿਆਂ ਲਈ 'ਫਸਟ ਕਲਾਸ' ਏਅਰ ਲਾਈਨ ਦੀ ਟਿਕਟ ਅਤੇ ਹੋਰ ਬਹੁਤ ਸਾਰੇ ਵਡਮੁੱਲੇ ਰੈਫਲ ਡਰਾਅ ਵੀ ਕੱਢੇ ਜਾਣਗੇ। ਪ੍ਰਬੰਧਕਾਂ ਵੱਲੋਂ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ।ਵਰਨਣਯੋਗ ਹੈ ਕਿ ਬਹੁਤ ਸਾਰੇ ਸੁਹਿਰਦ ਤੇ ਸੰਜੀਦਾ ਕਲਾਕਾਰ, ਜੋ ਵਿਦੇਸ਼ਾਂ ਵਿਚ ਰੋਜ਼ਗਾਰ ਲਈ ਆਉਂਦੇ ਹਨ, ਆਪਣੀ ਸੰਗੀਤ ਕਲਾ ਨਾਲੋਂ ਟੁੱਟ ਜਾਂਦੇ ਹਨ। ਅਜਿਹੇ ਕਲਾਕਾਰਾਂ ਲਈ "ਫਰਿਜ਼ਨੋ ਡਰੀਮਜ਼" ਵਰਦਾਨ ਸਾਬਤ ਹੋਵੇਗਾ। ਇਸ ਨਾਲ ਜੁੜ ਕੇ ਉਹ ਆਪਣੀ ਕਿਰਤ ਵੀ ਕਰਨਗੇ ਅਤੇ ਆਪਣੀ ਕਲਾ ਨੂੰ ਲੋਕ ਅਰਪਣ ਵੀ ਕਰ ਸਕਣਗੇ।

# ਜੈਨਕੋ ਦਾ ਗਿਆਰਵਾਂ ਸਾਲਾਨਾ ਗੌਲਫ਼ ਟੂਰਨਾਮੈਂਟ 15 ਸਤੰਬਰ ਨੂੰ

ਫਰੀਮੌਂਟ/ਬਿਊਰੋ ਨਿਊਜ਼ : ਜੈਨਕੋ ਵੱਲੋਂ 2018 ਦੇ ਸਾਲਾਨਾ ਗੌਲਫ਼ ਟੂਰਨਾਮੈਂਟ ਦੀ ਤਾਰੀਕ 15 ਸਤੰਬਰ, 2018 ਨਿਸ਼ਚਿਤ ਕੀਤੀ ਗਈ ਹੈ। ਇਹ ਟੂਰਨਾਮੈਂਟ ਫਰੀਮੌਂਟ ਨੇੜਲੇ ਸ਼ਹਿਰ ਪਲੈਜ਼ਿਨਟਨ ਦੇ ਪ੍ਰਸਿੱਧ ਗੌਲਫ਼ ਕੋਰਸ ਕੈਲੀਪੇ ਪ੍ਰਿਜ਼ਰਵ ਵਿਖੇ ਕਰਵਾਇਆ ਜਾ ਰਿਹਾ ਹੈ

ਪਿਛਲੇ ਸਾਲ ਇਸ ਟੂਰਨਾਮੈਂਟ ਵਿਚ ਤਕਰੀਬਨ 80 ਗੌਲਫ਼ ਖਿਡਾਰੀਆਂ ਨੇ ਹਿੱਸਾ ਲਿਆ ਸੀ। 14 ਸਾਲ ਤੋਂ ਲੈ ਕੇ 70 ਸਾਲ ਦੀ ਉਮਰ ਦੇ, ਕੁਝ ਨਵੇਂ ਅਤੇ ਕੁਝ ਮਾਹਿਰ ਖਿਡਾਰੀ, ਕੁਝ ਹਮਖਿਆਲ ਅਤੇ ਬਹੁਤੇ ਅਗਾਂਹਵਧੂ, ਪਰ ਸਾਰੇ ਦੇ ਸਾਰੇ ਪੰਜਾਬੀ ਮੂਲ ਦੇ ਜਾਂ ਪੰਜਾਬੀਅਤ ਨਾਲ ਪਿਆਰ ਕਰਨ ਵਾਲੇ ਖਿਡਾਰੀ ਸਨ।




ਪਿਛਲੇ ਟੂਰਨਾਮੈਂਟ ਦੀ ਸਫ਼ਲਤਾ ਨੂੰ ਮੁੱਦੇ ਨਜ਼ਰ ਰੱਖਦਿਆਂ ਜੈਨਕੋ ਪ੍ਰਬੰਧਕਾਂ ਨੇ ਇਸ ਸਾਲ ਵੀ ਤਕਰੀਬਨ 80 ਖਿਡਾਰੀਆਂ ਦਾ ਇੰਤਜ਼ਾਮ ਕੀਤਾ ਹੈ। ਜ਼ਿਕਰਯੋਗ ਹੈ ਕਿ ਟੂਰਨਾਮੈਂਟ ਰੈਜਿਸਟ੍ਰੇਸ਼ਨ 11 ਵਜੇ ਸਵੇਰੇ ਸ਼ੁਰੂ ਹੋਵੇਗੀ ਅਤੇ ਟੂਰਨਾਮੈਂਟ ਸ਼ੌਟਗਨ ਸਟਾਇਲ ਵਿਚ, ਦੁਪਹਿਰ 12:30 ਵਜੇ ਸ਼ੁਰੂ ਹੋਵੇਗਾ। ਟੂਰਨਾਮੈਂਟ ਤੋਂ ਪਹਿਲਾਂ ਪਟਿੰਗ ਕੰਪੀਟੀਸ਼ਨ ਅਤੇ ਦੁਪਹਿਰ ਦੇ ਖਾਣੇ ਦਾ ਪ੍ਰਬੰਧ ਹੈ। ਸ਼ਾਮ ਨੂੰ ਇਨਾਮ ਸਮਾਰੋਹ ਅਤੇ ਖਾਣੇ ਦਾ ਪ੍ਰਬੰਧ ਗੌਲਫ਼ ਕੋਰਸ ਦੇ ਕਲੱਬ ਹਾਉਸ ਵਿਚ ਹੋਵੇਗਾ। ਹੋਰ ਜਾਣਕਾਰੀ ਲਈ ਦੇਖੋ: www.GencoBayArea.com ਜਾਂ ਈ-ਮੇਲ ਕਰੋ GencoSpirit@Yahoo.com

ਜੈਨਕੋ ਸੰਸਥਾ ਨੂੰ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦੇ ਪੁਰਾਣੇ ਵਿਦਿਆਰਥੀ ਅਤੇ ਉਹਨਾਂ ਦੇ ਹਮਖਿਆਲੀ ਸੱਜਣ-ਮਿੱਤਰ ਚਲਾ ਰਹੇ ਹਨ। ਗੌਲਫ਼ ਤੋਂ ਇਲਾਵਾ ਜੈਨਕੋ ਹਰ ਸਾਲ ਹੋਰ ਵੀ ਕਈ ਪ੍ਰੋਗਰਾਮ ਕਰਦੀ ਹੈ, ਜਿਵੇਂ ਕਿ ਸਾਲਾਨਾ ਇੰਜੀਨੀਅਰਿੰਗ ਕੈਰੀਅਰ ਦਿਵਸ, ਸਭਿਆਚਾਰਕ ਪ੍ਰੋਗਰਾਮ, ਅਖੰਡ ਪਾਠ ਸਾਹਿਬ, ਪਿਕਨਿਕ ਅਤੇ ਕੈਂਪਿੰਗ ਆਦਿ। ਇਨ੍ਹਾਂ ਪ੍ਰੋਗਰਾਮਾਂ ਵਿਚੋਂ ਬਚਿਆ ਪੈਸਾ ਜੈਨਕੋ ਦਾਨਯੋਗ ਸੰਸਥਾਵਾਂ ਅਤੇ ਪ੍ਰੋਗਰਾਮਾਂ ਲਈ ਵਰਤਦੀ ਹੈ. ਵਧੇਰੇ ਜਾਣਕਾਰੀ ਲਈ ਤੁਸੀਂ ਜੈਨਕੋ ਨੂੰ ਈ-ਮੇਲ ਰਾਹੀਂ GencoSpirit@Yahoo.com ਜਾਂ ਆਨ-ਲਾਈਨ www.GencoBayArea.com ਜਾਂ ਪ੍ਰਬੰਧਕਾਂ ਨਾਲ ਫ਼ੋਨ ਉਤੇ, ਸਤਵੰਤ ਸਿੰਘ -(510) 882-2314, ਜਸਪ੍ਰੀਤ ਸੰਧੂ -(408) 209-4995, ਨੇਵੀ ਬੜੇਚ -(408) 797-4946, ਦੀਪਿੰਦਰ ਬਧੇਸ਼ਾ -(510) 862-7045, ਇਸ਼ਿੰਦਰ ਸਿੱਧੂ -(626) 600-2620, ਕੰਵਲਦੀਪ ਢਿਲੋਂ-(408) 315-6655, ਅਤੇ ਬੌਬੀ ਦਿਆਲ -(510) 304-2580 ਰਾਹੀਂ ਸੰਪਰਕ ਕਰ ਸਕਦੇ ਹੋ।

## ਗਾਇਕ ਬੱਬੂ ਮਾਨ ਐਂਡ ਪਾਰਟੀ ਨੂੰ ਜਸਪ੍ਰੀਤ ਸਿੰਘ ਅਟਾਰਨੀ ਨੇ ਸ਼ੋਅ ਕਰਨ ਵਾਸਤੇ ਦੁਆਇਆ ਪੀ-3 ਵੀਜ਼ਾ

### 8 ਲੋਕਾਂ ਨੂੰ ਰਾਜਸੀ ਸ਼ਰਨ ਤੇ 5 ਨੂੰ ਸਿਟੀਜ਼ਨ ਦਿਵਾਈ

ਨਿਊਯਾਰਕ/ਰਾਜ ਗੋਗਨਾ : ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ 'ਚ ਪਿਛਲੇ 23 ਸਾਲਾ ਤੋਂ ਇੰਮੀਗ੍ਰੇਸ਼ਨ ਦੀਆ ਸੇਵਾਵਾਂ ਦੇ ਨਾਲ ਭਾਰਤ ਤੋਂ ਅਮਰੀਕਾ 'ਚ ਸ਼ੋਅ ਕਰਨ ਵਾਸਤੇ ਕਲਾਕਾਰਾਂ ਨੂੰ ਵੀਜ਼ਾ ਦੁਆਉਣ ਵਾਲੇ ਸਫਲ ਵਕੀਲ ਜਸਪ੍ਰੀਤ ਸਿੰਘ ਨੇ ਆਪਣੀਆਂ



ਵਕਾਲਤੀ ਪ੍ਰਾਪਤੀਆਂ ਵਿਚ ਹੋਰ ਵਾਧਾ ਕਰਦੇ ਹੋਏ ਗਾਇਕ ਬੱਬੂ ਮਾਨ ਐਂਡ ਪਾਰਟੀ ਨੂੰ ਅਮਰੀਕਾ 'ਚ ਸ਼ੋਅ ਕਰਨ ਵਾਸਤੇ ਪੀ-3 ਵੀਜ਼ਾ ਦੁਆਉਣ 'ਚ ਸਫਲਤਾ ਹਾਸਲ ਕੀਤੀ ਹੈ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜਸਪ੍ਰੀਤ ਸਿੰਘ ਅਟਾਰਨੀ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਉਹ ਸੈਂਕੜੇ ਪੰਜਾਬੀ ਕਲਾਕਾਰਾਂ ਨੂੰ ਸ਼ੋਅ ਕਰਨ ਲਈ ਵੀਜ਼ਾ ਦਿਵਾ ਚੁੱਕੇ ਹਨ। ਇਸ ਤਰਾਂ ਉਹਨਾਂ 8 ਲੋਕਾਂ ਨੂੰ ਰਾਜਸੀ ਸ਼ਰਨ ਦੁਆਉਣ ਵਿਚ ਵੀ ਮਾਅਰਕਾ ਮਾਰਿਆ ਹੈ, ਜਿਨ੍ਹਾਂ ਵਿਚ ਈਸ਼ਾ ਮਲਹੋਤਰਾ, ਗੁਰਪ੍ਰੀਤ ਸਿੰਘ, ਰੋਹਿਤ ਕੁਮਾਰ, ਨਰਿੰਦਰ ਸਿੰਘ, ਨਵਜੀਤ ਸਿੰਘ, ਗੁਰਮੀਤ ਸਿੰਘ ,ਰਣਜੀਤ ਸਿੰਘ ਸੰਧੂ ਅਤੇ ਐਸ.ਪੀ ਸਿੰਘ ਦੇ ਨਾਂ ਸ਼ਾਮਿਲ ਹਨ। ਜਿਨਾਂ 5 ਲੋਕਾਂ ਨੂੰ ਸਿਟੀਜ਼ਨਸ਼ਿਪ ਦਿਵਾਈ ਗਈ, ਉਹਨਾਂ 'ਚ ਗੁਰਨੇਕ ਸਿੰਘ, ਅਮਰਜੀਤ ਕੌਰ, ਗੁਰਦੀਪ ਕੌਰ ਲਹਿੰਬਰ ਸਿੰਘ ਅਤੇ ਬਲਵੀਰ ਸਿੰਘ ਦੇ ਨਾਂ ਸ਼ਾਮਲ ਹਨ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਸਦੀਵੀ ਸ਼ਬਦ ਰੂਪੀ ਗੁਰੂ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

**ਪ੍ਰਮਿੰਦਰ ਸਿੰਘ ਪ੍ਰਵਾਨਾ**
(510-781-0487)

ਅਗਿਆਨ ਅਤੇ ਵਹਿਮਾਂ ਭਰਮਾਂ ਵਿਚ ਭਟਕਦੀ ਮਨੁੱਖਤਾ ਨੂੰ ਰਾਹ ਦਿਖਾਉਣ ਲਈ ਅਵਤਾਰੀ ਪੁਰਸ਼ ਸੰਸਾਰ ਵਿਚ ਆਉਂਦੇ ਹਨ। ਰੱਬੀ ਬਾਣੀ ਰਾਹੀਂ ਮਨੁੱਖਤਾ ਨੂੰ ਸਤਿ ਮਾਰਗ ਤੇ ਚੱਲਣ ਦਾ ਉਪਦੇਸ਼ ਦਿੰਦੇ ਹਨ। ਸਿੱਖ ਧਰਮ ਦੀ ਬੁਨਿਆਦ



ਸਤਿ ਉਤੇ ਰੱਖੀ ਗਈ ਹੈ, ਜਿਸ ਦਾ ਉਪਦੇਸ਼ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਪ੍ਰਾਪਤ ਹੁੰਦਾ ਹੈ।

ਗੁਰੂ ਗ੍ਰੰਥ ਸਾਹਿਬ ਸਦੀਵੀ ਗੁਰੂ ਹਨ। ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਸਮੁੱਚੀ ਮਾਨਵਜਾਤੀ ਵਾਸਤੇ ਹੈ : " ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥" ਅਨੁਸਾਰ ਸਾਰੀ ਸਿੱਖਿਆ ਅਧਿਆਤਮਕ ਤੇ ਜਨ ਕਲਿਆਣ ਵਾਸਤੇ ਹੈ। ਗੁਰੂ ਗ੍ਰੰਥ ਸਾਹਿਬ ਦੀ ਭਾਵਨਾ, ਚਿੰਤਨ ਅਤੇ ਦ੍ਰਿਸ਼ਟੀਕੋਣ ਵਿਸ਼ਵ ਵਿਆਪੀ ਹੈ। ਗੁਰੂਆਂ ਨੇ ਮਨੁੱਖਤਾਂ ਨੂੰ ਦੇਹਧਾਰੀ ਗੁਰੂਆਂ ਦੀ ਪੂਜਾ ਤੋਂ ਹਟਾ ਕੇ ਸ਼ਬਦ ਗੁਰੂ ਦੇ ਲੜ ਲਾਇਆ। ਸਦੀਵੀ ਸ਼ਬਦ ਰੂਪੀ ਗੁਰੂ ਹੈ। ਗੁਰਬਾਣੀ ਗੁਰੂ ਦਾ ਉਪਦੇਸ਼ ਨਿਰੰਕਾਰ ਨਾਲ ਜੁੜਨ ਦੀ ਜਾਂਚ ਦੱਸਦਾ ਹੈ। ਸਿੱਖ ਗੁਰੂਆਂ ਅਤੇ ਹੋਰ ਸੰਤਾਂ-ਭਗਤਾਂ ਦੀ ਬਾਣੀ ਵਡਮੁੱਲੀ ਸਿੱਖਿਆ ਦਾ ਅਨਮੋਲ ਖਜ਼ਾਨਾ ਹੈ। ਇਸ ਦਾ ਪ੍ਰਕਾਸ਼ ਅਤੇ ਸੁੱਖ ਆਸਣ ਬੜੀ ਸ਼ਰਧਾ ਭਾਵਨਾ ਨਾਲ ਗੁਰਦੁਆਰਾ ਸਾਹਿਬ ਵਿਖੇ ਕੀਤਾ ਜਾਂਦਾ ਹੈ। ਇਹ ਸਿੱਖ ਧਰਮ ਦੀ ਸ਼ਰਧਾ ਦਾ ਕੇਂਦਰੀ ਧੁਰਾ ਹੈ। ਸ਼ਬਦ ਗੁਰੂ ਦਾ ਸਤਿਕਾਰ ਪ੍ਰਮਾਤਮਾ ਦਾ ਸਤਿਕਾਰ ਹੈ।

ਇਸ ਦੀ ਆਰੰਭਤਾ ਗੁਰੂ ਨਾਨਕ ਦੇਵ ਸਾਹਿਬ ਤੋਂ ਲੈ ਕੇ ਪਹਿਲੇ ਪੰਜ ਗੁਰੂਆਂ ਦੀ ਬਾਣੀ ਅਤੇ ਭਗਤਾਂ, ਭੱਟਾਂ, ਸੰਤਾਂ ਅਤੇ ਸਿੱਖ ਬਾਣੀਕਾਰਾਂ ਦੀ ਲੜੀ ਪਵਿੱਤਰ ਰਚਨਾ ਨੂੰ ਸੰਭਾਲਿਆ ਗਿਆ ਹੈ। ਜੋ ਬੰਦਗੀ ਅਤੇ ਪ੍ਰਭੂ ਮਿਲਾਪ ਦਾ ਰਾਹ ਦੱਸਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਰੱਬੀ ਬਾਣੀ ਹੈ ਜੋ ਕਿ ਪ੍ਰਚਲਿਤ ਲੋਕ ਭਾਸ਼ਾਵਾਂ ਤੇ ਸੰਤ ਭਾਸ਼ਾ ਦਾ ਮਿਸ਼ਰਣ ਹੈ, ਇਹ ਕਾਵਿ ਰੂਪ ਵਿਚ ਸਾਹਿਤ ਦੀ ਬੇਸ਼ਕੀਮਤੀ ਵੰਨਗੀ ਹੈ। ਇਸ ਵਿਚ ਪ੍ਰਮਾਤਮਾ ਦੀ ਉਸਤਤ ਨੂੰ ਜਦੋਂ ਰਾਗਾਂ ਵਿਚ ਗਾਇਆ ਜਾਂਦਾ ਹੈ ਤਾਂ ਕਾਵਿਕ ਸੰਗੀਤ ਦਾ ਰਹੱਸਮਈ ਪ੍ਰਵਾਹ ਚਲਦਾ ਹੈ ਜੋ ਕਿ ਆਤਮਿਕ ਸ਼ਾਂਤੀ ਪ੍ਰਦਾਨ ਕਰਦਾ ਹੈ।

ਗੁਰੂ ਨਾਨਕ ਦੇਵ ਸਾਹਿਬ ਜੀ ਦੀ ਬਾਣੀ ਪੋਥੀ ਰੂਪ ਵਿਚ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਸੌਂਪੀ ਗਈ। ਫਿਰ ਗੁਰੂ ਅਮਰਦਾਸ, ਗੁਰੂ ਰਾਮਦਾਸ ਸਾਹਿਬ ਤੋਂ ਇਕੱਤਰ ਹੁੰਦੀ ਗਈ ਜਿਸ ਦਾ ਸੰਕਲਨ ਕਰਕੇ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਤੋਂ ਆਦਿ ਗੁਰੂ ਗ੍ਰੰਥ ਸਾਹਿਬ ਲਿਖਵਾਇਆ। ਬਾਣੀ ਦੀ ਘੋਖ ਅਤੇ ਵਾਚਨਾ ਰਾਮ ਸਰੋਵਰ ਦੇ ਰਮਣੀਕ ਕੰਢੇ 'ਤੇ ਨਿਭਾਈ ਗਈ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਇਕੱਤਰ ਹੋਈ ਸਮੁੱਚੀ ਬਾਣੀ ਨੂੰ 31 ਰਾਗਾਂ ਵਿਚ ਤਰਤੀਬ ਦੇ ਕੇ 30 ਅਗਸਤ ਸੰਨ 1604 ਨੂੰ ਆਦਿ ਗ੍ਰੰਥ ਸੰਪੂਰਨ ਕੀਤਾ।

1 ਸਤੰਬਰ, 1604 ਨੂੰ ਆਦਿ ਗ੍ਰੰਥ ਨਗਰ ਕੀਰਤਨ ਦੇ ਰੂਪ ਵਿਚ ਬੜੀ ਸ਼ਾਨ ਨਾਲ ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ਮਾਨ ਹੋਏ। ਭਾਈ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਅਰਜਨ ਦੇਵ ਸਾਹਿਬ ਜੀ ਦੇ ਨਾਲ ਸੰਗਤਾਂ ਵੀ ਆਦਿ ਗ੍ਰੰਥ ਦੀ ਹਜ਼ੂਰੀ ਵਿਚ ਬੈਠੀਆਂ। ਪਹਿਲਾ ਹੁਕਮਨਾਮਾ ਪ੍ਰਾਪਤ ਹੋਇਆ, ਸੂਹੀ ਮਹਲਾ ਪੰਜਵਾਂ॥ ਸੰਤਾਂ ਕੇ ਕਾਰਜ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥ (ਅੰਗ 783)।

ਆਦਿ ਗ੍ਰੰਥ ਸਾਹਿਬ ਜੀ ਨੂੰ ਹੋਰ ਵਿਸ਼ਾਲ ਬਣਾਉਣ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਇਕੱਤਰ ਕਰਦਿਆਂ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਦਰਜ ਕਰਵਾ ਕੇ ਸੰਨ 1707 ਨੂੰ ਮੁਕੰਮਲ ਕੀਤਾ। 20 ਅਕਤੂਬਰ ਸੰਨ 1708 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਵੇਲੇ ਨੰਦੇੜ ਸਾਹਿਬ ਵਿਖੇ ਗੁਰਆਈ ਆਦਿ ਗ੍ਰੰਥ ਨੂੰ ਸੌਂਪੀ ਗਈ ਤੇ ਨਾਮ ਗੁਰੂ ਗ੍ਰੰਥ ਸਾਹਿਬ ਹੋ ਗਿਆ। ਉਨ੍ਹਾਂ ਸਾਰੇ ਸਿੱਖ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਉਤੇ ਚੱਲਣ ਦਾ ਆਦੇਸ਼ ਦਿੱਤਾ। ਉਨ੍ਹਾਂ ਦੇ ਹੁਕਮ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਹੀ ਹਰ ਸਿੱਖ ਦੇ ਗੁਰੂ ਹਨ। ਬਾਬਾ ਦੀਪ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਸੰਗਤਾਂ ਵਿਚ ਵੰਡੇ। ਹੁਣ 1430 ਅੰਗਾਂ ਵਾਲੀ ਬੀੜ ਦੀ ਛਪਾਈ ਦੀ ਮਾਨਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਕੋਲ ਹੀ ਹੈ। ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਧਾਰਮਿਕ ਅਤੇ ਸਮਾਜਿਕ ਕੰਮਾਂ ਦੀ ਅਗਵਾਈ ਕਰਦੇ ਹਨ। ਸੰਗਤਾਂ ਦੇ ਅਥਾਹ ਵਿਸ਼ਵਾਸ ਨਾਲ ਆਸਾਂ ਪੂਰੀਆਂ ਹੁੰਦੀਆਂ ਹਨ। ਭਾਣੇ ਵਿਚ ਰਹਿ ਕੇ ਚੜ੍ਹਦੀ ਕਲਾ ਦਾ ਵਿਸ਼ਵਾਸ਼ ਮਿਲਦਾ ਹੈ, ਉਤਸ਼ਾਹ ਮਿਲਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਸ਼ਰਧਾ ਕਰਕੇ ਹੀ ਮਹਾਰਾਜਾ ਰਣਜੀਤ ਸਿੰਘ ਨੇ ਸੁਤੰਤਰ ਖ਼ਾਲਸਾ ਰਾਜ ਦੀ ਨੀਂਹ ਰੱਖੀ ਅਤੇ ਸਥਾਪਤ ਕੀਤਾ। ਉਨ੍ਹਾਂ ਦਾ ਜੀਵਨ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ 'ਤੇ ਹੀ ਕੇਂਦਰਤ ਹੈ। ਮਹਾਰਾਜਾ ਰਣਜੀਤ ਸਿੰਘ ਪੰਥ ਦੇ ਸਮਾਗਮਾਂ ਵੇਲੇ ਹਰਿਮੰਦਰ ਸਾਹਿਬ ਜਾ ਕੇ ਮੱਥਾ ਟੇਕਦੇ ਅਤੇ ਸ਼ਰਧਾ ਦੇ ਫੁੱਲ ਭੇਟ ਕਰਦੇ। ਇਸ ਤੋਂ ਇਲਾਵਾ ਕਿਸੇ ਦੇਹਧਾਰੀ ਜਾਂ ਮੂਰਤੀ ਨੂੰ ਨਹੀਂ ਮੰਨਿਆ ਜਾਂਦਾ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੋਂ ਬਾਅਦ ਇਸ ਧਾਰਮਿਕ ਗ੍ਰੰਥ ਨੂੰ ਹੀ ਗੁਰੂ ਮੰਨਿਆ ਜਾਂਦਾ ਹੈ।

## ਲੋਕਾਂ ਨੂੰ ਭਰਮਾਉਣ ਲਈ ਜੁਮਲੇਬਾਜ਼ੀ ਦੀ ਸਿਆਸਤ

ਮਨੁੱਖ ਦੀ ਸਭ ਤੋਂ ਵੱਡੀ ਕਮਜ਼ੋਰੀ ਉਸਦੀ ਪ੍ਰਸੰਸਾ ਹੈ। ਬਸ ਗੱਲਾਂ ਦੀ ਚਾਟ ਉੱਪਰ ਅੱਧੇ ਸੱਚ ਤੇ ਅੱਧੇ ਝੂਠ ਦਾ ਨਮਕ ਮਿਰਚ ਭੁੱਕ ਕੇ, ਉੱਪਰ ਤੋਂ ਥੋੜ੍ਹੀ ਖ਼ੁਸ਼ਾਮਦ ਦਾ ਨਿੰਬੂ ਨਿਚੋੜ ਦੇਵੋ। ਇਸ ਫਾਰਮੂਲੇ ਨੂੰ ਅਪਣਾਉਣ ਤੋਂ ਪਿੱਛੋਂ ਤੁਸੀਂ ਬੜੀ ਆਸਾਨੀ ਨਾਲ ਕਿਸੇ ਨੂੰ ਭਰਮਾਅ ਸਕਦੇ ਹੋ। ਚਾਲਾਕ ਪ੍ਰੇਮੀ ਬੇਵਕੂਫ ਔਰਤਾਂ ਨੂੰ ਭਰਮਾਉਣ ਵਾਸਤੇ ਇਹ ਨੁਸਖਾ ਵਰਤਦੇ ਰਹੇ ਹਨ। ਸਾਡੇ ਹਰ ਵੰਨਗੀ ਦੇ ਨੇਤਾ ਸੱਤਾ ਪ੍ਰਾਪਤੀ ਲਈ ਆਸਾਨੀ ਨਾਲ ਆਮ ਲੋਕਾਂ ਨੂੰ ਪਟਾਉਣ ਲਈ ਇਸ ਨੁਸਖੇ ਦੀ ਵਰਤੋਂ ਕਰਦੇ ਆ ਰਹੇ ਹਨ।

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਨੇ ਕਿਸਾਨਾਂ ਨੂੰ ਭਰਮਾਉਣ ਲਈ ਇਸ ਨੁਸਖੇ ਦੀ ਵਰਤੋਂ ਕੀਤੀ, ਜਦੋਂ ਉਹ ਸੰਨ 1952 ਵਿਚ ਭਾਰਤ ਦੀ ਪਹਿਲੀ ਸੰਸਦ ਵਿਚ ਪਾਸ ਕੀਤੇ ਪਹਿਲੇ ਭੂਮੀ ਸੁਧਾਰ ਬਿਲ ਉੱਪਰ ਹੋਈ ਬਹਿਸ ਦਾ ਜਵਾਬ ਦੇ ਰਹੇ ਸਨ। ਉਨ੍ਹਾਂ ਕਿਹਾ ਸੀ ਕਿ, "ਸਾਡੀ ਸਰਕਾਰ ਨੇ ਜ਼ਮੀਨੀ ਸੁਧਾਰ ਬਿਲ ਪੇਸ਼ ਕਰਕੇ ਕਿਸਾਨਾਂ ਨਾਲ ਕੀਤਾ ਵਾਅਦਾ ਪੂਰਾ ਕਰ ਦਿੱਤਾ ਹੈ। ਹੁਣ ਬੇ-ਜ਼ਮੀਨੇ ਕਿਸਾਨਾਂ ਨੂੰ ਜ਼ਮੀਨ ਦਿੱਤੀ ਜਾਵੇਗੀ ਅਤੇ ਉਹ ਵੀ ਸਾਰੇ ਜ਼ਮੀਨਾਂ ਦੇ ਮਾਲਕ ਹੋਣਗੇ।" ਜ਼ਮੀਨੀ ਸੁਧਾਰ ਕਾਨੂੰਨ ਤਾਂ ਬਣ ਗਿਆ ਪਰ ਉਸ 'ਤੇ ਅਮਲ ਅੱਜ ਤੱਕ ਨਹੀਂ ਹੋਇਆ। ਅਸਲ ਵਿਚ ਸੱਤਾ ਬਦਲੀ ਤੋਂ ਪਿੱਛੋਂ ਮੁਲਕ ਦੀ ਆਜ਼ਾਦੀ ਦੀ ਲੜਾਈ ਨੂੰ ਪਿੱਠ ਦੇਣ ਵਾਲੇ, ਵਿਰੋਧ ਕਰਨ ਵਾਲੇ ਅਤੇ ਅੰਗਰੇਜ਼ਾਂ ਦੇ ਪਿੱਠੂ ਸਾਰੇ ਗਦਾਰ ਅਤੇ ਹਰਾਮਖੋਰ ਜਗੀਰਦਾਰ, ਰਾਜੇ, ਮਹਾਰਾਜੇ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ। ਉਨ੍ਹਾਂ ਦੇ ਵਿਰੋਧ ਕਾਰਨ ਇਹ ਕਾਨੂੰਨ ਲਾਗੂ ਨਹੀਂ ਸੀ ਕੀਤਾ ਗਿਆ। ਉਪਰੋਕਤ ਜੁਮਲੇ ਨੇ ਕਿਸਾਨਾਂ ਨੂੰ ਭਰਮਾਉਣ ਦਾ ਪੂਰਾ ਕੰਮ ਕੀਤਾ ਤੇ ਮੁਜਾਰ੍ਹਾ ਲਹਿਰਾਂ ਖ਼ਤਮ ਹੋ ਗਈਆਂ। ਇਸ ਕਲਾ ਵਿਚ ਪੰਡਿਤ ਨਹਿਰੂ ਪੂਰੇ ਪ੍ਰਬੀਨ ਸਨ। ਉਨ੍ਹਾਂ ਤੋਂ ਪਿੱਛੋਂ ਜਿੰਨੇ ਵੀ ਰਾਜਨੇਤਾ ਭਾਰਤ ਦੀ ਰਾਜਨੀਤੀ ਵਿੱਚ ਆਏ ਉਨ੍ਹਾਂ ਨੇ ਜਗੀਰਦਾਰੀ ਦੀ ਜਕੜ ਤੋੜਨ ਦਾ ਖਿਆਲ ਹੀ ਛੱਡ ਦਿੱਤਾ, ਜਿਸ ਕਰਕੇ ਇਹ ਬਿਮਾਰੀ ਅਜੇ ਤੱਕ ਕਾਇਮ ਹੈ। ਪਰ ਉਹ ਸਾਰੇ ਪਾਖੰਡੀ ਨੇਤਾ ਕਿਸਾਨਾਂ ਨੂੰ ਭਰਮਾਉਣ ਅਤੇ ਵਰਗਲਾਉਣ ਲਈ ਜੁਮਲੇ ਦਾਗਦੇ ਰਹੇ।

ਹੁਣ ਸਾਡੇ 'ਸਤਿਕਾਰਯੋਗ' ਪ੍ਰਧਾਨ ਸੇਵਕ ਜੀ ਨੇ ਕਿਹਾ ਹੈ ਕਿ "ਪਿੰਡ ਇਸ ਦੇਸ਼ ਦੀ ਆਤਮਾ ਹਨ ਅਤੇ ਸ਼ਹਿਰ ਊਰਜਾ ਦੇ ਕੇਂਦਰ ਹਨ।" ਹੁਣ ਤੁਸੀਂ ਕਿਸੇ ਨਾਲ ਥੋੜ੍ਹਾ ਜਿਹਾ ਰੋਮਾਂਟਿਕ ਹੋ ਕੇ ਭਾਵਕ ਲਹਿਜੇ ਵਿੱਚ ਕਹੋ ਕਿ "ਤੁਸੀਂ ਮੇਰੀ ਆਤਮਾ ਹੋ" ਫਿਰ ਦੇਖਣਾ ਆਤਮਾ ਸ਼ਬਦ ਸੁਣਨ ਸਾਰ ਹੀ ਸਾਹਮਣੇ ਵਾਲਾ ਆਦਮੀ ਉਸੇ ਸਮੇਂ ਭਾਵੁਕ ਹੋ ਜਾਵੇਗਾ ਅਤੇ ਭਾਵੁਕ ਇਨਸਾਨ ਨੂੰ ਆਸਾਨੀ ਨਾਲ ਭਰਮਾਇਆ ਜਾ ਸਕਦਾ ਹੈ। (ਇਸ ਲਈ ਸਾਡੇ ਮਾਤਾ ਜੀ ਕਹਿੰਦੇ ਹੁੰਦੇ ਸਨ ਕਿ ਭਾਵੁਕਤਾਵਸ ਕਿਸੇ ਨਾਲ ਵਾਅਦਾ ਨਹੀਂ ਕਰਨਾ ਅਤੇ ਕ੍ਰੋਧਵਸ ਕਿਸੇ ਨਾਲ ਕੀਤਾ ਵਾਅਦਾ ਤੋੜਨਾ ਨਹੀਂ)। ਹੁਣ ਤੱਕ ਦੇ ਸਾਡੇ ਸਾਰੇ ਨੇਤਾ ਕਹਿੰਦੇ ਆ ਰਹੇ ਹਨ ਕਿ, "ਭਾਰਤ ਦੀ ਆਤਮਾ ਪਿੰਡਾਂ ਵਿੱਚ ਵਸਦੀ ਹੈ, ਸੱਚਾ ਭਾਰਤ ਪਿੰਡਾਂ ਵਿੱਚ ਹੀ ਮਿਲਦਾ ਹੈ ਵਗੈਰਾ-ਵਗੈਰਾ।" ਇਹ ਵਾਕ ਸਿੱਧੇ ਸਾਧੇ ਪੇਂਡੂਆਂ ਨੂੰ ਭਾਵੁਕ ਬਣਾ ਦਿੰਦਾ ਹੈ। ਪਰ ਸਾਡੇ ਆਗੂ ਨੀਤੀਆਂ ਤੇ ਬਜਟ ਬਣਾਉਣ ਸਮੇਂ ਪੇਂਡੂ ਇਲਾਕਿਆ ਤੇ ਪਿੰਡਾਂ ਨੂੰ ਨਜ਼ਰ ਅੰਦਾਜ਼ ਕਰਦੇ ਆ ਰਹੇ ਹਨ।

ਪਿੰਡ ਦੇਸ਼ ਦੀ ਆਤਮਾ ਹੈ ਤਾਂ ਆਤਮਾ ਦਾ ਬੁਰਾ ਹਾਲ ਕਿਉਂ ਹੁੰਦਾ ਆ ਰਿਹਾ ਹੈ? ਕਿਉਂ ਸਾਰਾ ਬਜਟ ਸ਼ਹਿਰਾਂ ਵੱਲ ਦਿੱਤਾ ਜਾ ਰਿਹਾ ਹੈ? ਪਿੰਡਾਂ ਨੂੰ ਨਜ਼ਰ-ਅੰਦਾਜ਼ ਕਿਉਂ ਕੀਤਾ ਜਾ ਰਿਹਾ ਹੈ? ਤੁਸੀਂ ਕਹਿੰਦੇ ਹੋ, "ਕੁਦਰਤ ਦਾ ਗਹਿਣਾ-ਪਿੰਡਾਂ ਦਾ ਰਹਿਣਾ।" ਵਾਹ ਜੀ ਵਾਹ! ਪਰ ਇਹ ਵੀ ਸੁਣਨ ਨੂੰ ਹੀ ਚੰਗਾ ਲਗਦਾ ਹੈ। ਦਿਲਚਸਪ ਗੱਲ ਇਹ ਹੈ ਕਿ ਅਜਿਹੇ ਚਾਪਲੂਸੀ ਭਰੇ ਜੁਮਲਿਆਂ ਦੀ ਵਰਤੋਂ ਅੱਜ ਤੱਕ ਹੋ ਰਹੀ ਹੈ। ਹੁਣ ਲੋਕ ਕੁਝ ਸਿਆਣੇ ਹੋ ਗਏ ਹਨ ਤੇ ਸਭ ਸਮਝ ਵੀ ਰਹੇ ਹਨ ਪਰ ਚੁੱਪ ਹਨ, ਜਿਸ ਦਿਨ ਬੋਲਣ ਲੱਗ ਪਏ ਜੁਮਲੇਬਾਜ਼ਾਂ ਨੂੰ ਭੱਜਿਆਂ ਨੂੰ ਰਾਹ ਨਹੀਂ ਲੱਭਣਾ।

## ਆਪਣੇ ਮੂੰਹ ਮੀਆਂ ਮਿੱਠੂ ਅਤੇ ਵਿਰਾਸਤ ਦਾ ਰੋਣਾ

ਅਸੀਂ ਭਾਰਤੀ ਦੋ ਕੰਮਾਂ ਦੇ ਮਾਹਿਰ ਹਾਂ। ਇੱਕ ਤਾਂ ਆਪਣੇ ਮੂੰਹ ਮੀਆਂ ਮਿੱਠੂ ਹੋਣ ਦੇ ਅਤੇ ਦੂਸਰਾ ਵਿਰਾਸਤ ਦੇ ਰੋਣੇ ਰੋਣ ਦੇ। ਜਰਾ ਨਮੂਨਾ ਤਾਂ ਦੇਖੋ, "ਪੁਰਾਣੇ ਸਮੇਂ (ਹਜ਼ਾਰਾਂ ਸਾਲ ਪਹਿਲਾਂ) ਸਾਡੇ ਦੇਸ਼ ਵਿੱਚ ਦੁੱਧ ਦੀਆਂ ਨਦੀਆਂ ਵਹਿਦੀਆਂ ਸਨ।" (ਉਥੇ ਹੁਣ ਨਦੀਆਂ ਵਿੱਚ ਗੰਦਾ ਪਾਣੀ ਵਹਿੰਦਾ ਹੈ)। "ਸਾਡੇ ਪੁਰਖਿਆਂ ਦੇ ਪਾਸ ਸਰਜਰੀ ਦੀ ਬਹੁਤ ਵਧੀਆ ਤਕਨੀਕ ਸੀ ਉਹ ਮਨੁੱਖ ਦੇ ਬੱਚੇ ਦੇ ਧੜ ਉੱਪਰ ਹਾਥੀ ਦੇ ਬੱਚੇ ਦਾ ਸਿਰ ਫਿੱਟ ਕਰ ਦਿੰਦੇ ਸਨ।" (ਅੱਜ ਪਿੰਡਾਂ ਵਿੱਚ ਉਂਗਲੀ ਜੋੜਨ ਦੇ ਸਾਧਨ ਨਹੀਂ ਹਨ)। "ਉਸ ਸਮੇਂ ਸਾਡੇ ਆਪਣੇ ਵਿਮਾਨ (ਹਵਾਈ ਜਹਾਜ਼) ਸਨ।" (ਅੱਜ ਹਵਾਈ ਜਹਾਜ਼ ਖਰੀਦਣ ਲਈ ਰੂਸ, ਅਮਰੀਕਾ ਤੇ ਫਰਾਂਸ ਦਾ ਮੂੰਹ ਵੇਖਣਾ ਪੈਂਦਾ ਹੈ)। "ਸਾਡੇ ਵਡੇਰੇ ਪੱਥਰ ਨੂੰ ਪਾਣੀ ਉੱਪਰ ਤੈਰਾਅ ਕੇ ਸਮੁੰਦਰ ਉੱਪਰ ਪੁਲ ਬਣਾ ਲੈਂਦੇ ਸਨ।" (ਅੱਜ ਪੁਲ ਉਦਘਾਟਨ ਤੋਂ ਪਹਿਲਾਂ ਹੀ ਟੁੱਟ ਜਾਂਦੇ ਹਨ)। ਇਹ ਤਾਂ ਹੋਈਆਂ ਆਪਣੇ ਮੂੰਹ ਮੀਆਂ ਮਿੱਠੂ ਅਤੇ ਰਾਜਨੇਤਾਵਾਂ ਦੀਆਂ ਗੱਲਾਂ। ਹੁਣ ਜਰਾ ਵਿਰਾਸਤ ਦਾ ਰੌਲਾ ਵੇਖੋ। "ਸੱਤ੍ਹਾ ਬਦਲੀ ਤੋਂ ਦਰਜਨਾਂ ਸਾਲ ਪਿੱਛੋਂ ਹੀ ਦੇਸ਼ ਦਾ ਵਿਕਾਸ ਇਸ ਲਈ ਨਹੀਂ ਹੋਇਆ ਕਿ ਅੰਗਰੇਜ਼ਾਂ ਤੋਂ ਵਿਰਾਸਤ ਵਿੱਚ ਮਿਲਿਆ ਆਰਥਿਕ ਢਾਂਚਾ ਬੁਰੀ ਹਾਲਤ ਵਿੱਚ ਸੀ। ਸਾਡੀ ਵਰਤਮਾਨ ਸਰਕਾਰ ਵੀ ਇਸ ਕਰਕੇ ਕੰਮ ਨਹੀਂ ਕਰ ਪਾ ਰਹੀ ਕਿਉਂਕਿ ਪਿਛਲੀ ਸਰਕਾਰ ਨੇ ਵਿਰਾਸਤ ਵਿੱਚ ਬਰਬਾਦ ਆਰਥਿਕ ਪ੍ਰਬੰਧ ਦਿੱਤਾ ਹੈ।" (ਇਹ ਸਭ ਕੇਂਦਰ ਅਤੇ ਸੂਬਿਆਂ ਦੀਆਂ ਸਾਰੀਆਂ ਸਰਕਾਰਾਂ ਕਹਿੰਦੀਆਂ ਆ ਰਹੀਆਂ ਹਨ ਅਤੇ ਹੁਣ ਵੀ ਕਹਿ ਰਹੀਆਂ ਹਨ ਇਹ ਤਾਂ ਉੱਪਰ ਵਾਲੇ ਦਾ ਸ਼ੁਕਰ ਹੈ ਕਿ ਇਸ ਰਾਜਕੀ ਰੁਦਨ ਦੇ ਵਿੱਚ-ਵਿੱਚ ਇੱਕ ਅੱਧਾ ਸੱਚ ਦਾ ਬੋਲ ਵੀ ਸਾਹਮਣੇ ਆ ਜਾਂਦਾ ਹੈ, ਜਿਸ ਦੀ ਧਮਕ ਸਾਨੂੰ ਬਹਾਨੇਬਾਜ਼ੀ ਤੋਂ ਕੱਢ ਕੇ ਅਸਲੀਅਤ ਦੀ ਜ਼ਮੀਨ ਉੱਪਰ ਲਿਆ ਸੁੱਟਦੀ ਹੈ)। ਨੀਤੀ ਅਯੋਗ ਦੇ ਉੱਪ ਪ੍ਰਧਾਨ ਰਾਜੀਵ ਕੁਮਾਰ ਨੇ ਪਿਛਲੇ ਸਮੇਂ ਵਰਤਮਾਨ ਸਰਕਾਰ ਨੂੰ ਸਾਫ਼ ਕਿਹਾ ਹੈ ਕਿ, "ਹੁਣ ਕਾਂਗਰਸ ਸਰਕਾਰ ਦੀ ਬਰਬਾਦ ਵਿਰਾਸਤ ਦਾ ਗਾਣਾ ਬੰਦ ਕਰੋ। ਇਹ ਗਾਣਾ ਗਾਉਂਦਿਆਂ ਨੂੰ ਚਾਰ ਸਾਲ ਹੋ ਗਏ ਹਨ। ਆਪਣੀਆਂ ਉੱਪਲੱਬਧੀਆਂ ਦੀ ਨਹੀਂ ਬਲਕਿ ਆਪਣੀਆਂ ਨਾਕਾਮੀਆਂ ਦੀ ਜ਼ਿੰਮੇਵਾਰੀ ਲੈਣਾ ਸਿੱਖੋ।" "ਹੈਂ! ਨਾਕਾਮੀਆਂ ਦੀ ਜ਼ਿੰਮੇਵਾਰੀ! ਕਿਸ ਤਰ੍ਹਾਂ ਦੀ ਗੱਲ ਕਰਦੇ ਹੋ? ਅਸੀਂ ਜਾਣੀ ਸਰਕਾਰ ਤਾਂ ਨਾਕਾਮ ਹੋ ਹੀ ਨਹੀਂ ਸਕਦੀ।" ਅਜੇ ਤਾਂ ਅਸੀਂ ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ ਲਈ ਨਹਿਰੂ ਅਤੇ ਪਿਛਲੀਆਂ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਉਣਾ ਹੈ। ਮਹਿੰਗਾਈ ਵਧੀ ਤਾਂ ਨਹਿਰੂ ਜ਼ਿੰਮੇਵਾਰ, ਕਸ਼ਮੀਰ ਵਿੱਚ ਪੱਥਰਬਾਜ਼ੀ ਹੋ ਰਹੀ ਹੈ ਜਾਂ ਭਾਰਤ ਦੀ ਦਰਾਮਦ ਪੱਛੜ ਰਹੀ ਹੈ, ਇਸ ਲਈ ਵੀ ਨਹਿਰੂ ਦੀਆਂ ਨੀਤੀਆਂ ਜ਼ਿੰਮੇਦਾਰ। ਲੋਕਾਂ ਨੂੰ ਪੀਣ ਦਾ ਪਾਣੀ ਨਹੀਂ ਮਿਲ ਰਿਹਾ ਤਾਂ ਵੀ ਨਹਿਰੂ ਜ਼ਿੰਮੇਦਾਰ, ਇਹ ਸਭ ਕੀ ਹੈ? ਭਾਈ ਸਾਹਿਬ! ਇਸ ਨੂੰ ਹੀ ਕਹਿੰਦੇ ਹਨ ਵਿਰਾਸਤ ਦਾ ਰੁਦਨ। ਸ਼ੁਕਰ ਕਰੋ ਲੋਕਾਂ ਦੀ ਯਾਦਦਾਸ਼ਤ ਕਮਜ਼ੋਰ ਹੈ, ਜੋ ਤੁਹਾਡੀਆਂ ਕੀਤੀਆਂ ਗਲ਼ਤੀਆਂ, ਚਤਰ-ਚਲਾਕੀਆਂ ਅਤੇ ਵਾਅਦਾ ਖਿਲਾਫੀਆਂ ਭੁੱਲ ਕੇ ਤੁਹਾਨੂੰ ਜਾਂ ਤੁਹਾਡੇ ਭਾਈਬੰਦਾਂ ਨੂੰ ਦੁਬਾਰਾ-ਦੁਬਾਰਾ ਕੁਰਸੀਆਂ ਬਖ਼ਸ਼ ਦਿੰਦੇ ਹਨ। ਜਦੋਂ ਲੋਕਾਂ ਦੀ ਯਾਦਦਾਸ਼ਤ ਤਕੜੀ ਹੋ ਗਈ, ਤਾਂ ਤੁਹਾਨੂੰ ਕੁਰਸੀਆਂ ਤੋਂ ਖਿੱਚ ਕੇ ਹੇਠਾਂ ਪਟਕ ਦੇਣਗੇ। ਸਾਵਧਾਨ! ਜਰਾ ਹੋਸ਼ ਕਰੋ! ਨੀਂਦ ਤੋਂ ਜਾਗੋ! ਲੋਕਾਂ ਨੇ ਅੱਗੇ ਲਈ ਮੌਕਾ ਨਹੀਂ ਦੇਣਾ। ਬਾਕੀ ਇਹ ਜੋ ਪਬਲਿਕ ਹੈ ਨਾ, ਇਹ ਸਭ ਜਾਣਦੀ ਹੈ। ਸਾਡੇ ਪ੍ਰਧਾਨ ਸੇਵਕ ਜੀ, ਸੱਚ ਬੋਲਣ ਦਾ ਹੌਂਸਲਾ ਕਰੋ, ਮਿੱਠਾ-ਮਿੱਠਾ, ਕੜਵਾ-ਕੜਵਾ ਥੂਹ ਕਰਨ ਦੀ ਆਦਤ ਛੱਡੋ। ਜੇਕਰ ਤਾਅ ਉਮਰ ਪ੍ਰਧਾਨ ਸੇਵਕ ਦੀ ਕੁਰਸੀ ਉੱਪਰ ਬਿਰਾਜਮਾਨ ਰਹਿਣਾ ਚਾਹੁੰਦੇ ਹੋ ਤਾਂ ਅਡਾਨੀਆਂ, ਅੰਬਾਨੀਆਂ ਦੀ ਯਾਰੀ ਛੱਡ ਕੇ ਗਰੀਬਾਂ, ਕਿਰਤੀ ਕਿਸਾਨਾਂ, ਮਜ਼ਦੂਰਾਂ ਮਿਹਨਤਕਸ਼ਾਂ ਨਾਲ ਯਾਰੀ ਪਾਵੋ। ਨਹੀਂ ਤਾਂ ਭੁੱਲ ਜਾਵੋ, ਪ੍ਰਧਾਨ ਸੇਵਕੀ ਨੂੰ ਅਤੇ ਆਪਣੇ-ਆਪ ਨੂੰ ਇਸ ਕੁਰਸੀ ਉੱਪਰ ਦੋ ਦਿਨ ਦੇ ਮਹਿਮਾਨ ਹੀ ਸਮਝੋ। ਲੋਕ ਤਾਂ ਅਜਿਹੇ ਪ੍ਰਧਾਨ ਸੇਵਕਾਂ ਨੂੰ ਰੋਲ ਕੇ ਰੱਖ ਦਿੰਦੇ ਹਨ। ਅੱਗੇ ਵੀ ਅਣਜਾਣੇ ਵਿੱਚ ਗਧੀ ਖੇਤ ਖਾ ਗਈ। ਹੁਣ ਤਾਂ ਲੋਕਾਂ ਨੇ ਤੈਂਬੜ ਚੁੱਕੇ ਹੋਏ ਹਨ। ਇਸ ਲਈ ਅਸੀਂ ਕਹਿੰਦੇ ਹਾਂ ਕਿ ਇਹ ਹੈ ਦੁਨੀਆ...ਇਹ ਹੈ ਦੁਨੀਆ...ਇਹ ਹੈ ਦੁਨੀਆ....ਮੇਰੀ ਜਾਨ, ਜਰਾ ਹਟ ਕੇ, ਜਰਾ ਬਚ ਕੇ, ਇਹ ਹੈ ਦੁਨੀਆ ਮੇਰੀ ਜਾਨ.... ਜਰਾ ਦੇਖੋ, ਜਰਾ ਸੰਭਲੋ, ਮੇਰੇ ਪਿਆਰੇ ਮਹਿਮਾਨ.....।

**ਸਰੂਪ ਸਿੰਘ ਸਹਾਰਨ ਮਾਜਰਾ**, *ਮੋਬਾ : 98558-63288. ਪਿੰਡ ਤੇ ਡਾਕਖਾਨਾ ਸਹਾਰਨ ਮਾਜਰਾ 141117* sarupsinghsaharanmajra @ gmail.com

# ਕੁਸ਼ਤੀਆਂ ਤੇ ਰੱਸਾ-ਕਸੀ ਮੁਕਾਬਲਿਆਂ ਦੇ ਜੇਤੂਆਂ ਨੂੰ ਬਾਬਾ ਅਵਤਾਰ ਸਿੰਘ ਨੇ ਇਨਾਮ ਦਿੱਤੇ

**ਸਿਆਟਲ/ ਗੁਰਚਰਨ ਸਿੰਘ ਢਿੱਲੋਂ** :ਬਾਬਾ ਬਿਧੀ ਚੰਦ ਸੰਪਰਦਾਇ ਦੇ 12ਵੇਂ ਮੁਖੀ (ਜਾਨਸ਼ੀਨ) ਜਥੇਦਾਰ ਬਾਬਾ ਅਵਤਾਰ ਸਿੰਘ ਜੀ ਰਹਿਨੁਮਾਈ ਅਤੇ ਪਦਮਸ੍ਰੀ ਕਰਤਾਰ ਸਿੰਘ ਪਹਿਲਵਾਨ ਦੀ ਦੇਖ ਰੇਖ ਹੇਠ ਟੋਰਾਂਟੋ ਦੇ ਮੋਨੋਸਿਟੀ ਵਿਚ ਅੰਤਰਰਾਸ਼ਟਰੀ ਕੁਸ਼ਤੀਆਂ ਤੇ ਰੱਸਾਕਸੀ ਮੁਕਾਬਲੇ ਕਰਵਾਏ ਗਏ, ਜਿਸ ਵਿਚ ਸੰਗਤਾਂ ਨੇ ਪਰਿਵਾਰਾਂ ਸਮੇਤ ਪਹੁੰਚ ਕੇ ਆਨੰਦ ਮਾਣਿਆ। ਬਾਬਾ ਅਵਤਾਰ ਸਿੰਘ ਜੀ ਸੁਰਸਿੰਘ ਵਾਲਿਆਂ ਨੇ ਪਹਿਲਵਾਨਾਂ ਨੂੰ ਆਸ਼ੀਰਵਾਦ ਦੇ ਕੇ ਸ਼ੁਭ ਆਰੰਭ ਕੀਤਾ ਅਤੇ ਜੇਤੂ ਪਹਿਲਵਾਨਾਂ ਨੂੰ ਇਨਾਮ ਦਿੱਤੇ।



ਇਸ ਮੌਕੇ ਢਾਡੀ-ਕਵੀਸ਼ਰੀ ਜਥੇ ਨੇ ਗੁਰੂ ਦਾ ਜੱਸ ਗਾਇਨ ਕੀਤਾ। ਪਟਕੇ ਦੀ ਕੁਸ਼ਤੀ ਵਿਸ਼ਵ ਚੈਂਪਅਨ ਗੁਰਦੇਵ ਸਿੰਘ ਰੰਧਾਵਾ ਦੇ ਲੜਕੇ ਏਕਜੋਤ ਅਤੇ ਦੌਲਤ ਪਹਿਲਵਾਨ ਦੇ ਸ਼ਾਗਿਰਦ ਤੇਜਬੀਰ ਸਿੰਘ ਦਰਮਿਆਨ ਹੋਈ, ਜਿਸ ਦਾ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ। ਇਸ ਤੋਂ ਇਲਾਵਾ ਦੂਸਰੇ ਪਹਿਲਵਾਨਾਂ ਦੇ ਜ਼ਬਰਦਸਤ ਮੁਕਾਬਲੇ ਵੇਖਣ ਨੂੰ ਮਿਲੇ। ਰੱਸਾਕਸੀ ਦਾ ਦੋਨਾਂ ਟੀਮਾਂ ਵਿਚਕਾਰ ਜ਼ੋਰਦਾਰ ਮੁਕਾਬਲਾ ਹੋਇਆ। ਇਸ ਮੌਕੇ ਵਿਸ਼ਵ ਚੈਂਪੀਅਨ ਕਰਤਾਰ ਸਿੰਘ ਪਹਿਲਵਾਨ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਕੁਸ਼ਤੀ ਮੁਕਾਬਲੇ ਦੇ ਪ੍ਰਬੰਧਕਾਂ ਗੁਰਦੇਵ ਸਿੰਘ ਰੰਧਾਵਾ, ਗੁਰਪ੍ਰੀਤ ਸਿੰਘ ਚਾਹਲ, ਪਨੀਤ ਦਿੱਲੀ, ਸਵਰਨ ਸਿੰਘ ਰੈਂਤਾ, ਜਸਦੇਵ ਸਿੰਘ, ਸਵਰਨ ਸਿੰਘ ਰਿਟਾ, ਹਰਜੀਤ ਸਿੰਘ, ਸੱਸੀ ਸ਼ਰਮਾ ਤੇ ਦਿਲਪ੍ਰੀਤ ਚੀਮਾ ਨੇ ਵਡਮੁੱਲਾ ਯੋਗਦਾਨ ਪਾਇਆ। ਬਾਬਾ ਅਵਤਾਰ ਸਿੰਘ ਨੇ ਸੰਗਤਾਂ ਦੇ ਰੂਬਰੂ ਹੋ ਕੇ ਸੰਗਤਾਂ ਦੇ ਉਤਸ਼ਾਹ ਦੀ ਸ਼ਲਾਘਾ ਕੀਤੀ ਤੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੱਤੀ।

## ਧੀਆਂ



**ਹਰਦੀਪ ਬਿਰਦੀ**

ਖ਼ੁਸ਼ੀਆਂ ਦਾ ਬਣ ਕਾਰਨ ਧੀਆਂ।
ਮਾਂ ਦਾ ਸੀਨਾ ਠਾਰਨ ਧੀਆਂ।
ਰੌਣਕ ਹੁੰਦੀਆਂ ਘਰ ਦੀ ਧੀਆਂ
ਨਾ ਕਿਸੇ ਤੋਂ ਡਰਦੀਆਂ ਧੀਆਂ।
ਪੁੱਤਾਂ ਤੋਂ ਨੇ ਵੱਧਕੇ ਧੀਆਂ
ਪਿਆਰ ਲੈਂਦੀਆਂ ਰੱਜਕੇ ਧੀਆਂ।
ਦਾਤੇ ਦੀਆਂ ਰਹਿਮਤ ਧੀਆਂ
ਸੰਗ ਮਿਲਦੀਆਂ ਕਿਸਮਤ ਧੀਆਂ।
ਦੁੱਖੜੇ ਸਾਰੇ ਵੰਡਣ ਧੀਆਂ
ਨਾ ਮਾਪਿਆਂ ਨੂੰ ਭੰਡਣ ਧੀਆਂ।
ਪੁੱਤਾਂ ਵਾਂਗ ਕਮਾਵਣ ਧੀਆਂ
ਹੱਥ ਨਾਲ ਹੱਥ ਵਟਾਵਣ ਧੀਆਂ।
ਹੁੰਦੀਆਂ ਪਾਰ ਉਤਾਰਨ ਧੀਆਂ
ਫਿਰ ਵੀ ਲੋਕੀਂ ਮਾਰਨ ਧੀਆਂ।
ਸਿਰ ਦਾ ਤਾਜ ਬਣਾਓ ਧੀਆਂ
ਕੁੱਖੀਂ ਨਾ ਮਰਵਾਓ ਧੀਆਂ।

# ਚੌਦਵੇਂ ਵਿਸ਼ਵ ਕਬੱਡੀ ਕੱਪ ਦੀ ਸਫਲਤਾ ਵਿਚ ਇਨਾਮਾਂ ਦੇ ਸਪਾਂਸਰਾਂ ਦਾ ਹੋਵੇਗਾ ਵਡੇਰਾ ਯੋਗਦਾਨ : ਗਾਖਲ

**ਵਾਟਸਨਵਿੱਲ/ਬਿਊਰੋ ਨਿਊਜ਼ :** ਇੱਥੇ ਏ ਐਂਡ ਆਈ ਟਰੱਕਿੰਗ ਦੇ ਦਫਤਰ 'ਚ ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਦੀ ਇਕ ਅਹਿਮ ਮੀਟਿੰਗ ਹੋਈ ਜਿਸ ਵਿਚ ਵਿਸ਼ਵ ਕਬੱਡੀ ਕੱਪ ਦੌਰਾਨ ਦਿੱਤੇ ਜਾਣ ਵਾਲੇ ਵੱਡੇ ਨਕਦ ਇਨਾਮਾਂ ਲਈ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ। ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ 'ਕੱਲਾ 'ਕੱਲਾ ਹੀ ਹੁੰਦਾ ਹੈ ਤੇ ਗਿਆਰਾਂ ਦੋ ਰਲ ਕੇ ਹੀ ਬਣਦੇ ਹਨ। ਇਸ ਚੌਦਵੇਂ ਵਿਸ਼ਵ ਕਬੱਡੀ ਕੱਪ ਦੀ ਸਫਲਤਾ ਦਾ ਸਿਹਰਾ ਵੀ ਉਹ ਆਪਣੇ ਸਹਿਯੋਗੀਆਂ ਸਪਾਂਸਰਾਂ ਅਤੇ ਕਬੱਡੀ ਕੱਪ ਦੌਰਾਨ ਦਿੱਤੇ ਜਾਣ ਵਾਲੇ ਇਨਾਮਾਂ ਲਈ ਹਮੇਸ਼ਾ ਨਾਲ ਖੜ੍ਹੇ ਹੋਣ ਵਾਲੇ ਸਹੋਤਾ ਪਰਿਵਾਰ, ਡਾਇਮੰਡ ਟਰੱਕਿੰਗ, ਤੱਖਰ ਪਰਿਵਾਰ ਅਤੇ ਆਪਣਾ ਪੰਜਾਬ ਤੇ ਨਾਰਦਰਨ ਕੈਲੀਫੋਰਨੀਆ ਕਲੱਬ ਦੇ ਸਿਰ ਬੰਨ੍ਹਦੇ ਹਨ। ਉਨ੍ਹਾਂ ਇਹ ਵੀ ਮਾਣ ਨਾਲ ਕਿਹਾ ਕਿ ਕੈਲੀਫੋਰਨੀਆ ਵਿਚ ਕਬੱਡੀ ਦਾ ਇਤਿਹਾਸ ਸਿਰਜਣ ਵਿਚ ਉਨ੍ਹਾਂ ਨਾਲ ਜੁੜੇ ਸਮਰਪਿਤ ਲੋਕਾਂ ਨੇ ਹੀ ਨਵੀਆਂ ਲੀਹਾਂ ਪਾਉਣ ਵਿਚ ਇਕ ਸਿਹਤਮੰਦ ਮੈਦਾਨ ਸਿਰਜ ਕੇ ਦਿੱਤਾ ਹੈ। ਕਲੱਬ ਵਲੋਂ ਸਮੂਹਿਕ ਤੌਰ 'ਤੇ ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਐੱਸ.ਅਸ਼ੋਕ ਭੌਰਾ, ਮੱਖਣ ਸਿੰਘ ਬੈਂਸ, ਬਲਵੀਰ ਸਿੰਘ ਭਾਟੀਆ, ਪਲਵਿੰਦਰ ਸਿੰਘ ਗਾਖਲ, ਇੰਦਰਜੀਤ ਸਿੰਘ ਥਿੰਦ ਆਦਿ ਵਲੋਂ ਇਕ ਵੱਖਰੇ ਮਤੇ ਰਾਹੀਂ ਇਹ ਵੱਡੇ ਇਨਾਮ ਦੇਣ ਵਾਲਿਆਂ ਸਹਿਯੋਗੀ ਧਿਰਾਂ ਨੂੰ ਵਿਸ਼ੇਸ਼ ਤੌਰ 'ਤੇ ਮਾਣ ਸਨਮਾਨ ਦਿੱਤੇ ਜਾਣ ਦਾ ਫੈਸਲਾ ਲਿਆ ਗਿਆ।

ਟਰਾਂਸਪੋਰਟ ਦੇ ਖੇਤਰ ਵਿਚ ਡਾਇਮੰਡ ਟਰਾਂਸਪੋਰਟ ਦੀ ਇਕ ਆਪਣੀ ਥਾਂ ਹੈ। ਯੂਬਾ ਬ੍ਰਦਰਜ਼ ਹਾਕੀ ਕਲੱਬ ਵੀ ਡਾਇਮੰਡ ਟਰਾਂਸਪੋਰਟ ਦੇ ਨਿੱਘੇ ਸਹਿਯੋਗ ਨਾਲ ਚੱਲ ਰਿਹਾ ਹੈ। ਲੰਬੇ ਅਰਸੇ ਤੋਂ ਸ. ਗੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ, ਪਿੰਕੀ ਅਟਵਾਲ, ਵਿਸ਼ਵ ਕਬੱਡੀ ਕੱਪ ਦੌਰਾਨ ਪਹਿਲਾ ਇਨਾਮ ਦਿੰਦੇ ਆ ਰਹੇ ਹਨ। ਇਹ ਪਹਿਲੀ ਧਿਰ ਹੈ ਜਿਨ੍ਹਾਂ ਦੀ ਬਦੌਲਤ ਵਿਸ਼ਵ ਕੱਪ ਆਪਣੀ ਚੰਗੀ ਥਾਂ ਬਣਾ ਸਕਿਆ ਹੈ। ਗੁਰਾਇਆ ਨੇੜਲੇ ਪਿੰਡ ਬੜਾ ਪਿੰਡ ਦੇ ਜੰਮਪਲ



ਡਾਇਮੰਡ ਟਰਾਂਸਪੋਰਟ ਦੇ ਗੁਲਵਿੰਦਰ ਸਿੰਘ ਗਾਖਲ, ਪਿੰਕੀ ਅਟਵਾਲ ਤੇ ਨੇਕੀ ਅਟਵਾਲ (ਮੁੱਖ ਸਪਾਂਸਰ ਪਹਿਲਾ ਇਨਾਮ)


ਮਰਹੂਮ ਕਸ਼ਮੀਰ ਸਿੰਘ ਸਹੋਤਾ ਤੇ ਉਹਨਾਂ ਦੇ ਪੁੱਤਰ ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ (ਸਪਾਂਸਰ ਦੂਜਾ ਇਨਾਮ)।

ਜੁਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ ਵਲੋਂ ਆਪਣੇ ਪਿਤਾ ਮਰਹੂਮ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੂਜਾ ਵੱਡਾ ਨਕਦ ਇਨਾਮ ਪਹਿਲਾਂ ਵਾਂਗ ਇਸ ਵਾਰ ਵੀ ਦਿੱਤਾ ਜਾ ਰਿਹਾ ਹੈ। ਸ. ਕਸ਼ਮੀਰ ਸਿੰਘ ਗੁਰਾਇਆ ਟਰਾਂਸਪੋਰਟ ਚਲਾਉਂਦੇ ਰਹੇ ਹਨ ਅਤੇ ਉਹਨਾਂ ਨੇ ਅਮਰੀਕਾ ਆ ਕੇ ਵੀ ਜਿੱਥੇ ਰੱਜ ਕੇ ਮਿਹਨਤ ਨਾਲ ਸਹੋਤਾ ਪਰਿਵਾਰ ਨੂੰ ਵਡਿਆਈ ਲੈ ਕੇ ਦਿੱਤੀ ਉੱਥੇ ਆਪਣੇ ਦੋਵੇਂ ਪੁੱਤਰਾਂ ਨੂੰ ਕਾਰੋਬਾਰੀ ਖੇਤਰਾਂ ਵਿਚ ਸਫਲ ਹੋਣ ਦੇ ਸਮਰੱਥ ਵੀ ਬਣਾਇਆ। ਪੰਜਾਬੀ ਭਾਈਚਾਰੇ ਵਿਚ ਇਸ ਵੇਲੇ ਜੁਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ ਆਪਣੀਆਂ ਸਮਾਜਿਕ ਗਤੀਵਿਧੀਆਂ, ਸਮਾਜਿਕ ਸੇਵੀ ਸੰਸਥਾਵਾਂ ਲਈ ਵਿੱਤੀ ਸਹਿਯੋਗ ਅਤੇ ਖੇਡ ਭਾਵਨਾਵਾਂ ਨੂੰ ਉਜਾਗਰ ਕਰਦਿਆਂ ਯੂਨਾਈਟਡ ਸਪੋਰਟਸ ਕਲੱਬ ਦਾ ਹੀ ਮਹੱਤਵਪੂਰਨ ਹਿੱਸਾ ਨਹੀਂ ਹਨ ਸਗੋਂ ਆਪਣੇ ਪਿੰਡ ਹਰ ਸਾਲ ਹੋਣ ਵਾਲੇ ਕਬੱਡੀ ਕੱਪਾਂ ਦੌਰਾਨ ਵੱਡੇ ਇਨਾਮ ਦਿੰਦੇ ਆ ਰਹੇ ਹਨ। ਚੌਦਵੇਂ ਵਿਸ਼ਵ ਕਬੱਡੀ ਕੱਪ ਦੀ ਸਫਲਤਾ ਵਿਚ ਵੀ ਸਹੋਤਾ ਪਰਿਵਾਰ ਮਹੱਤਵਪੂਰਨ ਹਿੱਸਾ ਪਾ ਰਿਹਾ ਹੈ। ਅੰਡਰ-25 ਭਾਰ ਵਰਗ ਦੇ ਕਬੱਡੀ ਮੁਕਾਬਲਿਆਂ ਵਿਚ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਹਿਲਾ ਇਨਾਮ ਤੱਖਰ ਪਰਿਵਾਰ (ਆਪਣਾ ਪੰਜਾਬ ਤੇ ਨਾਰਦਰਨ ਕੈਲੀਫੋਰਨੀਆਂ ਕਲੱਬ) ਵਲੋਂ ਦਿੱਤਾ ਜਾ ਰਿਹਾ ਹੈ। ਸ. ਗਾਖਲ ਨੇ ਕਿਹਾ ਕਿ ਉਹ ਇਨ੍ਹਾਂ ਆਪਣੇ ਸਾਰੇ ਸਹਿਯੋਗੀਆਂ ਦੇ ਹਮੇਸ਼ਾ ਰਿਣੀ ਰਹਿਣਗੇ ਤੇ ਇਸ ਆਸ ਨਾਲ ਅਗਲੇ ਵਰ੍ਹਿਆਂ ਦੌਰਾਨ ਵੀ ਮਾਂ ਖੇਡ ਕਬੱਡੀ ਨੂੰ ਹੋਰ ਬੁਲੰਦੀਆਂ ਤੱਕ ਲੈ ਕੇ ਜਾਣ ਲਈ ਅਜਿਹੀਆਂ ਕਲੱਬਾਂ ਅਤੇ ਸਹਿਯੋਗੀਆਂ ਨੂੰ ਨਾਲ ਲੈ ਕੇ ਤੁਰਨ ਵਿਚ ਹੀ ਮਾਣ ਸਮਝਦੇ ਰਹਿਣਗੇ।

# ਗਾਖਲ ਪਰਿਵਾਰ ਕਰੇਗਾ ਪਿਤਾ ਨਸੀਬ ਸਿੰਘ ਗਾਖਲ ਦੀ ਯਾਦ 'ਚ ਬੈਸਟ ਜਾਫੀ ਤੇ ਧਾਵੀ ਨੂੰ ਗੋਲਡ ਮੈਡਲ ਨਾਲ ਸਨਮਾਨਿਤ : ਇਕਬਾਲ ਗਾਖਲ

**ਵਾਟਸਨਵਿੱਲ/ਬਿਊਰੋ ਨਿਊਜ਼ :** ਗਾਖਲ ਭਰਾਵਾਂ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਵਲੋਂ ਆਪਣੇ ਪਿਤਾ ਸਵ. ਨਸੀਬ ਸਿੰਘ ਦੀ ਯਾਦ ਵਿਚ 16 ਸਤੰਬਰ ਦਿਨ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ 'ਚ ਹੋਣ ਵਾਲੇ 14ਵੇਂ ਵਿਸ਼ਵ ਕਬੱਡੀ ਕੱਪ ਦੌਰਾਨ ਸਮੁੱਚੇ ਖੇਡ ਮੇਲੇ 'ਚੋਂ 'ਬੈਸਟ ਰੇਡਰ' ਅਤੇ 'ਬੈਸਟ ਸਟਾਪਰ' ਨੂੰ ਗੋਲਡ ਮੈਡਲਾਂ ਨਾਲ ਸਨਮਾਨਿਤ ਕਰਨ ਦਾ ਫੈਸਲਾ ਲਿਆ ਗਿਆ ਹੈ। ਗਾਖਲ ਭਰਾਵਾਂ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਸਵ. ਨਸੀਬ ਸਿੰਘ ਜੀ ਖੇਡ ਨਾਲ ਤੇ ਖਾਸ ਕਰਕੇ ਕੁਸ਼ਤੀ ਨਾਲ ਬੜਾ ਨੇੜਲਾ ਲਗਾਓ ਰੱਖਦੇ ਸਨ ਤੇ ਇਹੀ ਕਾਰਨ ਹੈ ਕਿ ਉਹ ਮਾਂ ਉਨ੍ਹਾਂ ਦਾ ਪਰਿਵਾਰ ਮਾਂ ਖੇਡ ਕਬੱਡੀ ਅਤੇ ਹੋਰਨਾਂ ਖੇਡਾਂ ਨੂੰ ਲਗਾਤਾਰ ਉਤਸ਼ਾਹਿਤ ਕਰਨ ਅਤੇ ਅੱਗੇ ਲਿਜਾਣ ਲਈ ਯਤਨਸ਼ੀਲ ਰਿਹਾ ਹੈ। ਬਾਪੂ ਜੀ ਦੀ ਪ੍ਰੇਰਨਾ ਤੋਂ ਹੀ ਉਹ ਅਮਰੀਕਾ ਵਿਚ ਅਜਿਹੇ ਵਿਸ਼ਵ ਕਬੱਡੀ ਕੱਪ ਮੂਹਰੇ ਹੋ ਕੇ ਕਰਵਾਉਣ ਲਈ ਯਤਨਸ਼ੀਲ ਰਹੇ ਹਨ।


ਮਰਹੂਮ ਨਸੀਬ ਸਿੰਘ ਗਾਖਲ


ਮੱਖਣ ਸਿੰਘ ਬੈਂਸ


ਇਕਬਾਲ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ

ਇੱਥੇ ਵਾਟਸਨਵਿੱਲੇ ਵਿਚ ਏ ਐਂਡ ਆਈ ਟਰੱਕਿੰਗ ਦੇ ਦਫਤਰ 'ਚ ਹੋਈ ਯੂਨਾਈਟਡ ਸਪੋਰਟਸ ਕਲੱਬ ਦੇ ਚੇਅਰਮੈਨ ਸ. ਮੱਖਣ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਇਕ ਸਾਂਝੇ ਮਤੇ ਰਾਹੀਂ ਸਾਰੇ ਗੁਰੂਘਰਾਂ, ਗੁਰਦੁਆਰਾ ਸਾਹਿਬ ਸੈਨਹੋਜ਼ੇ, ਫਰੀਮਾਂਟ, ਸਟਾਕਟਨ, ਮਿਲਪੀਟਸ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ ਜੋ ਪਿਛਲੇ ਸਾਲਾਂ ਬਾਅਦ ਇਸ ਵਾਰ ਵੀ 14ਵੇਂ ਵਿਸ਼ਵ ਕਬੱਡੀ ਕੱਪ ਦੌਰਾਨ ਸਾਰਾ ਦਿਨ ਲੰਗਰ ਦੀ ਸੇਵਾ ਕਰਨਗੇ।

ਸ. ਬੈਂਸ ਨੇ ਕਿਹਾ ਕਿ ਉਹ ਹੋਰਨਾਂ ਸਮਾਜਿਕ ਕਾਰਜਾਂ ਵਿਚ ਵੀ ਵਧ ਚੜ੍ਹ ਕੇ ਯੋਗਦਾਨ ਪਾਉਣ ਦੀ ਕੋਸ਼ਿਸ਼ ਕਰਦੇ ਰਹੇ ਹਨ ਤੇ ਇਸੇ ਕਰਕੇ ਉਨ੍ਹਾਂ ਦੀ ਅਗਵਾਈ ਹੇਠ ਰਾਜਾ ਸਵੀਟਸ ਵਲੋਂ ਵੀ ਕਬੱਡੀ ਪ੍ਰੇਮੀਆਂ ਲਈ ਪਕੌੜੇ ਅਤੇ ਚਾਹ ਮੁਫਤ ਵਰਤਾਇਆ ਜਾਵੇਗਾ। ਇਕਬਾਲ ਸਿੰਘ ਗਾਖਲ ਅਤੇ ਪਲਵਿੰਦਰ ਸਿੰਘ ਗਾਖਲ ਨੇ ਕਿਹਾ ਕਿ ਇਹ ਖੇਡ ਮੇਲਾ ਪੂਰੀ ਤਰ੍ਹਾਂ ਰਾਜਨੀਤੀ ਤੋਂ ਉੱਪਰ ਉੱਠ ਕੇ ਹੋਵੇਗਾ ਅਤੇ ਇਸ ਵਿਚ ਸਾਰੀਆਂ ਸਮਾਜਿਕ, ਧਾਰਮਿਕ ਅਤੇ ਖੇਡ ਜਥੇਬੰਦੀਆਂ ਵਲੋਂ ਦਿੱਤੇ ਜਾ ਰਹੇ ਸਹਿਯੋਗ ਨੇ ਉਨ੍ਹਾਂ ਨੂੰ ਕੰਮ ਕਰਨ ਦਾ ਹੋਰ ਵੀ ਵੱਧ ਉਤਸ਼ਾਹ ਪੈਦਾ ਕਰਕੇ ਦਿੱਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕਰੀਬ ਦੋ ਹਫਤੇ ਪਹਿਲਾਂ ਹੀ ਖਿਡਾਰੀ ਕੈਲੇਫੋਰਨੀਆਂ ਪਹੁੰਚਣੇ ਸ਼ੁਰੂ ਹੋ ਗਏ ਹਨ ਅਤੇ ਇਸ ਵਾਰ ਦਾ ਇਹ ਕਬੱਡੀ ਕੱਪ ਵੀ ਦਰਸ਼ਕਾਂ ਦੇ ਚੇਤਿਆਂ 'ਚ ਉਮੀਦ ਹੈ ਕਿ ਵਸਿਆ ਹੀ ਰਹੇਗਾ। ਪ੍ਰਬੰਧਕਾਂ ਵਲੋਂ ਜਿੱਥੇ ਮੁਫਤ ਐਂਟਰੀ, ਮੁਫਤ ਪਾਰਕਿੰਗ ਅਤੇ ਲੰਗਰ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਉੱਥੇ ਉਨ੍ਹਾਂ ਸਾਰਿਆਂ ਨੂੰ ਪਹੁੰਚਣ ਦੀ ਅਪੀਲ ਕਰਨ ਦੇ ਨਾਲ ਨਾਲ ਇਹ ਵੀ ਹੱਥ ਜੋੜ ਕੇ ਬੇਨਤੀ ਕੀਤੀ ਹੈ ਕਿ ਉਹ ਪੰਜਾਬੀਆਂ ਦੇ ਇਸ ਸਾਂਝੇ ਮੰਚ 'ਤੇ ਮੁਹੱਬਤ ਅਤੇ ਪਿਆਰ ਦਾ ਸੁਨੇਹਾ ਲੈ ਕੇ ਆਉਣ ਅਤੇ 'ਖੇਡਾਂ ਬੀਬਾ ਖੇਡਣ ਲਈ' ਦੀ ਧਾਰਨਾ ਮੁਤਾਬਿਕ ਸਹੀ ਸਪੋਰਟਸਮੈਂਸ਼ਿਪ ਨੂੰ ਰੂਪਮਾਨ ਕਰਕੇ ਦਿਖਾਉਣ ਵਿਚ ਰੋਲ ਅਦਾ ਕਰਨ। ਖੇਡ ਮੇਲੇ ਦਾ ਮੁੱਖ ਮਕਸਦ ਹੀ ਪਿਆਰ ਅਤੇ ਆਪਸੀ ਸਾਂਝ ਨੂੰ ਹੋਰ ਗੂੜ੍ਹੀ ਕਰਨਾ ਹੀ ਹੈ।

*ਸਫ਼ਾ ਇਕ ਦੀ ਬਾਕੀ*

## ਗੁਰੂ ਦੀ ਬੇਅਦਬੀ ਦਾ ਕਲੰਕ ਲੱਗਣ ਤੋਂ ਬਾਅਦ ਬਾਦਲਾਂ ਦਾ ਸਿੰਘਾਸਨ ਡੋਲਿਆ

ਜੰਮ ਕੇ ਵਰ੍ਹਦਿਆਂ ਕਿਹਾ ਕਿ ਅਕਾਲੀ ਦਲ-ਭਾਜਪਾ ਗੱਠਜੋੜ ਦੀ ਸਰਕਾਰ ਦੇ 10 ਸਾਲਾਂ ਦੇ ਰਾਜ ਦੌਰਾਨ ਪੰਜਾਬ ਨੂੰ ਲੁੱਟਿਆ ਗਿਆ ਹੈ ਤੇ ਭ੍ਰਿਸ਼ਟਾਚਾਰ ਨਾਲ ਅਰਬਾਂ ਰੁਪਏ ਦੀ ਜਾਇਦਾਦ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਅਕਾਲੀ ਆਗੂ ਹੋਟਲਾਂ ਤੋਂ ਲੈ ਕੇ ਲਗਜ਼ਰੀ ਕਾਰਾਂ ਤੇ ਹੈਲੀਕਾਪਟਰਾਂ ਦੇ ਮਾਲਕ ਕਿਵੇਂ ਬਣ ਗਏ ? ਇਸ ਮਾਮਲੇ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਦਾਦੂਵਾਲ ਨੇ ਕਿਹਾ ਕਿ ਜਥੇਦਾਰ ਗੁਰਬਚਨ ਸਿੰਘ ਦੀ ਵੀ ਜਾਂਚ ਹੋਣੀ ਚਾਹੀਦੀ ਜੋ ਇਕ ਬਰਛਾ ਫੜ ਕੇ ਸੇਵਦਾਰ ਵਜੋਂ ਭਰਤੀ ਹੋਇਆ ਸੀ, ਅੱਜ ਕਿਵੇਂ ਮੁਕਤਸਰ ਸ਼ਹਿਰ ਵਿਚ ਤਿੰਨ ਤਾਰਾ ਹੋਟਲ ਦਾ ਮਾਲਕ ਬਣ ਗਿਆ ? ਜ਼ਿਕਰਯੋਗ ਹੈ ਕਿ ਵਿਧਾਨ ਸਭਾ ਵਿਚ ਬਹਿਸ ਦੌਰਾਨ ਬੋਲਦਿਆਂ ਕਾਂਗਰਸ ਦੇ ਪੱਟੀ ਤੋਂ ਵਿਧਾਇਕ ਹਰਮਿੰਦਰ ਸਿੰਘ ਗਿੱਲ ਨੇ ਕਿਹਾ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਲੱਗਣ ਤੋਂ ਪਹਿਲਾਂ ਗਿਆਨੀ ਗੁਰਬਚਨ ਸਿੰਘ ਇਕ ਆਮ ਗਰੀਬ ਸਿੱਖ ਸੀ ਪਰ ਬਾਅਦ ਵਿਚ ਬਾਦਲਾਂ ਨੇ ਉਨ੍ਹਾਂ ਦੇ ਲੜਕੇ ਨੂੰ ਮਾਰਕੀਟ ਕਮੇਟੀ ਦਾ ਚੇਅਰਮੈਨ ਲਗਾ ਦਿੱਤਾ ਤੇ ਪੰਜਾਬ ਦੀਆਂ ਪਸ਼ੂ ਮੰਡੀਆਂ ਦੇ ਠੇਕੇ ਵੀ ਅਸਿੱਧੇ ਤੌਰ 'ਤੇ ਦਿੱਤੇ ਗਏ।

ਸੂਬੇ ਦੀ ਸੱਤਾ 'ਤੇ ਲੰਮਾ ਸਮਾਂ ਕਾਬਜ਼ ਰਹਿਣ ਮਗਰੋਂ ਪਾਰਟੀ ਲਈ ਸਿਆਸੀ ਮੁਸ਼ਕਿਲਾਂ ਹੀ ਮੂੰਹ ਅੱਡੀ ਨਹੀਂ ਖੜ੍ਹੀਆਂ ਸਗੋਂ ਧਾਰਮਿਕ ਖੇਤਰ ਵਿੱਚ ਵੀ ਚੁਣੌਤੀਆਂ ਮਿਲ ਰਹੀਆਂ ਹਨ। ਪੰਜਾਬ ਵਿਧਾਨ ਸਭਾ ਦੇ ਹਾਲੀਆ ਸੈਸ਼ਨ ਵਿੱਚ ਹੋਈ ਬਹਿਸ ਤੋਂ ਬਾਅਦ ਪਾਰਟੀ ਵਿੱਚ ਸੁਧਾਰਾਂ ਦੀ ਗੱਲ ਵੀ ਉੱਠਣ ਲੱਗੀ ਹੈ।

ਇੱਕ ਸੀਨੀਅਰ ਅਕਾਲੀ ਨੇਤਾ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ ਕਿ ਡੇਰਾ ਮੁਖੀ ਨੂੰ ਮੁਆਫ਼ੀ ਦਾ ਮਾਮਲਾ ਭਖਣ ਤੋਂ ਬਾਅਦ ਹੀ ਜਥੇਦਾਰਾਂ ਨੂੰ ਬਦਲਣ ਦਾ ਮਾਮਲਾ ਪਾਰਟੀ ਵੱਲੋਂ ਵਿਚਾਰਿਆ ਜਾਣ ਲੱਗਾ ਸੀ ਪਰ ਰਾਜਸੀ ਹਾਲਾਤ ਦੇ ਮੱਦੇਨਜ਼ਰ ਪਾਰਟੀ ਵੱਲੋਂ ਇਹ ਫੈਸਲਾ ਨਹੀਂ ਸੀ ਲਿਆ ਜਾ ਸਕਿਆ ਪਰ ਹੁਣ ਫੈਸਲਾ ਲੈਣਾ ਚਾਹੀਦਾ ਹੈ। ਇਕ ਅਕਾਲੀ ਆਗੂ ਦਾ ਇਹ ਵੀ ਕਹਿਣਾ ਹੈ ਕਿ ਧਾਰਮਿਕ ਖੇਤਰ ਦੀ ਕੋਈ ਕੱਦਾਵਰ ਸ਼ਖ਼ਸੀਅਤਾਂ ਦਾ ਖ਼ਲਾਅ ਹੋਣ ਕਾਰਨ ਵੀ ਜਥੇਦਾਰ ਬਦਲਿਆ ਨਹੀਂ ਜਾ ਸਕਿਆ। ਸ਼੍ਰੋਮਣੀ ਅਕਾਲੀ ਦਲ ਵੱਲੋਂ ਸਿਆਸੀ ਸਥਿਤੀ ਦੇ ਟਾਕਰੇ ਲਈ ਭਾਵੇਂ ਰੈਲੀਆਂ ਅਤੇ ਕਾਂਗਰਸੀ ਖ਼ਿਲਾਫ਼ ਪ੍ਰਦਰਸ਼ਨਾਂ ਦਾ ਆਸਰਾ ਲਿਆ ਜਾ ਰਿਹਾ ਹੈ ਪਰ ਸੱਤਾ ਤੋਂ ਲਾਂਭੇ ਹੋਣ ਤੋਂ ਬਾਅਦ ਇਸ ਪਾਰਟੀ ਦੀਆਂ ਸਰਗਰਮੀਆਂ ਵਧਦੀਆਂ ਜਾ ਰਹੀਆਂ ਹਨ।

ਨਵੰਬਰ ਮਹੀਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਵੀ ਹੋਣੀ ਹੈ। ਪਾਰਟੀ ਦੇ ਸੀਨੀਅਰ ਨੇਤਾਵਾਂ ਦਾ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਬਾਰੇ ਕਹਿਣਾ ਹੈ ਕਿ ਭਾਈ ਲੌਂਗੋਵਾਲ ਧਾਰਮਿਕ ਖੇਤਰ ਵਿੱਚ ਕੋਈ ਵੱਡਾ ਪ੍ਰਭਾਵ ਨਹੀਂ ਛੱਡ ਸਕੇ। ਇਸ ਲਈ ਸਿੱਖਾਂ ਦਾ ਇਸ ਸਿਰਮੌਰ ਸੰਸਥਾ ਦੇ ਪ੍ਰਧਾਨ ਦੀ ਕੁਰਸੀ ਲਈ ਹੁਣੇ ਤੋਂ ਲਾਮਬੰਦੀ ਸ਼ੁਰੂ ਹੋਣੀ ਸ਼ੁਰੂ ਹੋ ਗਈ ਹੈ। ਮਾਝੇ ਦੇ ਕੁੱਝ ਆਗੂਆਂ ਨੇ ਪਰ ਤੋਲਣੇ ਸ਼ੁਰੂ ਕਰ ਦਿੱਤੇ ਹਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਵੇਂ ਇਹ ਪ੍ਰਭਾਵ ਦਿੱਤਾ ਜਾਂਦਾ ਹੈ ਕਿ ਸਿਆਸੀ ਫੈਸਲੇ ਸਮੂਹ ਨੇਤਾਵਾਂ ਦੀ ਸਹਿਮਤੀ ਨਾਲ ਹੀ ਲਏ ਜਾਂਦੇ ਹਨ ਜਦਕਿ ਸੀਨੀਅਰ ਅਕਾਲੀ ਨੇਤਾਵਾਂ ਦਾ ਕਹਿਣਾ ਹੈ ਕਿ ਪਾਰਟੀ 'ਤੇ ਪੂਰੀ ਤਰ੍ਹਾਂ ਕੰਟਰੋਲ ਬਾਦਲ ਪਰਿਵਾਰ ਦਾ ਹੀ ਹੈ। ਸਾਲ 2012 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਜਿੱਤ ਦਾ ਸਿਹਰਾ ਪੂਰੀ ਤਰ੍ਹਾਂ ਸੁਖਬੀਰ ਸਿੰਘ ਬਾਦਲ ਦੇ ਸਿਰ ਬੱਝਣ ਤੋਂ ਬਾਅਦ ਇਹ ਮੰਨਿਆ ਜਾਂਦਾ ਸੀ ਕਿ ਪਾਰਟੀ ਅਤੇ ਸਰਕਾਰ ਉਪਰ ਸੁਖਬੀਰ ਸਿੰਘ ਬਾਦਲ ਦਾ ਹੀ ਕੰਟਰੋਲ ਹੈ। ਇਸ ਤੋਂ ਬਾਅਦ ਅਜਿਹਾ ਦੌਰ ਆਇਆ ਜਦੋਂ ਪਾਰਟੀ ਨੂੰ ਚੁਣੌਤੀਆਂ ਘੇਰਨ ਲੱਗੀਆਂ। ਸਾਲ 2014 ਵਿੱਚ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਨੂੰ ਸਿਆਸੀ ਸੰਕਟ ਨੇ ਦਸਤਕ ਦੇ ਦਿੱਤੀ ਸੀ ਪਰ ਇਸ ਵੱਲ ਕੋਈ ਧਿਆਨ ਨਾ ਦਿੱਤਾ ਤੇ ਉਸ ਤੋਂ ਬਾਅਦ ਸਾਲ 2015 ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾਂ ਤੋਂ ਬਾਅਦ ਹੀ ਅਕਾਲੀ ਦਲ ਨੇ ਸਿਆਸੀ ਤੌਰ 'ਤੇ ਹੋਣ ਵਾਲੇ ਨੁਕਸਾਨ ਦਾ ਅੰਦਾਜ਼ਾ ਨਾ ਲਾਇਆ।

ਖ਼ਬਰਾਂ ਹਨ ਕਿ ਅਕਾਲੀ ਨੇਤਾ ਜਨਤਕ ਤੌਰ 'ਤੇ ਵਿਚਰਨ ਤੋਂ ਪਾਸਾ ਵੱਟ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਬਠਿੰਡਾ ਜ਼ਿਲ੍ਹੇ ਨਾਲ ਸਬੰਧਤ ਇੱਕ ਅਕਾਲੀ ਨੇਤਾ ਨੇ ਕੈਨੇਡਾ ਵਿਚ ਪਿਛਲੇ ਦਿਨਾਂ ਦੌਰਾਨ ਹੋਏ ਕਬੱਡੀ ਕੱਪ ਵਿੱਚ ਸ਼ਮੂਲੀਅਤ ਕਰਨ ਤੋਂ ਨਾਂਹ ਕਰ ਦਿੱਤੀ। ਸੂਤਰਾਂ ਦਾ ਦੱਸਣਾ ਹੈ ਕਿ ਇਹ ਅਕਾਲੀ ਨੇਤਾ ਜੋ ਕਿ ਕੈਨੇਡਾ ਦੇ ਦੌਰੇ 'ਤੇ ਗਿਆ ਹੋਇਆ ਹੈ, ਨੂੰ ਟੂਰਨਾਮੈਂਟ ਦੇ ਪ੍ਰਬੰਧਕ ਵਿਸ਼ੇਸ਼ ਤੌਰ 'ਤੇ ਸੱਦਾ ਦੇਣ ਲਈ ਗਏ ਤਾਂ ਉਸ ਨੂੰ ਸਪੱਸ਼ਟ ਤੌਰ 'ਤੇ ਨਾਂਹ ਕਰਦਿਆਂ ਕਿਹਾ ਕਿ ਵਿਦੇਸ਼ਾਂ ਵਿੱਚ ਅਕਾਲੀ ਨੇਤਾਵਾਂ ਦਾ ਜਨਤਕ ਤੌਰ 'ਤੇ ਘੁੰਮਣਾ ਸੁਖਾਵਾਂ ਨਹੀਂ ਰਿਹਾ, ਇਸ ਲਈ ਉਹ ਨਹੀਂ ਆ ਸਕਦਾ। ਇਸ ਮਾਮਲੇ ਦੀ ਅਨਾਊਂਸਮੈਂਟ ਪ੍ਰਬੰਧਕਾਂ ਨੇ ਜਨਤਕ ਤੌਰ 'ਤੇ ਕੀਤੀ।

ਪੰਜਾਬ ਵਿਧਾਨ ਸਭਾ ਵਿਚ ਬੇਅਦਬੀ ਮਾਮਲਿਆਂ ਦੀ ਪੜਤਾਲੀਆ ਰਿਪੋਰਟ 'ਤੇ ਬਹਿਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਵੱਡੇ ਰਾਜਸੀ ਸੰਕਟ ਵਿਚ ਘਿਰਿਆ ਦਿਖਾਈ ਦੇ ਰਿਹਾ ਹੈ। ਦਲ ਦੀ ਕੋਰ ਕਮੇਟੀ ਨੇ ਨਵੇਂ ਉਪਜੇ ਸੰਕਟ ਵਿੱਚੋਂ ਨਿਕਲਣ ਲਈ ਮੀਟਿੰਗ ਕੀਤੀ। ਮੀਟਿੰਗ ਦੌਰਾਨ ਬਰਗਾੜੀ ਕਾਂਡ ਦੀਆਂ ਰਿਪੋਰਟ ਜਨਤਕ ਹੋਣ ਅਤੇ ਬਹਿਸ ਦੌਰਾਨ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਵੱਲੋਂ ਅਕਾਲੀ ਆਗੂਆਂ ਖਾਸ ਕਰ ਬਾਦਲਾਂ ਨੂੰ ਨਿਸ਼ਾਨਾ ਬਣਾਉਣ ਦਾ ਮਾਮਲਾ ਵਿਚਾਰਿਆ ਗਿਆ। ਸੂਤਰਾਂ ਦਾ ਦੱਸਣਾ ਹੈ ਕਿ ਕੋਰ ਕਮੇਟੀ ਦੇ ਕੁਝ ਮੈਂਬਰਾਂ ਨੇ ਜਦੋਂ ਤਾਜ਼ਾ ਘਟਨਾਕ੍ਰਮ ਕਾਰਨ ਪਾਰਟੀ ਨੂੰ ਸਿਆਸੀ ਤੌਰ 'ਤੇ ਨੁਕਸਾਨ ਹੋਣ ਦੀ ਗੱਲ ਕਹੀ ਤਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਨੁਕਸਾਨ ਹੋਣ ਦੇ ਖ਼ਦਸ਼ਿਆਂ ਨੂੰ ਖਾਰਜ ਕਰਦਿਆਂ ਕਿਹਾ, "ਮੈਂ ਰੋਜ਼ਾਨਾ ਸਰਵੇ ਕਰਵਾਉਂਦਾ ਹਾਂ, ਬਹਿਸ ਤੋਂ ਬਾਅਦ ਅਕਾਲੀ ਦਲ ਦਾ ਕੋਈ ਨੁਕਸਾਨ ਨਹੀਂ ਹੋਣਾ।" ਪਾਰਟੀ ਦੇ ਅੰਦਰੂਨੀ ਸੂਤਰਾਂ ਮੁਤਾਬਕ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਸੇਵਾ ਸਿੰਘ ਸੇਖਵਾਂ, ਜਥੇਦਾਰ ਤੋਤਾ ਸਿੰਘ ਆਦਿ ਨੇ ਸਿਆਸੀ ਤੌਰ 'ਤੇ ਪਾਰਟੀ ਨੂੰ ਸੰਕਟ ਹੋਣ ਦੀ ਗੱਲ ਕਹੀ। ਇਸੇ ਦੌਰਾਨ ਬੀਬੀ ਜਗੀਰ ਕੌਰ, ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਸ਼ਰਨਜੀਤ ਢਿੱਲੋਂ ਆਦਿ ਨੇ ਸੁਖਬੀਰ ਸਿੰਘ ਬਾਦਲ ਦੀ ਸੁਰ ਵਿਚ ਸੁਰ ਮਿਲਾਈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮਹਿਜ਼ ਇਹੀ ਕਿਹਾ ਕਿ ਮੇਰੇ ਉਪਰ ਝੂਠੇ ਦੋਸ਼ ਲਾਏ ਗਏ ਹਨ।

ਸੂਤਰਾਂ ਮੁਤਾਬਕ ਸ੍ਰੀ ਚੰਦੂਮਾਜਰਾ ਨੇ ਕਿਹਾ ਕਿ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਜਨਤਕ ਹੋਣ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਪਾਰਟੀਆਂ ਦੇ ਹਮਲਿਆਂ ਤੋਂ ਬਾਅਦ ਜੋ ਸਿਆਸੀ ਸਥਿਤੀ ਪੈਦਾ ਹੋਈ ਹੈ, ਉਸ 'ਤੇ ਵਿਚਾਰ ਕੀਤੀ ਜਾਣੀ ਚਾਹੀਦੀ ਹੈ। ਕੁਝ ਹੋਰਨਾਂ ਮੈਂਬਰਾਂ ਨੇ ਜਦੋਂ ਇਸੇ ਸੁਰ ਵਿਚ ਆਵਾਜ਼ ਉਠਾਉਣ ਦੀ ਕੋਸ਼ਿਸ਼ ਕੀਤੀ ਤਾਂ ਪਾਰਟੀ ਪ੍ਰਧਾਨ ਨੇ ਅਫ਼ਵਾਹਾਂ ਨੂੰ ਰੱਦ ਕਰਨ ਦੀ ਸਲਾਹ ਦਿੱਤੀ ਤੇ ਹਲਕਾ ਜਥੇਦਾਰਾਂ ਨੂੰ ਕਿਹਾ ਕਿ ਸਰਕਾਰ ਦੇ ਪੁਤਲੇ ਫੂਕ ਕੇ ਪ੍ਰਦਰਸ਼ਨ ਕੀਤਾ ਜਾਵੇ। ਉਧਰ ਸੀਨੀਅਰ ਆਗੂਆਂ ਨੇ ਕਿਹਾ ਕਿ ਸੂਬੇ ਵਿਚ ਜ਼ਿਲ੍ਹਾ ਪ੍ਰੀਸ਼ਦ, ਪੰਚਾਇਤ ਸਮਿਤੀਆਂ ਅਤੇ ਗਰਾਮ ਪੰਚਾਇਤਾਂ ਦੀਆਂ ਚੋਣਾਂ ਐਨ ਸਿਰ 'ਤੇ ਹੋਣ ਕਾਰਨ ਤਾਜ਼ਾ ਹਾਲਾਤ ਪਾਰਟੀ ਲਈ ਜ਼ਿਆਦਾ ਘਾਤਕ ਮੰਨੇ ਜਾ ਰਹੇ ਹਨ।

## ਫੂਲਕਾ ਨੇ ਬੇਅਦਬੀ ਦੇ ਵਿਰੋਧ 'ਚ ਲਿਆ ਇਤਿਹਾਸਕ ਸਟੈਂਡ

ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਵਾਉਣ ਲਈ ਕਾਹਲੇ ਮੰਤਰੀ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਦਿੱਤੀ ਘੁਰਕੀ ਤੋਂ ਬਾਅਦ ਚੁੱਪ ਵੱਟ ਗਏ ਹਨ, ਕਿਉਂਕਿ ਕਾਂਗਰਸ ਬੇਅਦਬੀ ਵਰਗੇ ਅਹਿਮ ਮਾਮਲੇ ਨੂੰ ਲੋਕ ਸਭਾ ਦੀਆਂ ਚੋਣਾਂ ਵਿੱਚ ਸਿਰਫ਼ ਪ੍ਰਚਾਰ ਦਾ ਮੁੱਦਾ ਬਣਾਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ 15 ਸਤੰਬਰ ਤੱਕ ਕਾਰਵਾਈ ਨਾ ਹੋਈ ਤਾਂ ਉਹ 16 ਸਤੰਬਰ ਨੂੰ ਦਰਬਾਰ ਸਾਹਿਬ ਜਾ ਕੇ ਅਸਤੀਫ਼ਾ ਦੇਣਗੇ ਅਤੇ ਬਾਅਦ ਵਿੱਚ ਅਸਤੀਫ਼ਾ ਸਪੀਕਰ ਨੂੰ ਭੇਜਿਆ ਜਾਵੇਗਾ।

ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਬਾਰੇ ਬੋਲਦਿਆਂ ਉਨ੍ਹਾਂ ਕਿਹਾ, "ਉਹ ਮੇਰੇ ਉਪਰ ਦੋਸ਼ ਲਗਾਉਂਦੇ ਰਹੇ ਹਨ ਕਿ ਫੂਲਕਾ ਨੇ ਹੁਣ ਤੱਕ ਕਿਹੜੀ ਸਜ਼ਾ ਦਿਵਾਈ ਹੈ।" ਉਨ੍ਹਾਂ ਕਿਹਾ ਕਿ ਹੁਣ ਜਾਖੜ ਜਾਂ ਅਸਤੀਫ਼ਾ ਦੇਣ ਜਾਂ ਕਰਵਾਈ ਕਰਵਾਉਣ।

ਉਨ੍ਹਾਂ ਅਸਤੀਫ਼ੇ ਦੇ ਐਲਾਨ ਨੂੰ ਲੈ ਕੇ ਰਾਜਨੀਤੀ ਕਰਨ ਸਬੰਧੀ ਲਗਾਏ ਜਾ ਰਹੇ ਦੋਸ਼ਾਂ ਬਾਰੇ ਕਿਹਾ ਕਿ ਉਹ ਇਸ ਮੁੱਦੇ ਨੂੰ ਜਾਣ-ਬੁੱਝ ਕੇ ਤੂਲ ਦੇ ਰਹੇ ਹਨ, ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਜੇ ਉਹ ਚੁੱਪ ਹੋ ਗਏ ਤਾਂ ਕਾਂਗਰਸੀਆਂ ਨੇ ਇਸ ਮੁੱਦੇ ਨੂੰ ਠੰਢੇ ਬਸਤੇ ਵਿੱਚ ਸੁੱਟ ਦੇਣਾ ਹੈ ਪਰ ਉਹ ਹੁਣ ਅਜਿਹਾ ਨਹੀਂ ਕਰਨ ਦੇਣਗੇ। ਉਹ ਬੇਅਦਬੀ ਦੇ ਮਾਮਲਿਆਂ ਤੋਂ ਕਾਫ਼ੀ ਪ੍ਰੇਸ਼ਾਨ ਸਨ, ਜੇ ਹੁਣ ਦੋਸ਼ੀ ਸਾਹਮਣੇ ਆਏ ਹਨ ਤਾਂ ਉਹ ਉਨ੍ਹਾਂ ਨੂੰ ਹਰ ਹਾਲਾਤ ਵਿੱਚ ਸਜ਼ਾ ਦਿਵਾਉਣਗੇ।

ਉਨ੍ਹਾਂ ਕਿਹਾ ਕਿ ਪੰਜਾਬ ਪੁਲੀਸ ਕੋਲ ਬਹਿਬਲ ਕਲਾਂ ਤੇ ਕੋਟਕਪੂਰਾ ਨਾਲ ਜੁੜੇ ਦੋਵੇਂ ਮਾਮਲੇ ਹਨ, ਜਿਸ ਵਿਚ ਉਹ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਡੀਜੀਪੀ ਸੁਮੇਧ ਸੈਣੀ 'ਤੇ ਕੇਸ ਦਰਜ ਕਰਨ ਦੀ ਮੰਗ ਕਰਦੇ ਹਨ। ਉਨ੍ਹਾਂ ਕਿਹਾ ਕਿ ਜਾਂਚ ਕਰਕੇ ਦੋਸ਼ੀਆਂ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇ।

ਫੂਲਕਾ ਵਲੋਂ ਬਾਦਲ 'ਤੇ ਸਖ਼ਤ ਟਿੱਪਣੀ : ਫੂਲਕਾ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਬੇਅਦਬੀ ਕਾਂਡ ਬਾਰੇ ਪੇਸ਼ ਕੀਤੀ ਰਿਪੋਰਟ ਵਿਚ ਲਿਖੀ ਹਰ ਗੱਲ ਮੰਨ ਲਈ ਹੈ। ਜਿਹੜਾ ਅਕਾਲੀ ਦਲ ਹੁਣ ਤੱਕ ਰੌਲਾ ਪਾਉਂਦਾ ਸੀ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਗਲਤ ਹੈ, ਅੱਜ ਅਕਾਲੀ ਦਲ ਦਾ ਰੌਲਾ ਬਿਲਕੁਲ ਫਲੌਪ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਬਾਦਲ ਨੇ ਇਹ ਮੰਨ ਲਿਆ ਹੈ ਕਿ ਬਹਿਬਲ ਗੋਲੀ ਕਾਂਡ ਵੇਲੇ ਉਹ ਡੀਜੀਪੀ ਨਾਲ ਇਨਟੈਚ ਸੀ। ਰਾਤ ਨੂੰ ਉਨ੍ਹਾਂ ਦੀਆਂ ਡੀਜੀਪੀ ਨਾਲ ਗੱਲਾਂ ਹੋਈਆਂ। ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿਚ ਵੀ ਇਹੋ ਲਿਖਿਆ ਹੈ। ਉਨ੍ਹਾਂ ਦੱਸਿਆ ਕਿ ਕੋਟਕਪੂਰੇ ਵਿਚ ਸ਼ਾਂਤਮਈ ਧਰਨਾ ਦੇ ਰਹੇ ਲੋਕਾਂ ਨੂੰ ਪਹਿਲਾਂ ਗ੍ਰਿਫਤਾਰ ਕਰ ਲਿਆ ਤੇ ਨਾਲ ਦੀ ਨਾਲ ਛੱਡ ਦਿੱਤਾ ਗਿਆ। ਉਨ੍ਹਾਂ ਦੀ ਕੋਈ ਐਂਟਰੀ ਹੀ ਨਹੀਂ ਕੀਤੀ ਗਈ। ਇਸ ਬਾਰੇ ਖੁਲਾਸਾ ਕਮਿਸ਼ਨ ਦੀ ਰਿਪੋਰਟ ਵਿਚ ਕੀਤਾ ਗਿਆ ਹੈ। ਧਰਨਾਕਾਰੀਆਂ ਨੇ ਮੰਗ ਰੱਖੀ ਸੀ ਕਿ ਉਹ ਉੱਠਣ ਨੂੰ ਤਿਆਰ ਹਨ, ਰਿਕਾਰਡ ਉਤੇ ਉਨ੍ਹਾਂ ਦੀ ਗ੍ਰਿਫਤਾਰੀ ਵਿਖਾ ਦਿਓ। ਜੇਕਰ ਉਹ ਗਲਤ ਤਰੀਕੇ ਨਾਲ ਬੈਠੇ ਸਨ ਤਾਂ ਰਿਕਾਰਡ ਉਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਕਿਉਂ ਨਹੀਂ ਵਿਖਾਈ ਗਈ। ਉਨ੍ਹਾਂ ਦਾਅਵਾ ਕੀਤਾ ਕਿ ਗ੍ਰਿਫ਼ਤਾਰੀ ਨਾ ਵਿਖਾਉਣ ਬਾਰੇ ਸਾਰੇ ਹੁਕਮ ਚੰਡੀਗੜ੍ਹ ਤੋਂ ਆਏ ਸਨ। ਹੁਕਮ ਇਹ ਸਨ ਕਿ ਰਿਕਾਰਡ ਵਿਚ ਕੁਝ ਨਾ ਵਿਖਾਓ ਤੇ ਧੱਕੇ ਨਾਲ ਲੋਕਾਂ ਨਾਲ ਉਠਾ ਦਿਓ। ਇਸ ਤੋਂ ਬਾਅਦ ਇਥੇ ਲਾਠੀਚਾਰਜ ਹੋਇਆ, ਗੋਲੀ ਚੱਲੀ ਤੇ ਕਈ ਜ਼ਖ਼ਮੀ ਹੋਏ, ਪਰ ਇਸ ਦਾ ਕੋਈ ਰਿਕਾਰਡ ਨਹੀਂ ਹੈ।

ਕਾਂਗਰਸੀ ਮੰਤਰੀਆਂ ਦਾ ਪ੍ਰਤੀਕਰਮ : ਬਰਗਾੜੀ ਰਿਪੋਰਟ 'ਤੇ ਤਿਆਰ ਐਕਸ਼ਨ ਟੇਕਰ ਰਿਪੋਰਟ 'ਤੇ ਕਾਰਵਾਈ ਕਰਵਾਉਣ 'ਤੇ 'ਆਪ' ਵਿਧਾਇਕ ਐਚ.ਐਸ. ਫੂਲਕਾ ਵੱਲੋਂ ਅਸਤੀਫ਼ਾ ਦੇਣ ਦੀ ਚੁਣੌਤੀ ਦਾ ਪੰਜਾਬ ਵਜ਼ਾਰਤ ਦੇ ਪੰਜ ਮੰਤਰੀਆਂ ਨੇ ਜਵਾਬ ਦਿੱਤਾ ਹੈ। ਮੰਤਰੀਆਂ ਨੇ ਕਿਹਾ ਕਿ ਫੂਲਕਾ ਵੱਲੋਂ ਅਸਤੀਫ਼ਾ ਦੇਣ ਦੀ ਧਮਕੀ ਨਿਆਂ ਪ੍ਰਕਿਰਿਆ ਵਿੱਚ ਅੜਿੱਕਾ ਬਣ ਸਕਦੀ ਹੈ। ਨਵਜੋਤ ਸਿੰਘ ਸਿੱਧੂ, ਮਨਪ੍ਰੀਤ ਸਿੰਘ ਬਾਦਲ, ਸੁਖਜਿੰਦਰ ਸਿੰਘ ਰੰਧਾਵਾ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਫੂਲਕਾ ਵੱਲੋਂ 15 ਦਿਨਾਂ ਵਿਚ ਸ਼ੱਕੀਆਂ ਨੂੰ ਗ੍ਰਿਫਤਾਰ ਕਰਨ ਦਾ ਅਲਟੀਮੇਟਮ ਦੇਣਾ ਨਿਆਂ ਅਤੇ ਇਨਸਾਫ ਦੇ ਸਿਧਾਂਤ ਦੀ ਉਲੰਘਣਾ ਹੈ। ਪੰਜਾਬ ਵਿਧਾਨ ਸਭਾ ਵੱਲੋਂ ਬੇਅਦਬੀ ਤੇ ਗੋਲੀਬਾਰੀ ਦੀਆਂ ਘਟਨਾਵਾਂ ਦੀ ਜਾਂਚ ਲਈ 'ਵਿਸ਼ੇਸ਼ ਜਾਂਚ ਟੀਮ' ਬਣਾਏ ਜਾਣ ਸਬੰਧੀ ਸਰਬਸੰਮਤੀ ਨਾਲ ਪਾਸ ਕੀਤੇ ਮਤੇ ਨੂੰ ਲਾਗੂ ਕਰਨ ਲਈ ਸੂਬਾ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ। ਜਾਂਚ ਟੀਮ ਪੂਰੇ ਮਾਮਲੇ ਦੀ ਜਾਂਚ ਸਖ਼ਤੀ ਅਤੇ ਕਾਨੂੰਨ ਅਨੁਸਾਰ ਪੜਚੋਲ ਕਰੇਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜਾਂਚ ਟੀਮ ਨੂੰ ਆਪਣਾ ਕਾਰਜ ਬਿਨਾਂ ਕਿਸੇ ਦਖ਼ਲ ਅਤੇ ਨਿਰਪੱਖਤਾ ਨਾਲ ਕਰਨ ਦੇਣਾ ਚਾਹੀਦਾ ਹੈ।

ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਉਹ ਕਾਂਗਰਸ ਪਾਰਟੀ ਦੇ ਵਿਧਾਇਕ ਤੇ ਮੰਤਰੀ ਹਨ 'ਆਪ' ਦੇ ਨਹੀਂ। ਸ. ਸਿੱਧੂ ਨੇ ਕਿਹਾ ਕਿ ਪੰਜਾਬ ਦੀ ਜਨਤਾ ਨੇ ਉਨ੍ਹਾਂ ਦੇ ਹੱਕ ਵਿਚ ਫ਼ਤਵਾ ਦਿੱਤਾ ਹੈ ਇਸ ਲਈ ਉਹ ਜਨਤਾ ਦੇ ਫ਼ਤਵੇ ਮੁਤਾਬਿਕ ਅਸਤੀਫ਼ਾ ਦੇਣਾ ਤਾਂ ਦੂਰ ਦੀ ਗੱਲ ਉਹ ਇਸ ਬਾਰੇ ਸੋਚ ਵੀ ਨਹੀਂ ਸਕਦੇ।

# Sir Speedy Tustin
*Printers to the Community*

**Outdoor 3'x11' Promo Flag**
**Only $29/-**
Pole & Spike $55/-

**Outdoor 3'x6' Durable Banner**
All weather, durable to sunlight, rain and wear & tear. Text only.
**Only $69/-**

**Receipt Books**
Customized with your information and design. 2 part carbonless with numbering and perforation.
**Call for Price**

**Retractable 33"x 80" Banner**
Includes stand and carry bag. Hi-res imaging, durable and Brilliant colors!
**Only $225/-**

**All Weather 18"x24" Yard Signs**
Includes H-stakes. Single sided, durable to sunlight and rain. Reusable!
**$49/- for 4**

**11" Printed Balloons**
Printed with your logo and info. One color, one location. Min. qty 1000
**19¢ each**

**Your Printed T-Shirts**
White T-Shirts, 1 color screen printing in 1 position. Min Qty. 100
**Only $4.99**

**Your Printed Caps**
1 color in 1 position. Min Qty. 100
**Only $4.99**

**Trip Envelopes** Qty 1000
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

**CUSTOMIZED SWEET BOXES**

*South Asian Wedding Cards*

CALL NOW

## ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿਚ ਕੈਪਟਨ ਕਿੰਨਾ ਕੁ ਗੰਭੀਰ ?

ਰਿਪੋਰਟ ਦੇ ਸਿਰਫ ਕੁਝ ਭਾਗ ਹੀ ਮੁੱਖ ਮੰਤਰੀ ਕੋਲ ਅੱਪੜੇ ਸਨ, ਤਾਂ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਸੀਬੀਆਈ ਨੂੰ ਸੌਂਪਣ ਦੀ ਕੀ ਲੋੜ ਪੈ ਗਈ ਸੀ? ਬਹਿਸ ਵਿਚ ਸ਼ਾਮਲ ਲੱਗਭੱਗ ਹਰ ਬੁਲਾਰੇ, ਖਾਸ ਕਰ ਸੱਤਾਧਾਰੀ ਧਿਰ ਨਾਲ ਸਬੰਧਿਤ ਨੇ, ਇਹ ਜਾਂਚ ਸੀਬੀਆਈ ਤੋਂ ਵਾਪਿਸ ਲੈਣ ਦੀ ਮੰਗ ਕੀਤੀ। ਝੋਲੀਆਂ ਅੱਡੀਆਂ ਗਈਆਂ ਤੇ ਮੁੱਖ ਮੰਤਰੀ ਨੇ ਸਭ ਦੀ ਮੰਨ ਕੇ ਇਹ ਐਲਾਨ ਵੀ ਕਰ ਦਿੱਤਾ ਕਿ ਅਜਿਹਾ ਹੀ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਮੁੱਖ ਮੰਤਰੀ ਦੇ ਪਹਿਲਾਂ ਲਏ ਗਏ ਫੈਸਲੇ ਨੂੰ ਬਦਲਿਆ ਗਿਆ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਉਤੇ ਕਿਸੇ ਸਿੱਧੀ ਕਾਰਵਾਈ ਕਰਨ ਦੀ ਥਾਂ ਅੱਗੇ ਹੋਰ ਜਾਂਚ ਹੀ ਬਿਠਾਈ ਜਾਣੀ ਹੈ ਜੋ ਪਹਿਲਾਂ ਸੀਬੀਆਈ ਨਾਮ ਦੇ ਕੇਂਦਰੀ ਤੋਤੇ ਦੇ ਪਿੰਜਰੇ ਪਾਈ ਗਈ ਸੀ, ਹੁਣ ਪੰਜਾਬ ਪੁਲਿਸ ਜਾ ਪੰਜਾਬ ਸਰਕਾਰ ਦੇ ਅਧਿਕਾਰਿਤ ਅਫਸਰਾਂ ਨੇ ਕਰਨੀ ਹੈ। ਪੰਜਾਬ ਸਰਕਾਰ ਦੀ ਇਸ ਕਾਰਵਾਈ ਬਾਰੇ ਜੇ ਕਿਸੇ ਕਾਨੂੰਨ ਦੀਆਂ ਜਾਨਣ ਵਾਲੇ ਤੋਂ ਸਲਾਹ ਲਈ ਜਾਵੇ ਤਾਂ ਸਪੱਸ਼ਟ ਜਵਾਬ ਮਿਲਦਾ ਹੈ ਕਿ ਇਸ ਤਰ੍ਹਾਂ ਕਰਨਾ ਮਾਮਲੇ ਨੂੰ ਸ਼ੱਕੀ ਬਣਾਉਣ ਦੀ ਖੇਡ ਹੀ ਹੁੰਦੀ ਹੈ। ਕਿਸੇ ਮਾਮਲੇ ਦੀਆਂ ਜਿੰਨੀਆਂ ਵੱਧ ਜਾਂਚ ਰਿਪੋਰਟਾਂ, ਓਨਾ ਹੀ ਮਾਮਲਾ ਵੱਟੇ ਖਾਤੇ।

ਇਸ ਬਹਿਸ ਦੌਰਾਨ ਅਕਾਲੀ ਦਲ ਨੇ ਆਪਣੀ ਪਾਰਟੀ ਨੂੰ ਬੋਲਣ ਦਾ ਸਮਾਂ ਘੱਟ ਦੇਣ ਨੂੰ ਮੁੱਦਾ ਬਣਾ ਕੇ ਬਹਿਸ ਦਾ ਬਾਈਕਾਟ ਕਰ ਦਿੱਤਾ ਤੇ ਸਾਰੇ ਵਿਧਾਇਕ ਸਦਨ ਵਿਚੋਂ ਬਾਹਰ ਆ ਗਏ। ਸਭ ਨੂੰ ਪਤਾ ਸੀ ਕਿ ਅਕਾਲੀਆਂ ਦੀ ਇਹ ਮਹਿਜ਼ ਡਰਾਮੇਬਾਜ਼ੀ ਸੀ ਪਰ ਇਸ ਮਹੱਤਵਪੂਰਨ ਰਿਪੋਰਟ ਉਤੇ ਬਹਿਸ ਦਾ ਸਮਾਂ ਅਤੇ ਸੈਸ਼ਨ ਦਾ ਸਮਾਂ ਇੰਨਾ ਘੱਟ ਰੱਖਣ ਦੀ ਖਾਸ ਵਜ੍ਹਾ ਕੀ ਸੀ? ਕੀ ਖੁਦ ਕਾਂਗਰਸ ਪਾਰਟੀ ਵੀ ਇਹੋ ਤਾਂ ਨਹੀਂ ਸੀ ਚਾਹੁੰਦੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਅਹਿਮ ਮਾਮਲੇ ਉਤੇ ਬਹਿਸ ਦੇ ਨਾਮ ਉਤੇ ਖਾਨਾਪੂਰਤੀ ਹੀ ਹੋਵੇ? ਆਖਰ ਮਨਸ਼ਾ ਕੀ ਸੀ ਕਿ ਇਕ ਚੋਟੀ ਦੇ ਬਦਨਾਮ ਪੁਲਿਸ ਅਫਸਰ ਨੂੰ ਘੇਰਾ ਪਾਉਣ ਲਈ ਬਿਸਾਤ ਵਿਛਾਈ ਗਈ, ਜਿਸ ਦੇ ਸਿੱਖਾਂ ਉਤੇ ਕੀਤੇ ਕਿੰਨੇ ਹੀ ਜ਼ੁਲਮਾਂ ਅਤੇ ਅਤੇ ਪਾਪਾਂ ਦੀ ਭਾਈਵਾਲ ਕਿਸੇ ਵੇਲੇ ਖੁਦ ਕਾਂਗਰਸ ਪਾਰਟੀ ਰਹੀ ਸੀ। ਇਹ ਅਫਸਰ ਸਿਆਸੀ ਪਾੜਾ ਬਦਲਣ ਕਰ ਕੇ ਅੱਖਾਂ ਵਿਚ ਰੜਕਦਾ ਹੈ ਕਿ ਵਾਕਈ ਉਸ ਦੇ ਕੀਤੇ ਜ਼ੁਲਮਾਂ ਦੀ ਯਾਦ ਹੀ ਹੁਣ ਆਈ ਹੈ? ਵਿਧਾਨ ਸਭਾ ਵਿਚ ਹੋਈ ਬਹਿਸ ਦੌਰਾਨ ਸਾਬਕਾ ਡੀਜੀਪੀ ਸੁਮੇਧ ਸੈਣੀ ਨੂੰ ਨਿਸ਼ਾਨਾ ਬਣਾਉਣ ਤੋਂ ਬਾਅਦ ਇਹ ਸਵਾਲ ਵੀ ਉਠਾਇਆ ਜਾਣਾ ਲਾਜ਼ਮੀ ਹੈ, ਕਿ ਦੋਸ਼ੀ ਪੁਲਿਸ ਅਫਸਰਾਂ ਨੂੰ ਟੰਗਣ ਦੀ ਕਾਰਵਾਈ ਦੇ ਨਾਲ-ਨਾਲ ਕੀ ਇਸ ਬੱਜਰ ਗੁਨਾਹ ਦੇ ਪਰਦੇ ਪਿਛਲੇ ਪਾਤਰ ਵੀ ਟੰਗੇ ਜਾਣਗੇ? ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਵਿਚ ਸਾਬਕਾ ਮੁੱਖ ਮੰਤਰੀ ਤੇ ਸਾਬਕਾ ਗ੍ਰਹਿ ਮੰਤਰੀ ਦੀ ਕਥਿਤ ਸ਼ਮੂਲੀਅਤ ਨਾਲ ਦੋਵੇਂ ਬਾਦਲਾਂ ਉਤੇ ਕਾਰਵਾਈ (ਜੇ ਕੋਈ ਹੁੰਦੀ ਵੀ ਹੈ) ਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਅਸਲ ਦੋਸ਼ੀ ਵੀ ਰਗੜੇ ਜਾਣਗੇ? ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਆਧਾਰ ਉਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਸਮੁੱਚੇ ਘਟਨਾਕ੍ਰਮ ਪਿਛੇ ਬਹੁਤ ਗਹਿਰੀ ਸਾਜ਼ਿਸ਼ ਸੀ, ਜਿਸ ਦਾ ਮੋਹਰਾ ਸਿਰਸਾ ਸਾਧ ਦੇ ਚੇਲੇ ਬਣੇ ਹੋਏ ਸਨ। ਨਿਰਸੰਦੇਹ ਇਹ ਕਾਂਡ ਵਾਪਰਨ ਵਾਸਤੇ ਸਿਰਸੇਵਾਲੇ ਨੂੰ ਬਾਦਲਾਂ ਦੀ ਸ਼ਹਿ ਨੇ ਜ਼ਮੀਨ ਤਿਆਰ ਕਰਕੇ ਦਿੱਤੀ ਪਰ ਜਸਟਿਸ ਦੀ ਰਿਪੋਰਟ ਜੋ ਗਹਿਰੇ ਇਸ਼ਾਰੇ ਕਰਦੀ ਹੈ, ਉਸ ਬਾਰੇ ਵਿਧਾਨ ਸਭਾ ਦੀ ਬਹਿਸ ਵਿਚ ਧਾਰੀ ਗਈ ਚੁੱਪ ਨਾਲ ਇਹ ਸਵਾਲ ਖੜ੍ਹਾ ਹੁੰਦਾ ਹੈ ਕਿ ਕੀ ਇਹ ਬਹਿਸ ਇਸ ਬਹੁਤ ਹੀ ਸੰਵੇਦਨਸ਼ੀਲ ਮਾਮਲੇ ਨੂੰ ਜਾਂਚ-ਪੜਤਾਲ ਦੇ ਚੱਕਰਾਂ ਵਿਚ ਪਾ ਕੇ ਠੰਡਾ ਕਰਨ ਦੀ ਇਕ ਲੰਮੀ ਤੇ ਸੋਚੀ ਸਮਝੀ ਕਾਰਵਾਈ ਦਾ ਹੀ ਇਕ ਹਿੱਸਾ ਤਾਂ ਨਹੀਂ ਸੀ?

## ਪੰਜਾਬ ਦੇ ਲੋਕਾਂ ਤੇ ਸਿੱਖ ਜਗਤ ਦੇ ਕਟਹਿਰੇ ਵਿਚ ਬਾਦਲਕੇ ਦੋਸ਼ੀ ਕਰਾਰ

ਪਰ ਤੁਸੀਂ ਕਾਤਲ ਪੁਲਿਸ ਅਫਸਰਾਂ ਨੂੰ ਸਜ਼ਾਵਾਂ ਤਾਂ ਕੀ ਦਿਵਾਉਣੀਆਂ ਸਨ, ਤੁਸੀਂ ਤਾਂ ਉਹਨਾਂ ਨੂੰ ਹੋਰ ਉਚੇ ਅਹੁਦਿਆਂ ਉਤੇ ਨਿਵਾਜਣਾ ਸ਼ੁਰੂ ਕਰ ਦਿਤਾ ਹੈ। ਇਸ ਦੀ ਮਿਸਾਲ ਦਿੰਦਿਆਂ ਮੈਂ ਉਹਨਾਂ ਨੂੰ ਦੱਸਿਆ ਕਿ ਜਿਸ ਪੁਲਿਸ ਅਫਸਰ ਨੇ ਜਲੰਧਰ ਵਿਚ ਤੁਹਾਨੂੰ ਧੱਕਾ ਦੇ ਕੇ ਗੁਰਦੁਆਰੇ ਜਾਣ ਤੋਂ ਰੋਕਿਆ ਸੀ ਤੇ ਜਿਸਨੂੰ ਬੀ.ਬੀ.ਸੀ. ਟੀ.ਵੀ. ਨੇ ਵਿਖਾ ਕੇ ਦੁਨੀਆ ਭਰ ਵਿਚ ਨਸ਼ਰ ਕੀਤਾ ਸੀ, ਉਸਨੂੰ ਤੁਸੀਂ ਬਟਾਲੇ ਦਾ ਐਸ.ਪੀ. ਲਾ ਦਿਤਾ ਹੈ। ਜਿਸ ਪਿਆਰਾ ਸਿੰਘ ਥਾਣੇਦਾਰ ਉਤੇ ਦਰਜਨਾਂ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਨ ਦਾ ਦੋਸ਼ ਹੈ, ਉਸਨੂੰ ਤੁਸੀਂ ਕਰਤਾਰਪੁਰ ਥਾਣੇ ਦਾ ਇੰਚਾਰਜ ਲਾ ਦਿੱਤਾ ਹੈ। ਸ. ਬਾਦਲ ਨੇ ਬੜੇ ਮੀਸਣੇ ਢੰਗ ਨਾਲ ਸੰਤ ਸਮਾਜ ਦੀ ਮੀਟਿੰਗ ਵਿਚ ਇਹ ਕਹਿ ਕੇ ਖਹਿੜਾ ਛੁਡਾ ਲਿਆ ਕਿ ਸਰਕਾਰ ਚਲਾਉਂਦਿਆਂ ਕਈ ਅਣਗਹਿਲੀਆਂ ਹੋ ਜਾਂਦੀਆਂ ਹਨ, ਅੱਗੇ ਤੋਂ ਖਿਆਲ ਰਖਾਂਗੇ। ਪਰ ਇਸ ਤੋਂ ਬਾਅਦ ਵੀ ਉਹ ਦੋਵੇਂ ਆਪਣੇ ਅਹੁਦਿਆਂ ਉਤੇ ਤਾਇਨਾਤ ਰਹੇ।

ਇਸ ਰਿਪੋਰਟ ਦੀ ਪੇਸ਼ਕਾਰੀ ਨਾਲ ਪੰਜਾਬ ਅੰਦਰ ਬਾਦਲੀ ਰਾਜਨੀਤੀ ਦੇ ਅੰਤ ਦੀ ਸ਼ੁਰੂਆਤ ਹੋ ਗਈ ਹੈ। ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਦੇ ਆਧਾਰ ਉਤੇ ਸ. ਪ੍ਰਕਾਸ਼ ਸਿੰਘ ਬਾਦਲ, ਸੁਮੇਧ ਸੈਣੀ, ਪਰਮਰਾਜ ਸਿੰਘ ਉਮਰਾਨੰਗਲ, ਜਤਿੰਦਰ ਜੈਨ, ਸੁਖਵਿੰਦਰ ਸਿੰਘ ਮਾਨ, ਮਨਤਾਰ ਸਿੰਘ ਬਰਾੜ, ਗਗਨਜੀਤ ਸਿੰਘ ਬਰਾੜ, ਹਰਜੀਤ ਸਿੰਘ ਵਿਰੁਧ ਆਈ ਪੀ ਸੀ ਦੀ ਧਾਰਾ 307, 323, 341, 348, 349 ਅਤੇ ਆਰਮਜ਼ ਐਕਟ ਦੀ ਧਾਰਾ 27-29-59 ਦੇ ਤਹਿਤ ਕੋਟਕਪੂਰਾ ਸਿਟੀ ਥਾਣੇ ਵਿਚ ਐਫ ਆਈ ਆਰ ਦਰਜ ਹੋ ਚੁਕੀ ਹੈ। ਹੁਣ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਹਨਾਂ ਦੋਸ਼ੀਆਂ ਵਿਰੁਧ ਮੁਕੱਦਮੇ ਚਲਾ ਕੇ ਇਹਨਾਂ ਨੂੰ ਬਣਦੀ ਸਜ਼ਾ ਦਿਵਾਏ। ਤਾਂ ਜੋ ਪੰਜਾਬ ਦੇ ਲੋਕਾਂ ਨੂੰ ਇਨਸਾਫ ਤੇ ਸਿੱਖ ਹਿਰਦਿਆਂ ਨੂੰ ਸ਼ਾਂਤੀ ਮਿਲ ਸਕੇ। ਜੇ ਹੁਣ ਇਹ ਇਨਸਾਫ ਨਾ ਕੀਤਾ ਗਿਆ ਤਾਂ ਇਸਦਾ ਪ੍ਰਭਾਵ ਵੀ 1978 ਦੇ ਖ਼ੂਨੀ ਸਾਕੇ ਵਾਲਾ ਹੀ ਪਵੇਗਾ, ਕਿ ਸਿੱਖਾਂ ਨੂੰ ਇਸ ਦੇਸ ਵਿਚ ਕਦੇ ਇਨਸਾਫ ਨਹੀਂ ਮਿਲ ਸਕਦਾ।

## ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਸਲੇ ਲਈ ਕੌਣ ਜ਼ਿੰਮੇਵਾਰ ?

ਬਣਾਏ ਜਸਟਿਸ ਰਣਜੀਤ ਸਿੰਘ ਕਮਿਸ਼ਨ, ਦੋਵਾਂ ਨੇ ਹੀ ਪੁਲਿਸ ਨੂੰ ਇਸ ਘਟਨਾ ਲਈ ਜ਼ਿੰਮੇਵਾਰ ਦੱਸਿਆ ਹੈ। ਘਟਨਾ ਦੀ ਐਫਆਈਆਰ ਮੁਤਾਬਕ ਬਾਦਲ ਸਰਕਾਰ ਉਨ੍ਹਾਂ ਪੁਲਿਸ ਅਧਿਕਾਰੀਆਂ ਦੇ ਨਾਵਾਂ ਦੀ ਪਛਾਣ ਨਹੀਂ ਕਰ ਸਕੀ ਜਿਨ੍ਹਾਂ ਨੇ ਫਾਇਰਿੰਗ ਕੀਤੀ ਸੀ।

**ਭਾਜਪਾ ਵੀ ਦੋਸ਼ੀ :** ਇਹ ਤਰਕ ਬਾਦਲ ਰਾਜ ਨੂੰ ਦੋਸ਼ੀ ਸਿਧ ਕਰਦੇ ਹਨ। ਭਾਜਪਾ ਇਸ ਲਈ ਦੋਸ਼ੀ ਹੈ, ਕਿਉਂਕਿ ਉਹ ਇਸ ਗਠਜੋੜ ਦਾ ਹਿੱਸਾ ਹੈ। ਉਸ ਨੇ ਇਸ ਬਾਰੇ ਮਨੁੱਖੀ ਅਧਿਕਾਰਾਂ ਦੇ ਦ੍ਰਿਸਟੀਕੋਣ ਤੋਂ ਇਮਾਨਦਾਰੀ ਵਾਲੀ ਭੂਮਿਕਾ ਨਹੀਂ ਨਿਭਾਈ। ਉਹ ਇਸ ਮਾਮਲੇ ਵਿਚ ਚੁੱਪ ਹੈ। ਇਸ ਸਾਰੇ ਸਾਜ਼ਿਸ਼ੀ ਵਰਤਾਰੇ ਉਪਰ ਵੀ ਉਹ ਤਾਕਤਾਂ ਹਨ, ਜੋ ਸਿਸਟਮ ਚਲਾ ਰਹੀਆਂ ਹਨ, ਜੋ ਹਿੰਦੂ ਰਾਸ਼ਟਰਵਾਦ ਦੇ ਨਾਅਰੇ ਲਗਾ ਰਹੀਆਂ ਹਨ, ਜਿਹਨਾਂ ਨੂੰ ਭਾਰਤ ਦੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਅੰਬੇਡਕਰ ਨੇ ਮਨੂਵਾਦੀ ਆਖਿਆ ਸੀ। ਉਹਨਾਂ ਸੁਚੇਤ ਕੀਤਾ ਸੀ ਕਿ ਇਹ ਭਾਰਤੀ ਸਮਾਜ ਦੇ ਲਈ ਖਤਰਨਾਕ ਤਾਕਤਾਂ ਹਨ, ਜੋ ਭਾਰਤੀ ਸਮਾਜ ਨੂੰ ਇਕੱਠਾ ਨਹੀਂ ਹੋਣ ਦੇਣਾ ਚਾਹੁੰਦੀਆਂ, ਕਿਉਂਕਿ ਇਨ੍ਹਾਂ ਦਾ ਆਧਾਰ ਮਨੂਵਾਦ, ਨਫ਼ਰਤ ਤੇ ਵਰਨਵੰਡ ਸਮਾਜ ਹੈ। ਇਸੇ ਲਈ ਉਹ ਕਹਿੰਦੇ ਹਨ ਕਿ ਤੁਹਾਨੂੰ ਉਥੇ ਖੜਨਾ ਪਵੇਗਾ, ਜਿੱਥੇ ਗੁਰੂ ਨਾਨਕ ਸਾਹਿਬ ਖਲੌਤੇ ਸਨ, ਜਿੱਥੇ ਮਹਾਤਮਾ ਬੁੱਧ ਖਲੌਤੇ ਸਨ ਤੇ ਜਿੱਥੇ ਸੰਤ ਕਬੀਰ ਖਲੌਤੇ ਸਨ। ਉਹਨਾਂ ਦਾ ਇਹ ਵਿਚਾਰ ਅੱਜ ਵੀ ਸਾਡੇ ਸਮਾਜ ਤੇ ਪੰਜਾਬ ਦੇ ਲਈ ਪ੍ਰਸੰਗਿਕ ਹੈ।

ਗ੍ਰੰਥ ਸਾਹਿਬ ਦਾ ਵਿਰੋਧੀ ਕੌਣ : ਮਨੂਵਾਦੀ ਸਿਸਟਮ ਦਾ ਗੁਰੂ ਗਰੰਥ ਸਾਹਿਬ ਨਾਲ ਵਿਰੋਧ ਹੈ, ਕਿਉਂਕਿ ਉਹ ਬਰਾਬਰੀ ਦਾ ਸਮਾਜ ਸਿਰਜਣ ਦੀ ਸੰਭਾਵਨਾ ਬਣਾਉਂਦਾ ਹੈ ਤੇ ਮਨੂਵਾਦੀ ਸਿਸਟਮ ਦੀ ਧਾਰਨਾ ਸਮਾਜ ਵੰਡ ਕੇ ਸਿਆਸਤ ਕਰਨਾ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਦਾ ਫਲਸਫਾ ਮਨੂਵਾਦੀ ਸਿਸਟਮ ਨੂੰ ਰਾਸ ਨਹੀਂ ਆ ਸਕਦਾ, ਇਸੇ ਲਈ ਇਹ ਬੇਅਦਬੀ ਦੀ ਸਿਆਸਤ ਖੇਡੀ ਜਾ ਰਹੀ ਹੈ। ਇਸੇ ਕਰਕੇ ਪੰਜਾਬ ਦਾ ਅਮਨ ਤਬਾਹ ਕਰਨ ਦੀਆਂ ਕੋਸ਼ਿਸਾਂ ਜਾਰੀ ਹਨ। ਸੁਖਬੀਰ ਸਿੰਘ ਬਾਦਲ ਪ੍ਰਧਾਨ ਸ੍ਰੋਮਣੀ ਅਕਾਲੀ ਦਲ ਇਸ ਸੰਵੇਦਨਸ਼ੀਲ ਮਸਲੇ ਨੂੰ ਸਮਝ ਨਹੀਂ ਰਹੇ ਤੇ ਉਹ ਸਿੱਖ ਸੋਚ ਦੇ ਵਿਰੋਧ ਵਿਚ ਹੀ ਹਾਲੇ ਤੱਕ ਸਿਆਸਤ ਖੇਡ ਰਹੇ ਹਨ। ਅਸਲ ਵਿਚ ਉਹਨਾਂ ਨੂੰ ਸਿੱਖ ਪੰਥ ਦੇ ਨਾਲ ਸੰਵਾਦ ਰਚਾਉਣਾ ਚਾਹੀਦਾ ਸੀ ਤੇ ਜੋ ਗਲਤੀਆਂ ਹੋਈਆਂ, ਉਸ ਦੀ ਮਾਫੀ ਮੰਗਣੀ ਚਾਹੀਦੀ ਸੀ ਤੇ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਦੀ ਖੁਦਮੁਖਤਿਆਰੀ ਵਲ ਵਧਣਾ ਚਾਹੀਦਾ ਸੀ। ਪਰ ਬਾਦਲ ਦਲ ਦੇ ਮਹਾਂਰਥੀ ਕਾਂਗਰਸ ਤੇ ਮਨੂਵਾਦੀ ਧਿਰਾਂ ਦੇ ਸਿੱਖ ਨਸਲਕੁਸ਼ੀ ਦੌਰ ਵਾਲੇ ਪੈਂਤੜੇ ਨੂੰ ਅਪਨਾ ਰਹੇ ਹਨ ਅਤੇ ਬੇਅਦਬੀ ਵਿਰੁਧ ਬੋਲਣ ਵਾਲੇ ਸਿੱਖਾਂ ਤੇ ਖਾਲਿਸਤਾਨੀਆਂ ਨੂੰ ਆਈਐਸ ਦੇ ਏਜੰਟ ਦਸ ਰਹੇ ਹਨ। ਇਹ ਸਿਆਸਤ ਕਾਂਗਰਸ ਨੂੰ ਵਾਰਾ ਖਾ ਸਕਦੀ ਹੈ, ਪਰ ਸ਼੍ਰੋਮਣੀ ਅਕਾਲੀ ਦਲ ਨੂੰ ਨਹੀਂ। ਜੇ ਸ਼੍ਰੋਮਣੀ ਅਕਾਲੀ ਦਲ ਵਾਲੇ ਰਾਸ਼ਟਰਵਾਦੀ ਸਿੱਖ ਬਣਨ ਦੀ ਕੋਸ਼ਿਸ਼ ਕਰਨਗੇ ਤਾਂ ਉਨ੍ਹਾਂ ਦੀ ਪੰਜਾਬ ਤੇ ਪੰਥਕ ਸਿਆਸਤ ਵਿਚ ਕੋਈ ਥਾਂ ਨਹੀਂ ਹੋਵੇਗੀ।

ਬਰਗਾੜੀ ਮੋਰਚਾ ਕੈਪਟਨ ਸਰਕਾਰ ਤੋਂ ਨਿਰਾਸ਼ : ਪੰਥਕ ਮੰਗਾਂ ਨੂੰ ਲੈ ਕੇ ਸਰਬੱਤ ਖ਼ਾਲਸਾ ਵਲੋਂ ਥਾਪੇ ਮੁਤਵਾਜ਼ੀ ਜਥੇਦਾਰਾਂ ਤੇ ਕੁਝ ਪੰਥਕ ਸੰਗਠਨਾਂ ਵਲੋਂ ਪਹਿਲੀ ਜੂਨ ਤੋਂ ਬਰਗਾੜੀ ਵਿਖੇ ਚੱਲ ਰਹੇ ਇਨਸਾਫ਼ ਮੋਰਚੇ ਦੇ ਆਗੂਆਂ ਦੀ ਕੈਪਟਨ ਸਰਕਾਰ ਨਾਲ ਚੱਲ ਰਹੀ ਗੱਲਬਾਤ ਵਿਚ ਇਕ ਵਾਰ ਖੜੋਤ ਆ ਗਈ ਹੈ ਤੇ ਮੋਰਚੇ ਵਿਚ ਹੋਣ ਵਾਲੇ ਇਕੱਠ ਵਿਚ ਆਗੂਆਂ ਵਲੋਂ ਸਰਕਾਰ ਦੀ ਦਬਵੀਂ ਸੁਰ ਨਾਲ ਆਲੋਚਨਾ ਵੀ ਸ਼ੁਰੂ ਕਰ ਦਿੱਤੀ ਹੈ ਕਿ ਕੈਪਟਨ ਪੰਥ ਦੇ ਨਾਲ ਗੁਰੂ ਗ੍ਰੰਥ ਸਾਹਿਬ ਦੇ ਮਾਮਲੇ ਬਾਰੇ ਇਨਸਾਫ਼ ਨਹੀਂ ਕਰ ਰਿਹਾ ਤੇ ਉਹ ਦੋਸ਼ੀਆਂ ਤੇ ਬਾਦਲਾਂ ਨੂੰ ਬਚਾ ਰਿਹਾ ਹੈ।

ਕੀ ਹੋਵੇ ਪੰਥਕ ਏਜੰਡਾ : ਵੱਡੀ ਗੱਲ ਇਹ ਹੈ ਕਿ ਖਾਲਸਾ ਪੰਥ ਨੂੰ ਹੁਣ ਬਾਦਲ ਦਲ ਨਾਲ ਸਿੱਧੇ ਤੇ ਹਿੰਸਕ ਟਕਰਾਅ ਤੋਂ ਖਾਲਸਾ ਪੰਥ ਨੂੰ ਬਚਣਾ ਚਾਹੀਦਾ ਹੈ। ਇਸ ਦੀ ਥਾਂ 'ਤੇ ਜਮਹੂਰੀ ਢੰਗ ਨਾਲ ਪੰਥਕ ਮੰਚਾਂ ਤੇ ਮੀਡੀਏ ਸ਼ੋਸ਼ਲ ਮੀਡੀਏ ਰਾਹੀਂ ਆਪਣੀ ਲਹਿਰ ਬੁਲੰਦ ਕਰਨੀ ਚਾਹੀਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਪਿੱਛੇ ਦੁਸ਼ਮਣਾਂ ਦੀ ਸੋਚ ਹੀ ਇਹੀ ਹੈ ਕਿ ਪੰਜਾਬ ਦਾ ਮਾਹੌਲ ਖਰਾਬ ਕੀਤਾ ਜਾਵੇ ਤੇ ਸਿੱਖਾਂ ਨੂੰ ਭੜਕਾਹਟ ਵਿਚ ਲਿਜਾ ਕੇ ਪਹਿਲਾਂ ਦੀ ਤਰ੍ਹਾਂ ਹਿੰਸਕ ਮਾਹੌਲ ਸਿਰਜਿਆ ਜਾਵੇ। ਇਸ ਤੋਂ ਪੰਥਕ ਹਲਕਿਆਂ ਨੂੰ ਬਚਣ ਦੀ ਲੋੜ ਹੈ, ਕਿਉਂਕਿ ਪੰਜਾਬ ਸੰਤਾਪ ਦੇ ਦਿਨਾਂ ਦੌਰਾਨ ਸਿੱਖ ਕੌਮ ਦਾ ਵੱਡਾ ਜਾਨੀ, ਰਾਜਨੀਤਕ, ਧਾਰਮਿਕ ਅਤੇ ਆਰਥਿਕ ਨੁਕਸਾਨ ਹੋ ਚੁੱਕਾ ਹੈ ਤੇ ਅੱਜ ਪੰਜਾਬ ਬਰਬਾਦੀ ਦੇ ਦੌਰ ਵਲ ਹੈ। ਇਸ ਸੰਬੰਧ ਵਿਚ ਪੰਜਾਬੀ ਕੌਮ ਸਿਰਜਦਿਆਂ ਸਿੱਖ ਪੰਥ ਨੂੰ ਰਾਜਨੀਤਕ ਅਗਵਾਈ ਕਰਨ ਦੀ ਲੋੜ ਹੈ, ਜਿਸ ਦੀ ਦਿਸ਼ਾ ਸਾਨੂੰ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਤੇ ਸ਼ੇਰੇ ਪੰਜਾਬ ਦੇ ਰਾਜਨੀਤਕ ਮਾਡਲ ਤੋਂ ਮਿਲਦੀ ਹੈ। ਇਸ ਦੇ ਨਾਲ ਹੀ ਸਰਕਾਰ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੇ ਲਈ ਜਮਹੂਰੀ ਢੰਗ ਨਾਲ ਦਬਾਅ ਬਣਾਇਆ ਜਾਣਾ ਚਾਹੀਦਾ ਹੈ। ਜੇਕਰ ਅਸੀਂ ਆਪਣੀ ਸਿਆਸੀ ਸ਼ਕਤੀ ਮਜ਼ਬੂਤ ਕਰਾਂਗੇ ਤਾਂ ਹੀ ਅਸੀਂ ਪੰਜਾਬ ਨੂੰ ਬਚਾ ਸਕਾਂਗੇ ਤੇ ਇਨਸਾਫ਼ ਵਲ ਵਧ ਸਕਾਂਗੇ। ਸਾਨੂੰ ਇਸ ਸੰਬੰਧ ਵਿਚ ਬਹੁਜਨ ਸਮਾਜ ਨਾਲ ਸੰਵਾਦ ਰਚਾ ਕੇ ਆਪਣੀ ਸਾਮਾਜਿਕ ਤੇ ਰਾਜਨੀਤਕ ਮਜ਼ਬੂਤੀ ਸਿਰਜਣੀ ਚਾਹੀਦੀ ਹੈ। ਜਦੋਂ ਇਸ ਵਲ ਵਧਾਂਗੇ ਤਾਂ ਹੀ ਪੰਜਾਬ ਦੇ ਦੁਸ਼ਮਣ ਕਮਜ਼ੋਰ ਪੈਣਗੇ ਤੇ ਪੰਜਾਬ ਅਸ਼ਾਂਤ ਹੋਣ ਤੋਂ ਬਚ ਸਕੇਗਾ।

ਸਾਨੂੰ ਧਾਰਮਿਕ ਤੌਰ 'ਤੇ ਗਰੀਬ ਅਤੇ ਲੋੜਵੰਦ ਲੋਕਾਂ ਦੇ ਭਵਿੱਖ ਨੂੰ ਸੰਵਾਰਨ ਲਈ ਆਪਣੇ ਵਲੋਂ ਕੋਈ ਹਾਂ ਪੱਖੀ ਰੋਲ ਅਦਾ ਕਰਨਾ ਪਵੇਗਾ ਤਾਂ ਹੀ ਸਾਡੀ ਪੰਜਾਬ ਵਿਚ ਅਗਾਂਹਵਧੂ ਭੂਮਿਕਾ ਚਮਕ ਸਕੇਗੀ, ਜਿਸ ਵਿਚੋਂ ਸਾਡੀ ਸਿਆਸਤ ਉਭਰ ਸਕੇਗੀ।

## ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਸਲਾ ਵਿਧਾਨ ਸਭਾ 'ਚ ਬਹਿਸ ਤੇ ਕੈਪਟਨ ਸਰਕਾਰ

ਕੇ ਜਿਸ ਨੇ ਸਿੱਖਾਂ ਦੀਆਂ ਧੀਆਂ-ਭੈਣਾਂ ਨਾਲ ਬਲਾਤਕਾਰ ਕਰਵਾਇਆ। ਗਿੱਲ ਨੇ ਇਹ ਵੀ ਕਿਹਾ ਕਿ ਅਕਾਲੀ ਦਲ ਦੇ ਸੰਵਿਧਾਨ ਮੁਤਾਬਕ ਅਕਾਲੀ ਦਲ ਦਾ ਪ੍ਰਧਾਨ ਤਿੰਨ ਸਾਲ ਤੋਂ ਵੱਧ ਨਹੀਂ ਰਹਿ ਸਕਦਾ ਤੇ ਪ੍ਰਧਾਨ ਦਾ ਅੰਮ੍ਰਿਤਧਾਰੀ ਹੋਣਾ ਲਾਜ਼ਮੀ ਹੈ। ਪਰ ਸੁਖਬੀਰ ਬਾਦਲ ਅੰਮ੍ਰਿਤਧਾਰੀ ਵੀ ਨਹੀਂ ਹੈ। ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਸਦਨ ਵਿਚ ਸਿੱਖਾਂ ਦੇ ਕਾਤਲ ਤਤਕਾਲੀ ਡੀਜੀਪੀ ਸੁਮੇਧ ਸੈਣੀ 'ਤੇ ਹਮਲਾ ਕਰਦੇ ਹੋਏ ਕਿਹਾ ਕਿ ਇਸ ਨੇ ਰੋਪੜ ਤੋਂ ਐਡਵੋਕੇਟ ਕੁਲਵੰਤ ਸਿੰਘ, ਪਤਨੀ ਤੇ ਚਾਰ ਮਹੀਨੇ ਦੇ ਬੱਚੇ ਸਮੇਤ ਚੁੱਕਿਆ, ਬਲਵਿੰਦਰ ਸਿੰਘ ਜਟਾਣਾ ਦੇ ਪਰਿਵਾਰ ਨੂੰ ਜਿੰਦਾ ਸਾੜ ਦਿੱਤਾ, ਲੁਧਿਆਣਾ ਦੇ ਸੈਣੀ ਪਰਿਵਾਰ ਨਾਲ ਜੋ ਹੋਈ, ਉਹ ਕਿਸੇ ਨਾਲ ਨਾ ਹੋਵੇ। ਸੈਣੀ 'ਤੇ ਵਰ੍ਹਦਿਆਂ ਕਿਹਾ ਕਿ ਕੁਰਸੀ 'ਤੇ ਬੈਠ ਕੇ ਇਸ ਨੇ ਆਪਣੇ ਬੁੱਚੜ ਪੁਲਸੀਆਂ ਤੋਂ ਖਾੜਕੂ ਸਿੰਘਾਂ ਦੀਆਂ ਔਰਤਾਂ ਨਾਲ ਰੇਪ ਕਰਵਾਏ। ਅਜਿਹੇ ਵਿਵਾਦਤ ਅਧਿਕਾਰੀ ਨੂੰ ਪੰਥਕ ਸਰਕਾਰ ਨੇ ਡੀਜੀਪੀ ਲਾਇਆ ਸੀ। ਜਸਟਿਸ (ਸੇਵਾਮੁਕਤ) ਰਣਜੀਤ ਸਿੰਘ ਵੱਲੋਂ ਪੇਸ਼ ਕੀਤੀ ਪਹਿਲੀ ਰਿਪੋਰਟ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਭੂਮਿਕਾ ਦਾ ਜ਼ਿਕਰ ਕਰਦਿਆਂ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨਾਲ ਮੁੰਬਈ ਵਿੱਚ ਫਿਲਮ ਅਦਾਕਾਰ ਅਕਸ਼ੇ ਕੁਮਾਰ ਨਾਲ ਮੀਟਿੰਗ ਦਾ ਹਵਾਲਾ ਦਿੱਤਾ ਗਿਆ ਹੈ। ਮੀਟਿੰਗ ਵਿੱਚ ਡੇਰਾ ਮੁਖੀ ਦੀ ਫਿਲਮ ਚਲਾਉਣ ਬਾਰੇ ਸਮਝੌਤਾ ਹੋਣ ਦੀ ਗੱਲ ਕਹੀ ਗਈ ਹੈ। ਸਰਕਾਰ ਅਤੇ ਅਕਾਲੀ ਦਲ ਦੀ ਡੇਰਾ ਸਿਰਸਾ ਨਾਲ ਪੂਰੀ ਤਰ੍ਹਾਂ ਗੰਢ-ਤੁੱਪ ਹੋਣ ਦੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਹੈ ਕਿ ਡੇਰਾ ਮੁਖੀ ਤੋਂ ਕੇਸ ਵੀ ਵਾਪਸ ਲਏ ਜਾਣੇ ਸਨ ਤੇ ਸ੍ਰੀ ਅਕਾਲ ਤਖ਼ਤ ਤੋਂ ਮੁਆਫ਼ੀ ਵੀ ਦਿਵਾ ਦਿੱਤੀ ਗਈ ਸੀ। ਸਰਕਾਰ ਵੱਲੋਂ ਡੇਰਾ ਪ੍ਰੇਮੀਆਂ ਖਿਲਾਫ਼ ਸਬੂਤ ਹੋਣ ਦੇ ਬਾਵਜੂਦ ਨਰਮੀ ਵਰਤੀ ਜਾਂਦੀ ਸੀ ਅਤੇ ਸਿੱਖਾਂ ਖਿਲਾਫ਼ ਪਰਚੇ ਦਰਜ ਕਰ ਦਿੱਤੇ ਜਾਂਦੇ ਸਨ। ਪੜਤਾਲੀਆ ਕਮਿਸ਼ਨ ਨੇ ਬਾਦਲਾਂ ਦੇ ਰਾਜ ਵਿੱਚ ਸਰਕਾਰੀ ਤੰਤਰ ਇੱਕ ਤਰ੍ਹਾਂ ਨਾਲ ਫੇਲ੍ਹ ਹੋਣ ਦਾ ਹੀ ਜ਼ਿਕਰ ਕੀਤਾ ਹੈ। ਫ਼ਰੀਦਕੋਟ ਦੇ ਤਤਕਾਲੀ ਡਿਪਟੀ ਕਮਿਸ਼ਨਰ ਵੱਲੋਂ ਉਸ ਸਮੇਂ ਦੇ ਮੁੱਖ ਸਕੱਤਰ ਸਰਵੇਸ਼ ਕੌਸ਼ਲ ਨੂੰ ਕੀਤੇ 23 ਐਸਐਮਐਸ ਦਾ ਜ਼ਿਕਰ ਕਰਦਿਆਂ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਸੀਨੀਅਰ ਅਧਿਕਾਰੀ ਨੇ ਡਿਪਟੀ ਕਮਿਸ਼ਨਰ ਨੂੰ ਕੋਈ ਤਸੱਲੀਬਖ਼ਸ਼ ਜਵਾਬ ਹੀ ਨਹੀਂ ਦਿੱਤਾ। ਥਾਣਾ ਮੁਖੀ ਤੋਂ ਲੈ ਕੇ ਡੀਜੀਪੀ ਤੱਕ ਦੀ ਭੂਮਿਕਾ 'ਤੇ ਸਵਾਲ ਖੜ੍ਹੇ ਕੀਤੇ ਗਏ ਹਨ ਕਿ ਕਿਵੇਂ ਇਨ੍ਹਾਂ ਸੰਵੇਦਨਸ਼ੀਲ ਘਟਨਾਵਾਂ ਨੂੰ ਅਣਗਹਿਲੀ ਨਾਲ ਨਜਿੱਠਿਆ ਗਿਆ।

ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ, ਵਧੀਕ ਡੀਜੀਪੀ ਰੋਹਿਤ ਚੌਧਰੀ, ਵਧੀਕ ਡੀਜੀਪੀ ਇਕਬਾਲ ਪ੍ਰੀਤ ਸਿੰਘ ਸਹੋਤਾ, ਵਧੀਕ ਡੀਜੀਪੀ ਜਤਿੰਦਰ ਜੈਨ, ਆਈਜੀ ਪਰਮਰਾਜ ਸਿੰਘ ਉਮਰਾਨੰਗਲ, ਆਈਜੀ ਅਮਰ ਸਿੰਘ, ਐਮ ਐਸ ਛੀਨਾ, ਸਾਬਕਾ ਐਸਐਸਪੀ ਚਰਨਜੀਤ ਸ਼ਰਮਾ, ਰਘਬੀਰ ਸਿੰਘ ਸਾਬਕਾ ਐਸਐਸਪੀ ਮਾਨਸਾ, ਹਰਦਿਆਲ ਸਿੰਘ ਮਾਨ ਸਾਬਕਾ ਐਸਐਸਪੀ ਫਿਰੋਜ਼ਪੁਰ, ਐਸ ਐਸ ਮਾਨ ਸਾਬਕਾ ਐਸਐਸਪੀ ਫ਼ਰੀਦਕੋਟ, ਬਲਜੀਤ ਸਿੰਘ ਸਿੱਧੂ ਸਾਬਕਾ ਡੀਐਸਪੀ ਕੋਟਕਪੂਰਾ, ਜਗਦੀਸ਼ ਬਿਸ਼ਨੋਈ ਤਤਕਾਲੀ ਡੀਐਸਪੀ ਅਤੇ ਬਿਕਰਮਜੀਤ ਸਿੰਘ ਤਤਕਾਲੀ ਐਸਪੀ ਦਾ ਨਾਮ ਸ਼ਾਮਲ ਹਨ। ਚਰਨਜੀਤ ਸ਼ਰਮਾ ਸਾਬਕਾ ਐਸਐਸਪੀ, ਬਿਕਰਮਜੀਤ ਸਿੰਘ ਸਾਬਕਾ ਐਸਪੀ, ਪ੍ਰਦੀਪ ਕੁਮਾਰ ਇੰਸਪੈਕਟਰ, ਅਮਰਜੀਤ ਸਿੰਘ ਸਬ ਇੰਸਪੈਕਟਰ ਉਤੇ ਐਕਸ਼ਨ ਲਿਆ ਜਾ ਰਿਹਾ ਹੈ।

ਸਮੁੱਚੇ ਤੌਰ 'ਤੇ ਕਹਿਣਾ ਬਣਦਾ ਹੈ ਕਿ ਬਾਦਲਾਂ ਨੇ ਸ਼੍ਰੋਮਣੀ ਅਕਾਲੀ ਦਲ ਦਾ ਭਵਿੱਖ ਆਪਣੀ ਨਿੱਜੀ ਸਿਆਸਤ ਕਾਰਨ ਡੇਰਿਆਂ ਮਗਰ ਲੱਗ ਕੇ ਤਬਾਹ ਕਰ ਲਿਆ ਹੈ। ਉਨ੍ਹਾਂ ਦਾ ਮੁੱਖ ਆਧਾਰ ਸਿੱਖ ਪੰਥ ਹੈ। ਉਹੀ ਇਨ੍ਹਾਂ ਤੋਂ ਨਰਾਜ਼ ਤੇ ਨਿਰਾਸ਼ ਹੋ ਗਿਆ ਹੈ। ਹੁਣ ਨਹੀਂ ਜਾਪਦਾ ਕਿ ਬਾਦਲ ਦਲ ਸਿੱਖ ਪੰਥ ਵਿਚ ਆਪਣੀ ਥਾਂ ਬਣਾ ਸਕੇਗਾ। ਪਰ ਕੈਪਟਨ ਸਰਕਾਰ ਨੇ ਵੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਜਿਨ੍ਹਾਂ ਦੇ ਨਾਮ ਕਮਿਸ਼ਨ ਦੀ ਰਿਪੋਰਟ ਵਿਚ ਸਨ, ਉਨ੍ਹਾਂ ਉੱਪਰ ਕੇਸ ਦਰਜ ਕੀਤੇ ਹਨ, ਸਗੋਂ ਇਸ ਮੱਸਲੇ ਨੂੰ ਵਿਸ਼ੇਸ਼ ਪੁਲੀਸ ਦੇ ਹਵਾਲੇ ਕਰਕੇ ਕੇਸ ਨੂੰ ਲੰਬਾ ਪਾ ਦਿੱਤਾ ਹੈ। ਇਹ ਸਿਆਸਤ ਬੰਦ ਹੋਣੀ ਚਾਹੀਦੀ ਹੈ, ਪਹਿਲਾਂ ਦੋਸ਼ੀਆਂ ਉੱਤੇ ਕੇਸ ਦਰਜ ਹੋਣੇ ਚਾਹੀਦੇ ਹਨ, ਫਿਰ ਇਹ ਪੜਤਾਲ ਹੋਣੀ ਚਾਹੀਦੀ ਸੀ। ਭਾਵੇਂ ਕੁਝ ਹੋਵੇ ਸਾਰਾ ਦੋਸ਼ ਬਾਦਲਾਂ 'ਤੇ ਹੀ ਆਵੇਗਾ, ਕਿਉਂਕਿ ਰਾਜ ਤਾਂ ਉਨ੍ਹਾਂ ਦਾ ਸੀ। ਸਿੱਖਾਂ ਨੂੰ ਆਪਣਾ ਗੁਰੂ ਗ੍ਰੰਥ ਸਾਹਿਬ ਪਿਆਰਾ ਹੈ, ਕੋਈ ਵਿਅਕਤੀ ਨਹੀਂ। ਇਸ ਦੇ ਸਿੱਟੇ ਤਾਂ ਸਿਆਸਤਦਾਨਾਂ ਨੂੰ ਭੋਗਣੇ ਹੀ ਪੈਣਗੇ, ਜਿਨ੍ਹਾਂ ਨੇ ਗੁਰੂਆਂ ਨੂੰ ਨਹੀਂ ਬਖਸ਼ਿਆ, ਸਿੱਟੇ ਤੇ ਉਨ੍ਹਾਂ ਨੂੰ ਵੀ ਭੁਗਤਣੇ ਪੈਣਗੇ ਜੋ ਇਸ ਮਸਲੇ ਉੱਤੇ ਸਿੱਖਾਂ ਨਾਲ ਇਨਸਾਫ਼ ਨਹੀਂ ਕਰਨਗੇ। ਸਭ ਐਮ ਐਲ ਏ ਸਾਹਿਬਾਨ ਨੂੰ ਸ਼ਾਬਾਸ਼ੀ ਦੇਣੀ ਬਣਦੀ ਹੈ ਕਿ ਜਿਨ੍ਹਾਂ ਨੇ ਵਿਧਾਨ ਸਭਾ ਵਿਚ ਇਕਸੁਰ ਹੋ ਕੇ ਇਨਸਾਫ਼ ਲਈ ਅਹਿਮ ਰੋਲ ਅਦਾ ਕੀਤਾ ਤੇ ਖਾਲਸਾ ਪੰਥ ਦੇ ਹਿੱਤ ਵਿਚ ਆਏ।

## ਸਾਊਦੀ ਅਰਬ ਦੀ ਜੇਲ੍ਹ 'ਚ ਬੰਦ 5 ਨੌਜਵਾਨਾਂ ਦੀ ਸੋਸ਼ਲ ਮੀਡੀਆ ਰਾਹੀਂ ਪੁਕਾਰ

ਜੇਲ੍ਹ ਵਿੱਚ ਹੈ ਅਤੇ ਕਮਲ ਮਨਜਿੰਦਰ ਸਿੰਘ ਇੱਕ ਮਹੀਨੇ ਤੋਂ ਕੈਦ ਹੈ।

ਕਮਲ ਮਨਜਿੰਦਰ ਸਿੰਘ ਦੇ ਪਿਤਾ ਬੁੱਧ ਸਿੰਘ ਨੇ ਦੱਸਿਆ ਕਿ ਇੱਕ ਸਾਲ ਪਹਿਲਾਂ ਕਮਲ ਗੁਰਦਾਸਪੁਰ ਦੇ ਇੱਕ ਏਜੰਟ ਨੂੰ ਦੋ ਲੱਖ ਰੁਪਏ ਦੇ ਕੇ ਸਾਊਦੀ ਅਰਬ ਗਿਆ ਸੀ। ਉਸਦਾ ਵਿਆਹ ਕਰੀਬ ਅੱਠ ਸਾਲ ਪਹਿਲਾਂ ਹੋਇਆ ਸੀ ਅਤੇ ਉਸਦੇ ਦੋ ਛੋਟੇ ਛੋਟੇ ਬੱਚੇ ਹਨ ਅਤੇ ਚਾਰ ਸਾਲ ਪਹਿਲਾਂ ਮਾਂ ਦੀ ਮੌਤ ਹੋ ਚੁੱਕੀ ਹੈ। ਏਜੰਟ ਨੇ ਉਸਨੂੰ ਇੱਕ ਕੰਪਨੀ ਵਿੱਚ ਬਤੌਰ ਡਰਾਈਵਰ ਰਖਵਾਉਣ ਦੀ ਗੱਲ ਕਹੀ ਸੀ। ਕਰੀਬ ਇੱਕ ਮਹੀਨਾ ਪਹਿਲਾਂ ਕਮਲ ਨੇ ਫੋਨ ਕਰਕੇ ਦੱਸਿਆ ਸੀ ਕਿ ਉਹ ਸਾਊਦੀ ਅਰਬ ਦੀ ਇੱਕ ਜੇਲ੍ਹ ਵਿੱਚ ਹੈ। ਜਿਸ ਕੰਪਨੀ ਕੋਲ ਉਹ ਕੰਮ ਕਰਦਾ ਸੀ ਉਹ ਉਸ ਨੂੰ ਨਾ ਤਾਂ ਤਨਖਾਹ ਦੇਂਦੀ ਸੀ ਅਤੇ ਨਾ ਰੋਟੀ ਪਾਣੀ ਲਈ ਕੋਈ ਪੈਸਾ। ਕਿਸੇ ਤਰ੍ਹਾਂ ਉਹ ਹੋਰਨਾਂ ਤੋਂ ਪੈਸੇ ਲੈ ਕੇ ਰੋਟੀ ਦਾ ਗੁਜ਼ਾਰਾ ਕਰਦਾ ਰਿਹਾ। ਜਦ ਵਾਰ ਵਾਰ ਉਸ ਨੇ ਕੰਪਨੀ ਪ੍ਰਬੰਧਕਾਂ ਤੋਂ ਤਨਖ਼ਾਹ ਮੰਗੀ ਤਾਂ ਉਸਦਾ ਡਰਾਈਵਿੰਗ ਲਾਈਸੈਂਸ ਖੋਹ ਲਿਆ ਗਿਆ ਅਤੇ ਉਸ ਨੂੰ ਜੇਲ੍ਹ 'ਚ ਭੇਜ ਦਿੱਤਾ ਗਿਆ। ਇਸ ਤੋਂ ਬਾਅਦ ਉਸ ਦੇ ਪਰਿਵਾਰ ਨੂੰ ਬੀਤੀ ਦੋ ਉਸ ਵੱਲੋਂ ਭੇਜੀ ਇੱਕ ਵੀਡਿਉ ਮਿਲੀ ਜਿਸ ਵਿਚ ਕਮਲ ਸਮੇਤ ਚਾਰ ਨੌਜਵਾਨਾਂ ਨੇ ਸਾਂਸਦ ਭਗਵੰਤ ਮਾਨ ਅਤੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਤੋ ਮੰਗ ਕੀਤੀ ਕਿ ਕਿ ਉਨ੍ਹਾਂ ਨੂੰ ਇਸ ਜੇਲ੍ਹ ਵੱਚੋਂ ਕੱਢਿਆ ਜਾਵੇ। ਕਮਲ ਦੇ ਪਿਤਾ ਬੁੱਧ ਸਿੰਘ ਨੇ ਦੱਸਿਆ ਕਿ ਉਨ੍ਹਾਂ ਭਗਵੰਤ ਮਾਨ ਨਾਲ ਫ਼ੋਨ 'ਤੇ ਗੱਲ ਕੀਤੀ ਹੈ ਅਤੇ ਭਗਵੰਤ ਮਾਨ ਨੇ ਕਮਲ ਦੀ ਰਿਹਾਈ ਲਈ ਉਸ ਨਾਲ ਸਬੰਧਤ ਕਾਗਜ਼ਾਤ ਮੰਗੇ ਹਨ।

## ਪਾਕਿਸਤਾਨ 'ਚ ਅਜੇ ਵੀ ਲਾਗੂ ਨਹੀਂ ਹੋ ਸਕਿਆ ਆਨੰਦ ਮੈਰਿਜ਼ ਐਕਟ

ਗਿਆ। ਪਾਕਿ 'ਚ ਰਹਿੰਦੇ ਕਿਸੇ ਵੀ ਸਿੱਖ ਕੋਲ ਆਪਣੇ ਵਿਆਹ ਦਾ ਸਰਕਾਰੀ ਸਰਟੀਫ਼ਿਕੇਟ ਮੌਜੂਦ ਨਹੀਂ ਹੈ ਤੇ ਉਨ੍ਹਾਂ ਨੂੰ ਵਿਆਹ ਦੇ ਸਰਟੀਫਿਕੇਟ ਵਜੋਂ ਪਿਸ਼ਾਵਰ ਦੇ ਗੁਰਦੁਆਰਾ ਭਾਈ ਜੋਗਾ ਸਿੰਘ ਵਲੋਂ ਗੁਰਮੁਖੀ 'ਚ ਤਿਆਰ ਕੀਤਾ ਨਿਕਾਹਨਾਮਾ ਦਿੱਤਾ ਜਾ ਰਿਹਾ ਹੈ, ਜਿਸ ਨੂੰ ਕਾਨੂੰਨੀ ਮਾਨਤਾ ਪ੍ਰਾਪਤ ਨਹੀਂ ਹੈ।

ਸਿੱਖ ਧਰਮ ਵਿਚ ਵਿਆਹ ਮੌਕੇ ਵੱਖਰੀ ਰੀਤ ਮੁਤਾਬਕ ਹੋਣ ਵਾਲੇ ਅਨੰਦ ਕਾਰਜਾਂ ਦੀ ਰਜਿਸਟਰੇਸ਼ਨ ਬਾਰੇ ਆਨੰਦ ਮੈਰਿਜ਼ ਐਕਟ ਸਿੱਖ ਭਾਈਚਾਰੇ ਦਾ ਇਕ ਮਹੱਤਵਪੂਰਨ ਮਾਮਲਾ ਹੈ। ਪਾਕਿਸਤਾਨ ਸਰਕਾਰ ਵਲੋਂ ਸਾਲ 2006 ਤੋਂ ਉੱਥੋਂ ਦੇ ਸਿੱਖ ਭਾਈਚਾਰੇ ਨੂੰ ਅਨੰਦ ਮੈਰਿਜ ਐਕਟ ਲਾਗੂ ਕੀਤੇ ਜਾਣ ਦਾ ਲਾਲੀਪੌਪ ਦੇ ਕੇ ਉਨ੍ਹਾਂ ਦੇ ਜਜ਼ਬਾਤ ਨਾਲ ਖੇਡਿਆ ਜਾ ਰਿਹਾ ਹੈ। ਪਾਕਿਸਤਾਨੀ ਪੰਜਾਬ 'ਚ ਸਿੱਖਾਂ ਦੀ ਆਬਾਦੀ ਇਸ ਸਮੇਂ ਸਿਰਫ਼ 6 ਹਜ਼ਾਰ ਦੇ ਲਗਪਗ ਹੈ ਜਦਕਿ ਸੂਬਾ ਖ਼ੈਬਰ ਪਖਤੂਨਖਵਾ ਵਿਚ ਸਿੱਖ ਭਾਈਚਾਰੇ ਦੀ ਆਬਾਦੀ 15 ਹਜ਼ਾਰ ਤੋਂ ਵਧੇਰੇ ਹੈ। ਮਿਲੀ ਜਾਣਕਾਰੀ ਅਨੁਸਾਰ ਹੁਣ ਸੂਬਾ ਪੰਜਾਬ ਅਸੈਂਬਲੀ ਤੇ ਖ਼ੈਬਰ ਪਖਤੂਨਖਵਾ ਅਸੈਂਬਲੀ ਵਲੋਂ ਅਨੰਦ ਕਾਰਜ ਬਿੱਲ ਨੂੰ ਪੱਕੇ ਹੱਥੀਂ ਲਾਗੂ ਕਰਵਾਉਣ ਦੀਆਂ ਤਿਆਰੀਆਂ ਇਕ ਵਾਰ ਫਿਰ ਤੋਂ ਆਰੰਭ ਕੀਤੀਆਂ ਜਾ ਰਹੀਆਂ ਹਨ। ਲਹਿੰਦੇ ਪੰਜਾਬ ਦੀ ਅਸੈਂਬਲੀ 'ਚ ਇਹ ਬਿੱਲ ਘੱਟ-ਗਿਣਤੀਆਂ ਲਈ ਰਾਖਵੀਂ ਸੀਟ ਤੋਂ ਚੁਣੇ ਗਏ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਨਵੇਂ ਬਣੇ ਐਮ.ਪੀ. ਏ. ਮਹਿੰਦਰਪਾਲ ਸਿੰਘ ਤੇ ਖ਼ੈਬਰ ਪਖਤੂਨਖਵਾ ਅਸੈਂਬਲੀ 'ਚ ਪੀਟੀਆਈ. ਦੇ ਰਵੀ ਕੁਮਾਰ ਤੇ ਜਮਾਤ ਉਲੇਮਾ-ਏ-ਇਸਲਾਮ (ਐਫ.) ਪਾਰਟੀ ਦੇ ਕੋਹਾਟ ਤੋਂ ਐਮ. ਪੀ. ਏ. ਰਣਜੀਤ ਸਿੰਘ ਵਲੋਂ ਪੇਸ਼ ਕੀਤਾ ਜਾ ਰਿਹਾ ਹੈ।

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.

Anthem BlueCross
2014 ACE INDIVIDUAL
CHAMPION LEVEL
KHALSA INSURANCE AGENCY

» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA™

Call Now for the
Lowest Health Insurance
Premiums available
Some Households
qualify for
FREE HEALTHCARE

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@singhsolar.com

SUNPREME
Premium Bifacial Thin Film Solar

# Frugal Logistics Inc.

FRUGAL Dedicated To Quality Service FL LOGISTICS



ਕਲਾਸ 'ਏ' ਡਰਾਈਵਰ ਅਤੇ ਓਨਰ ਅਪਰੇਟਰ ਦੀ ਜ਼ਰੂਰਤ ਹੈ

ਡਰਾਈਵਰ : 45 ਸੈਂਟ ਤੋਂ 52 ਸੈਂਟ ਪ੍ਰਤੀ ਮੀਲ ਦੇ ਹਿਸਾਬ ਨਾਲ ਕਮਾਓ + ਪਰਫਾਰਮੈਂਸ ਬੋਨਸ ਲਵੋ

ਓਨਰ ਅਪਰੇਟਰ ਸੋਲੋ ਅਤੇ ਟੀਮ : 30 ਲੋਡ ਪ੍ਰਤੀ ਹਫ਼ਤਾ ਮਿਡਵੈਸਟ/ਈਸਟ ਕੋਸਟ ਲਈ 2.10 ਡਾਲਰ ਤੋਂ 2.35 ਡਾਲਰ ਪ੍ਰਤੀ ਮੀਲ ਦੇ ਹਿਸਾਬ ਨਾਲ ਲਵੋ

ਮਾਹਰ ਅਤੇ ਤਜਰਬੇਕਾਰ ਡਰਾਈਵਰ

**1000* ਡਾਲਰ ਬੋਨਸ**

ਲੈਣ ਲਈ Sign In ਕਰੋ

*ਵਧੇਰੇ ਜਾਣਕਾਰੀ ਲਈ ਕਾਲ ਕਰੋ

ਫੋਨ : 209-827-6700 ਫੈਕਸ : 209-826-6855

Email: dispatch@frugallogistics.com



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

Raja™ SWEETS & CATERING® Presents
PARADISE BALLROOMS
banquet hall & event center



ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM